ਬੁੱਧਵਾਰ, 29 ਮਈ, 2024
16 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 359

# ਨਵਾਂ ਜ਼ਮਾਨਾ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • WEDNESDAY, 29 MAY, 2024 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਰੱਬ ਨੇ ਮੋਦੀ ਨੂੰ ਅਡਾਨੀ-ਅੰਬਾਨੀ ਦੀ ਹੀ ਸੇਵਾ ਲਈ ਘੱਲਿਆ : ਰਾਹੁਲ



**ਲਖਨਊ** : ਰਾਹੁਲ ਗਾਂਧੀ ਨੇ ਮੰਗਲਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪਰਮਾਤਮਾ ਨੇ ਅਡਾਨੀ ਤੇ ਅੰਬਾਨੀ ਵਰਗੇ ਸਨਅਤਕਾਰਾਂ ਦੀ ਮਦਦ ਕਰਨ ਲਈ ਘੱਲਿਆ ਹੈ। (ਮੋਦੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਨ੍ਹਾ ਨੂੰ ਪਰਮਾਤਮਾ ਨੇ ਘੱਲਿਆ)।

ਯੂ ਪੀ ਦੇ ਦਿਓਰੀਆ ਵਿਚ ਚੋਣ ਰੈਲੀ ’ਚ ਰਾਹੁਲ ਨੇ ਕਿਹਾ ਕਿ ਮੋਦੀ ਨੂੰ ਪਰਮਾਤਮਾ ਨੇ ਕਿਸਾਨਾਂ ਤੇ ਮਜ਼ਦੂਰਾਂ ਦੀ ਸੇਵਾ ਕਰਨ ਲਈ ਨਹੀਂ ਘੱਲਿਆ। ਉਨ੍ਹਾ ਕਿਹਾ—ਹਰ ਕੋਈ ਮਾਂ ਦੀ ਕੁੱਖੋਂ ਜਨਮ ਲੈਂਦਾ ਹੈ ਪਰ ਮੋਦੀ ਜੀ ਮਾਂ ਦੀ ਕੁੱਖੋਂ ਨਹੀਂ ਪੈਦਾ ਹੋਏ। ਉਨ੍ਹਾ ਨੂੰ ਪਰਮਾਤਮਾ ਨੇ ਅੰਬਾਨੀ ਤੇ ਅਡਾਨੀ ਦੀ ਮਦਦ ਲਈ ਘੱਲਿਆ, ਕਿਸਾਨਾਂ ਤੇ ਮਜ਼ਦੂਰਾਂ ਦੀ ਸੇਵਾ ਲਈ ਨਹੀਂ। ਜੇ ਰੱਬ ਨੇ ਗਰੀਬਾਂ ਤੇ ਕਿਸਾਨਾਂ ਦੀ ਮਦਦ ਲਈ ਘੱਲਿਆ ਹੁੰਦਾ ਤਾਂ ਉਨ੍ਹਾਂ ਦੀ ਸੇਵਾ ਕਰਦੇ। ਇਹ ਕਿਹੇ ਪਰਮਾਤਮਾ ਹਨ ? ਇਹ ਮੋਦੀ ਜੀ ਵਾਲੇ ਪਰਮਾਤਮਾ ਹਨ।

ਰਾਹੁਲ ਨੇ ਰੈਲੀ ’ਚ ਵਾਅਦਾ ਕੀਤਾ ਕਿ ਸੱਤਾ ’ਚ ਆਉਣ ’ਤੇ ਉਹ ਅਗਨੀਵੀਰ ਯੋਜਨਾ ਨੂੰ ਕੂੜੇਦਾਨ ’ਚ ਸੁੱਟ ਦੇਣਗੇ। ਇੰਡੀਆ ਸਰਕਾਰ ਸਰਕਾਰੀ ਨੌਕਰੀਆਂ ਤੇ ਵਿਦਿਅਕ ਅਦਾਰਿਆਂ ਵਿਚ ਰਿਜ਼ਰਵੇਸ਼ਨ ਦੀ 50 ਫੀਸਦੀ ਦੀ ਹੱਦ ਖਤਮ ਕਰਕੇ ਇਸਨੂੰ ਵਧਾਏਗੀ। ਇੰਡੀਆ ਗੱਠਜੋੜ ਸੰਵਿਧਾਨ ਦੀ ਰਾਖੀ ਕਰੇਗਾ।

### ਭਾਜਪਾ 200 ਨਹੀਂ ਟੱਪਣ ਲੱਗੀ : ਖੜਗੇ

**ਅੰਮ੍ਰਿਤਸਰ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਕਿਹਾ ਕਿ ਜੇ ‘ਇੰਡੀਆ’ ਗੱਠਜੋੜ ਦੀ ਸਰਕਾਰ ਸੱਤਾ ਵਿੱਚ ਆਈ ਤਾਂ ਨਾ ਸਿਰਫ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣਗੇ ਸਗੋਂ ਐੱਮ ਐੱਸ ਪੀ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਖੇਤੀ ਵਸਤਾਂ ਤੋਂ ਜੀ ਐੱਸ ਟੀ ਨੂੰ ਖਤਮ ਕੀਤਾ ਜਾਵੇਗਾ। ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਹੱਕ ’ਚ ਚੋਣ ਪ੍ਰਚਾਰ ਕਰਨ ਲਈ ਪੁੱਜੇ ਖੜਗੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੋਦੀ ਸਰਕਾਰ ਨੇ ਸਭ ਦਾ ਸਾਥ ਤਾਂ ਲਿਆ ਹੈ, ਪਰ ਦੇਸ਼ ਦਾ ਵਿਕਾਸ ਨਹੀਂ, ਸਗੋਂ ਵਿਨਾਸ਼ ਕੀਤਾ ਹੈ। ਜਦੋਂ ਤੋਂ ਭਾਜਪਾ ਸੱਤਾ ’ਚ ਆਈ ਹੈ, ਦੇਸ਼ ’ਚ ਮਹਿੰਗਾਈ ਦਾ ਪੱਧਰ ਵਧਿਆ ਹੈ। ਡੀਜ਼ਲ-ਪੈਟਰੋਲ ਤੇ ਗੈਸ ਦੀਆਂ ਕੀਮਤਾਂ ਕਈ ਗੁਣਾ ਵਧ ਗਈਆਂ ਹਨ। ਉਨ੍ਹਾ ਦਾਅਵਾ ਕੀਤਾ ਕਿ ਭਾਜਪਾ 200 ਤੋਂ ਵੱਧ ਸੀਟਾਂ ਪ੍ਰਾਪਤ ਨਹੀਂ ਕਰ ਸਕੇਗੀ।

### ਕੇਜਰੀਵਾਲ ਦੀ ਪਟੀਸ਼ਨ ’ਤੇ ਫੌਰੀ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅੰਤਰਮ ਜ਼ਮਾਨਤ ਵਧਾਉਣ ’ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

ਕੇਜਰੀਵਾਲ ਨੇ ਪਹਿਲੀ ਜੂਨ ਤਕ ਮਿਲੀ ਅੰਤਰਮ ਜ਼ਮਾਨਤ ਮੈਡੀਕਲ ਆਧਾਰ ’ਤੇ 7 ਦਿਨ ਵਧਾਉਣ ਦੀ ਮੰਗ ਕੀਤੀ ਹੈ।

ਜਸਟਿਸ ਜੇ ਕੇ ਮਹੇਸ਼ਵਰੀ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਕਿਹਾ ਕਿ ਅੰਤਰਮ ਜ਼ਮਾਨਤ ਵਧਾਉਣ ਦਾ ਫੈਸਲਾ ਚੀਫ ਜਸਟਿਸ ਵੱਲੋਂ ਲਿਆ ਜਾਵੇਗਾ ਕਿਉਂਕਿ ਮੁੱਖ ਕੇਸ ’ਚ ਕੇਜਰੀਵਾਲ ਵਿਰੁੱਧ ਫੈਸਲਾ ਰਾਖਵਾਂ ਰੱਖਿਆ ਗਿਆ ਹੈ। ਕੇਜਰੀਵਾਲ ਵਲੋਂ ਪੇਸ਼ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਈ ਦਲੀਲਾਂ ਦਿੱਤੀਆਂ।

ਇਸੇ ਦੌਰਾਨ ਸਥਾਨਕ ਅਦਾਲਤ ਨੇ ਮੰਗਲਵਾਰ ਆਬਕਾਰੀ ਨੀਤੀ ਨਾਲ ਜੁੜੇ ਮਨੀ-ਲਾਂਡਰਿੰਗ ਮਾਮਲੇ ’ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਈ ਡੀ ਵੱਲੋਂ ਦਾਖਲ ਕੀਤੀ ਗਈ ਸਪਲੀਮੈਂਟਰੀ ਚਾਰਜਸ਼ੀਟ ’ਤੇ ਨੋਟਿਸ ਲੈਣ ਬਾਰੇ ਆਪਣਾ ਫੈਸਲਾ 4 ਜੂਨ ਲਈ ਰਾਖਵਾਂ ਰੱਖ ਲਿਆ ਹੈ।

## ਗੁਰਦਿਆਲ ਸਿੰਘ ਵੱਲੋਂ ਸੁਲਤਾਨਪੁਰ ਲੋਧੀ ’ਚ ਡੋਰ-ਟੂ-ਡੋਰ ਪ੍ਰਚਾਰ ਤੇ ਨੁੱਕੜ ਮੀਟਿੰਗਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਮਰੇਡ ਗੁਰਦਿਆਲ ਸਿੰਘ ਵੱਲੋਂ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਵੱਖ-ਵੱਖ ਮਾਰਕੀਟਾਂ ਦਾ ਦੌਰਾ ਕਰ ਕੇ ਡੋਰ-ਟੂ-ਡੋਰ ਚੋਣ ਪ੍ਰਚਾਰ ਕੀਤਾ ਗਿਆ। ਉਨ੍ਹਾਂ ਦੁਕਾਨਦਾਰਾਂ ਅਤੇ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਬਲਦੇਵ ਸਿੰਘ ਸੀ ਪੀ ਐੱਮ ਦੇ ਜ਼ਿਲ੍ਹਾ ਸਕੱਤਰ ਅਤੇ ਬਿਸ਼ਨ ਦਾਸ ਸੀ ਪੀ ਆਈ ਸ਼ਹਿਰੀ ਸਕੱਤਰ ਵੀ ਮੌਜੂਦ ਸਨ। ਗੁਰਦਿਆਲ ਸਿੰਘ ਨੇ ਦੁਕਾਨਦਾਰਾਂ ਨੂੰ ਭਰੋਸਾ ਦਿੱਤਾ ਕਿ ਸਾਡੀ ਪਾਰਟੀ ਵੱਲੋਂ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਸਥਾਈ ਹੱਲ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਪਹਿਲ ਦੇ ਆਧਾਰ ’ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਹਨਾ ਕਿਹਾ ਕਿ ਅਸੀਂ ਜਿੱਤ ਕੇ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਅਤੇ ਸਰਕਾਰ ’ਚ ਹੁੰਦਿਆਂ ਵੀ ਹਮੇਸ਼ਾ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਹਰ ਤਰ੍ਹਾਂ ਦੇ ਕਿਰਤੀਆਂ ਤੇ ਛੋਟੇ ਕਾਰੋਬਾਰੀਆਂ ਦੇ ਹੱਕ ਦੀ ਪ੍ਰਾਪਤੀ ਲਈ ਕਾਨੂੰਨ ਬਣਾਉਣ ਵਾਸਤੇ ਅੜਨ ਤੇ ਖੜਨ ਵਾਲਿਆਂ ਨਾਲ ਇਮਾਨਦਾਰੀ ਨਾਲ ਹੁਣ ਤੱਕ ਲੜਦੇ ਰਹੇ ਹਾਂ। ਗੁਰਦਿਆਲ ਸਿੰਘ ਨੇ ਕਿਹਾ ਕਿ ਹੁਣ ਵੀ ਜਿੱਤ ਤੋਂ ਬਾਅਦ ਹਰ ਨੌਜਵਾਨ, ਬੱਚੇ ਲਈ ਮੁਫਤ ਤੇ ਲਾਜ਼ਮੀ ਇਕਸਾਰ ਸਕੂਲ ਸਿੱਖਿਆ, ਉੱਚ ਵਿਦਿਆ ਮੁਫਤ, ਹਰ ਮੁੰਡੇ-ਕੁੜੀ ਲਈ ਰੁਜ਼ਗਾਰ ਦੀ ਗਰੰਟੀ ਅਤੇ ਘੱਟੋ-ਘੱਟ ਉਜਰਤ 26000, ਹਰ ਇੱਕ ਲਈ ਮੁਫ਼ਤ ਤੇ ਵਧੀਆ ਇਕਸਾਰ ਸਿਹਤ ਸਹੂਲਤਾਂ ਅਤੇ ਬੁਢਾਪਾ ਪੈਨਸ਼ਨ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ’ਚ ਸਭ ਤੋਂ ਵੱਡੀ ਸਮੱਸਿਆ ਸਾਹਮਣੇ ਆ ਰਹੀ ਹੈ, ਇਸ ਵਾਸਤੇ ਸਾਡੀ ਪਾਰਟੀ ਵੱਲੋਂ ਧਰਤੀ ਹੇਠਲਾ ਪਾਣੀ ਜੋ ਖਰਾਬ ਹੋ ਰਿਹਾ ਹੈ, ਦਰਿਆਵਾਂ ਦਾ ਦੂਸ਼ਿਤ ਪਾਣੀ, ਨਹਿਰਾਂ, ਨਦੀਆਂ ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾਵੇਗਾ। ਅਸੀਂ ਗੁਰਦੁਆਰੇ, ਮੰਦਰਾਂ, ਮਸੀਤਾਂ ਆਦਿ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਰਾਖੀ ਕਰਨ ਨੂੰ ਪਹਿਲ ਦੇਵਾਂਗੇ।

ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਗੁਰਦਿਆਲ ਸਿੰਘ ● ਬਾਕੀ ਸਫ਼ਾ 2 ’ਤੇ



## ਕਾਮਰੇਡ ਗੁਰਦਿਆਲ ਅਸਲੀ ਲੋਕ ਲੀਡਰ : ਦਵਿੰਦਰ ਸੋਹਲ

**ਝਬਾਲ (ਮੱਖਣ ਮਨੋਜ)**

ਨੇੜਲੇ ਪਿੰਡ ਠੱਠਾ ਦੇ ਪਲਾਟਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇੱਕ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿਚ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਸਾਂਝੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਉਚੇਚੇ ਤੌਰ ’ਤੇ ਪਹੁੰਚੇ। ਲੋਕਾਂ ਦੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਦਵਿੰਦਰ ਸੋਹਲ, ਸ੍ਰੀ ਗੁਰੂ ਰਾਮਦਾਸ ਆਟੋ ਯੂਨੀਅਨ ਦੇ ਪ੍ਰਧਾਨ ਤੀਰਥ ਸਿੰਘ, ਨਾਨਕ ਸਿੰਘ ਛੇਹਰਟਾ, ਸੁਰਜੀਤ ਸਿੰਘ, ਬਲਕਾਰ ਸਿੰਘ ਵਲਟੋਹਾ, ਸੁਖਵਿੰਦਰ ਸਿੰਘ ਮਾਲੂਵਾਲ, ਜੁਗਰਾਜ ਸਿੰਘ ਠੱਟਾ ਨੇ ਕਿਹਾ ਕਿ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਹਮੇਸ਼ਾ ਲੋਕਾਂ ਦਾ ਸੀ, ਹੈ ਅਤੇ ਰਹੇਗਾ। ਉਹਨਾਂ ਕਿਹਾ ਕਿ ਸਰਮਾਏਦਾਰ ਪਾਰਟੀਆਂ ਦੇ ਨੁਮਾਇੰਦੇ ਲਾਰੇ-ਲੱਪੇ ਲਾ ਕੇ ਚੋਣ ਜਿੱਤ ਲੈਂਦੇ ਹਨ, ਪਰ ਮੁੜ ਕੇ ਪੰਜ ਸਾਲ ਬਾਤ ਨਹੀਂ ਪੁੱਛਦੇ। ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਮਹਾਨ ਕਮਿਊਨਿਸਟ ਲੀਡਰਾਂ ਦਰਸ਼ਨ ਸਿੰਘ ਝਬਾਲ, ਸਤਪਾਲ ਡਾਂਗ ਤੇ ਅਰਜਨ ਸਿੰਘ ਮਸਤਾਨਾ ਦੇ ਪੂਰਨਿਆਂ ’ਤੇ ਚੱਲੇਗਾ, ਜੋ ਤਾਕਤ ਮਿਲ ਜਾਣ ਬਾਅਦ ਵੀ ਲੋਕਾਂ ਨਾਲ ਹੀ ਰਹੇ, ਲੰਮਾਂ ਸਮਾਂ ਐੱਮ ਐੱਲ ਏ ਰਹਿਣ ’ਤੇ ਵੀ ਅੱਜ ਤੱਕ ਉਹਨਾਂ ਵੱਲ ਕੋਈ ਉਂਗਲ ਨਹੀਂ ਕਰ ਸਕਦਾ। ਅੱਜ ਬੇਰੁਜ਼ਗਾਰੀ, ਮਹਿੰਗਾਈ ਨੇ ਆਮ ਜਨਤਾ ਦਾ ਲੱਕ ਤੋੜਿਆ ਪਿਆ ਹੈ। ਗਰੀਬ ਲੋਕ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ ਜਾਲ ਵਿੱਚ ਫਸ ਗਏ ਹਨ। ਇਹ ਕਰਜ਼ ਖਤਮ ਕਰਨ ਲਈ ਲੜ ਰਹੇ ਹਾਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਮਿਊਨਿਸਟ ਪਾਰਟੀਆਂ ਦੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮਿਹਨਤਕਸ਼ ਲੋਕਾਂ ਦਾ ਸਾਥੀ ਹਾਂ। ਮੈਂ ਖ਼ੁਦ ਮਿਹਨਤਕਸ਼ ਹਾਂ। ਅੱਜ ਮਿਹਨਤਕਸ਼ ਮਜ਼ਦੂਰ, ਕਿਸਾਨ ਭੁੱਖੇ ਮਰਨ ਲਈ ਮਜਬੂਰ ਹਨ। ਇਸ ਕਰਕੇ ਮੈਨੂੰ ਕਾਮਯਾਬ ਕਰੋ, ਤਾਂ ਕਿ ਕਮਿਊਨਿਸਟ ਪਾਰਟੀਆਂ ਦੀ ਤਾਕਤ ਵਧੇ।

● ਬਾਕੀ ਸਫ਼ਾ 2 ’ਤੇ



### ਇਜ਼ਰਾਈਲ ਨੇ 16 ਹੋਰ ਫਲਸਤੀਨੀ ਮਾਰੇ

**ਕਾਹਿਰਾ** : ਇਜ਼ਰਾਈਲ ਵੱਲੋਂ ਦੱਖਣੀ ਗਾਜ਼ਾ ਦੇ ਸ਼ਹਿਰ ਰਾਫਾਹ ’ਤੇ ਕੀਤੇ ਹਵਾਈ ਹਮਲਿਆਂ ’ਚ 16 ਵਿਅਕਤੀਆਂ ਦੀ ਮੌਤ ਹੋ ਗਈ। ਇਜ਼ਰਾਈਲ ਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਕਾਰਨ ਹੁਣ ਤੱਕ 10 ਲੱਖ ਲੋਕ ਰਾਫਾਹ ਛੱਡ ਕੇ ਜਾ ਚੁੱਕੇ ਹਨ ਤੇ ਸ਼ਰਨਾਰਥੀ ਕੈਂਪਾਂ ਵਿੱਚ ਪਨਾਹ ਲੈ ਰਹੇ ਹਨ। ਇਸ ਤੋਂ ਪਹਿਲਾਂ ਲੰਘੇ ਐਤਵਾਰ ਇਜ਼ਰਾਈਲ ਵੱਲੋਂ ਕੀਤੇ ਗਏ ਹਮਲੇ ’ਚ 45 ਜਣਿਆਂ ਦੀ ਮੌਤ ਹੋ ਗਈ ਸੀ।

### ਢਿੱਗਾਂ ਡਿੱਗਣ ਨਾਲ 22 ਮੌਤਾਂ



**ਆਈਜ਼ੌਲ** : ਮਿਜ਼ੋਰਮ ਦੇ ਆਈਜ਼ੌਲ ਜ਼ਿਲ੍ਹੇ ’ਚ ਚੱਕਰਵਾਤੀ ਤੂਫਾਨ ‘ਰੇਮਾਲ’ ਦੇ ਪ੍ਰਭਾਵ ਵਜੋਂ ਲਗਾਤਾਰ ਪੈ ਰਹੇ ਮੀਂਹ ਦੌਰਾਨ ਮੰਗਲਵਾਰ ਸਵੇਰੇ ਢਿੱਗਾਂ ਡਿੱਗਣ ਕਾਰਨ 22 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਲਾਪਤਾ ਹੋ ਗਏ। ਘਟਨਾ ਸਵੇਰੇ 6 ਵਜੇ ਦੇ ਕਰੀਬ ਆਈਜ਼ੌਲ ਸ਼ਹਿਰ ਦੇ ਦੱਖਣੀ ਬਾਹਰੀ ਹਿੱਸੇ ’ਤੇ ਮੇਲਥਮ ਅਤੇ ਹਲੀਮੇਨ ਦੇ ਵਿਚਕਾਰਲੇ ਖੇਤਰ ’ਚ ਵਾਪਰੀ।

### ਬਸਪਾ ਉਮੀਦਵਾਰ ਜ਼ਖਮੀ



**ਚੰਡੀਗੜ੍ਹ** : ਬਹੁਜਨ ਸਮਾਜ ਪਾਰਟੀ ਦੀ ਚੰਡੀਗੜ੍ਹ ਤੋਂ ਉਮੀਦਵਾਰ ਡਾ. ਰੀਤੂ ਸਿੰਘ ਗੰਭੀਰ ਜ਼ਖਮੀ ਹੋ ਗਈ, ਜਦੋਂ ਡੱਡੂਮਾਜਰਾ ’ਚ ਸਿੱਕਿਆਂ ਨਾਲ ਤੋਲਦੇ ਸਮੇਂ ਅਚਾਨਕ ਕੰਡਾ ਟੁੱਟ ਗਿਆ। ਕੰਡੇ ਦਾ ਇੱਕ ਹਿੱਸਾ ਉਸ ਦੇ ਸਿਰ ’ਚ ਵੱਜਿਆ, ਜਿਸ ਕਾਰਨ ਸਿਰ ’ਤੇ ਡੂੰਘਾ ਜ਼ਖਮ ਹੋ ਗਿਆ।

### ਪਹਿਲੀ ਨੂੰ ਛੁੱਟੀ

**ਚੰਡੀਗੜ੍ਹ** : ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 1 ਜੂਨ ਨੂੰ ਵੋਟ ਪਾਉਣ ਲਈ ਪੰਜਾਬ ’ਚ ਵਿਸ਼ੇਸ਼ ਛੁੱਟੀ ਦੇਣ ਦਾ ਐਲਾਨ ਕੀਤਾ ਗਿਆ ਹੈ। 30 ਮਈ ਸ਼ਾਮ ਪੰਜ ਵਜੇ ਤੋਂ 1 ਜੂਨ ਸ਼ਾਮ 7 ਵਜੇ ਤੱਕ ਡ੍ਰਾਈ ਡੇਅ ਰਹੇਗਾ। 4 ਜੂਨ ਨੂੰ ਚੋਣਾਂ ਦੇ ਨਤੀਜਿਆਂ ਵਾਲੇ ਦਿਨ ਵੀ ਡ੍ਰਾਈ ਡੇਅ ਰਹੇਗਾ। ਸੂਬੇ ਦੇ ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਤੇ ਵਿੱਦਿਅਕ ਅਦਾਰਿਆਂ ਲਈ ਲਈ ਇਕ ਜੂਨ ਨੂੰ ਗਜ਼ਟਿਡ ਛੁੱਟੀ ਰਹੇਗੀ। ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਵੀ ਕੀਤੀ ਗਈ ਹੈ।

## ਇਕੱਲੀ ਕਾਂਗਰਸ ਮੋਦੀ ਸਰਕਾਰ ਨੂੰ ਸੱਤਾ ਤੋਂ ਬੇਦਖ਼ਲ ਕਰਨ ਦੇ ਸਮਰੱਥ ਨਹੀਂ : ਗੁਰਚਰਨ ਮਾਨ



**ਫਰੀਦਕੋਟ (ਐਲਿਗਜੈਂਡਰ ਡਿਸੂਜਾ, ਗੁਰਪ੍ਰੀਤ ਸਿੰਘ ਬੇਦੀ)**-ਮੋਦੀ ਸਰਕਾਰ ਨੇ ਪਿਛਲੇ ਦਸ ਵਰ੍ਹਿਆਂ ਵਿਚ ਕਾਰਪੋਰੇਟਾਂ ਤੋਂ ਹਾਸਲ ਅਰਬਾਂ ਰੁਪਏ ਦੇ ਚੰਦੇ ਕਰਕੇ, ਮੀਡੀਏ ’ਤੇ ਕੰਟਰੋਲ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਜੋ ਤਾਕਤ ਹਾਸਲ ਕਰ ਲਈ ਹੈ, ਉਸ ਨੂੰ ਕੇਂਦਰ ਦੀ ਸੱਤਾ ਤੋਂ ਲਾਂਭੇ ਕਰਨਾ ਇਕੱਲੀ ਕਾਂਗਰਸ ਦੇ ਵੱਸ ਦਾ ਰੋਗ ਨਹੀਂ ਰਿਹਾ। ਇਸੇ ਲੋੜ ਕਾਰਨ ਇੰਡੀਆ ਗਠਜੋੜ ਹੋਂਦ ਵਿੱਚ ਆਇਆ, ਜਿਸ ਵਿੱਚ ਹਰ ਪਾਰਟੀ ਬਰਾਬਰ ਦੇ ਸਤਿਕਾਰ ਦੀ ਹੱਕਦਾਰ ਹੈ। ਇਹ ਸ਼ਬਦ ਲੋਕ ਸਭਾ ਹਲਕਾ ਫਰੀਦਕੋਟ ਤੋਂ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੇ ਸਾਂਝੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਕਹੇ। ਇਨ੍ਹਾਂ ਮੀਟਿੰਗਾਂ ਨੂੰ ਕਮਿਊਨਿਸਟ ਆਗੂਆਂ ਅਸ਼ੋਕ ਕੌਸ਼ਲ, ਅਪਾਰ ਸਿੰਘ ਸੰਧੂ, ਗੁਰਨਾਮ ਸਿੰਘ, ਗੋਰਾ ਪਿਪਲੀ, ਵੀਰ ਸਿੰਘ ਕੰਮੇਆਣਾ ਅਤੇ ਕਾਮਰੇਡ ਅਸ਼ਵਨੀ ਕੁਮਾਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਦੇ ਲੋਕ ਵਿਰੋਧੀ ਅਤੇ ਫਿਰਕੂ ਧਰੁਵੀਕਰਨ ● ਬਾਕੀ ਸਫ਼ਾ 2 ’ਤੇ

## ਰਣਜੀਤ ਸਿੰਘ ਕਤਲ ਕੇਸ ’ਚ ਡੇਰਾ ਮੁਖੀ ਬਰੀ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਡਵੀਜ਼ਨ ਬੈਂਚ ਨੇ ਮੰਗਲਵਾਰ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਚਾਰ ਹੋਰਾਂ ਨੂੰ ਰਣਜੀਤ ਸਿੰਘ ਕਤਲ ਕੇਸ ’ਚ ਬਰੀ ਕਰ ਦਿੱਤਾ। ਪੰਚਕੂਲਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਅਕਤੂਬਰ 2021 ’ਚ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਉਣ ਤੋਂ ਬਾਅਦ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜਿਸ ਤੋਂ ਬਾਅਦ ਡੇਰਾ ਮੁਖੀ ਨੇ ਕੇਂਦਰੀ ਜਾਂਚ ਬਿਊਰੋ ਅਤੇ ਹੋਰ ਪ੍ਰਤੀਵਾਦੀਆਂ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ। ਰਣਜੀਤ ਸਿੰਘ ਨੂੰ 10 ਜੁਲਾਈ 2002 ਨੂੰ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲੀਆਂ ਵਿਖੇ ਚਾਰ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ। ਬਰੀ ਹੋਣ ਦੇ ਬਾਵਜੂਦ ਡੇਰਾ ਮੁਖੀ ਜੇਲ੍ਹ ਵਿਚ ਹੀ ਰਹੇਗਾ ਕਿਉਂਕਿ ਉਸ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕੇਸ ਅਤੇ ਸਾਧਵੀ ਜਬਰ-ਜ਼ਨਾਹ ਕੇਸ ’ਚ ਵੀ ਸਜ਼ਾ ਹੋਈ ਸੀ।

ਰਣਜੀਤ ਕਤਲ ਮਾਮਲੇ ’ਚ ਸਿਰਸਾ ਡੇਰਾ ਮੁਖੀ ਨੂੰ ਰਾਹਤ ਦਿੱਤੇ ਜਾਣ ’ਤੇ ਪ੍ਰਤੀਕਿਰਿਆ ਦਿੰਦਿਆਂ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਕਿ ਹਾਈ ਕੋਰਟ ਦਾ ਫੈਸਲਾ ਉਨ੍ਹਾ ਲਈ ਦੁੱਖਦਾਈ ਹੈ। ਪੀੜਤ ਪਰਿਵਾਰ ਨੂੰ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ। ਛਤਰਪਤੀ ਨੇ ਕਿਹਾ ਕਿ ਕਾਫੀ ਲੰਮੀ ਜੱਦੋਜਹਿਦ ਮਗਰੋਂ ਪੀੜਤ ਪਰਿਵਾਰ ਨੂੰ ਨਿਆਂ ਮਿਲਿਆ ਸੀ ਪਰ ਹੁਣ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਦਲ ਦਿੱਤਾ ਹੈ। ਉਨ੍ਹਾ ਕਿਹਾ ਕਿ ਇਹ ਉਨ੍ਹਾ ਲਈ ਬਹੁਤ ਹੀ ਪੀੜਾ ਦੇਣ ਵਾਲਾ ਹੈ।

### ਮਰਹੂਮ ਕੁਲਵੰਤ ਸਿੰਘ ਦੀ ਪਤਨੀ ਦਾ ਦੇਹਾਂਤ



**ਜਲੰਧਰ** : ਭਾਰਤੀ ਕਮਿਊਨਿਸਟ ਪਾਰਟੀ ਦੇ ਆਦਮਪੁਰ ਹਲਕੇ ਤੋਂ ਵਿਧਾਇਕ ਰਹੇ ਮਰਹੂਮ ਕਾਮਰੇਡ ਕੁਲਵੰਤ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਸਵਰਨ ਕੌਰ ਦਾ ਸੋਮਵਾਰ ਰਾਤ ਦੇਹਾਂਤ ਹੋ ਗਿਆ ਸੀ। ਉਨ੍ਹਾ ਦਾ ਅੰਤਿਮ ਸੰਸਕਾਰ 29 ਮਈ ਬੁੱਧਵਾਰ ਨੂੰ ਸਵੇਰੇ 10 ਵਜੇ ਉਨ੍ਹਾ ਦੇ ਗ੍ਰਹਿ ਪਿੰਡ ਨੰਗਲ ਫੀਦਾ (ਜਲੰਧਰ ਤਹਿਸੀਲ) ਵਿਖੇ ਕੀਤਾ ਜਾਵੇਗਾ। ਉਨ੍ਹਾ ਦੇ ਦੇਹਾਂਤ ’ਤੇ ਨਵਾਂ ਜ਼ਮਾਨਾ ਦੇ ਟਰੱਸਟੀਆਂ ਜਤਿੰਦਰ ਪਨੂੰ, ਗੁਰਮੀਤ ਸਿੰਘ ਸ਼ੁਗਲੀ, ਗੁਰਮੀਤ ਸਿੰਘ ਸਾਬਕਾ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਚੰਦ ਫਤਿਹਪੁਰੀ ਤੇ ਐਡਵੋਕੇਟ ਰਜਿੰਦਰ ਮੰਡ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਅਗਨੀਵੀਰ ਯੋਜਨਾ ਕੌਮੀ ਸੁਰੱਖਿਆ ਲਈ ਖਤਰਾ : ਰਮੇਸ਼

**ਨਵੀਂ ਦਿੱਲੀ** : ਕਾਂਗਰਸ ਨੇ ਮੰਗਲਵਾਰ ਨੂੰ ਕਿਹਾ ਕਿ ਅਗਨੀਪਥ ਫੌਜੀ ਭਰਤੀ ਯੋਜਨਾ ਕੌਮੀ ਸੁਰੱਖਿਆ ਲਈ ਖਤਰਾ ਹੈ ਅਤੇ ਇਸ ਕਾਰਨ ਫੌਜ ’ਚ ਨੌਜਵਾਨਾਂ ਦੀ ਭਰਤੀ ਸੁੰਗੜ ਕੇ ਰਹਿ ਗਈ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਗੱਲ ਇਕ ਮੀਡੀਆ ਰਿਪੋਰਟ ਦੇ ਸਾਹਮਣੇ ਆਉਣ ਮਗਰੋਂ ਕਹੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਫੌਜੀ ਮਾਮਲਿਆਂ ਦਾ ਵਿਭਾਗ ਅਗਨੀਵੀਰਾਂ ਨੂੰ ਸੇਵਾਵਾਂ ਦੇਣ ਬਾਰੇ ਫੀਡਬੈਕ ਲੈ ਰਿਹਾ ਹੈ। ਰਮੇਸ਼ ਨੇ ਕਿਹਾ ਕਿ ਅਗਨੀਪਥ ਨੇ ਫੌਜ ’ਚ ਭਰਤੀ ਨੂੰ 75,000 ਪ੍ਰਤੀ ਸਾਲ ਤੋਂ ਘਟਾ ਕੇ 46,000 ਪ੍ਰਤੀ ਸਾਲ ਕਰ ਦਿੱਤਾ ਹੈ।

### ਅੱਜ-ਨਾਮਾ

ਉਂਜ ਤੇ ਕਈ ਥਾਂ ਪਈਆਂ ਹਨ ਘੱਟ ਵੋਟਾਂ,
ਥਾਂਉਂ-ਥਾਂ ਦੱਸ ਰਹੇ ਵੱਖ ਹਨ ਖੋਟ ਮੀਆਂ।
ਲਾਇਆ ਲੀਡਰਾਂ ਤਾਣ ਨਹੀਂ ਘੱਟ ਕਿਧਰੇ,
ਤਦ ਵੀ ਆਇਆ ਨਾ ਕੰਮ ਹੈ ਲੋਟ ਮੀਆਂ।
ਰਿਪੋਰਟ ਸੁਣੀ ਹਰਿਆਣੇ ਦੀ ਨਵੀਂ ਆਈ,
ਕੀਤੀ ਸਿਆਣਿਆਂ ਨੇ ਜਿਹੜੀ ਨੋਟ ਮੀਆਂ।
ਜਿੱਥੇ ਵੀ ਰਾਹੁਲ-ਪ੍ਰਿਅੰਕਾ ਤੇ ਗਿਆ ਮੋਦੀ,
ਪਿਛਲੀਆਂ ਚੋਣਾਂ ਤੋਂ ਘੱਟ ਆ ਵੋਟ ਮੀਆਂ।
ਪਈਆਂ ਨੇ ਵੋਟਾਂ ਤਾਂ ਸਿਰਫ ਬੰਗਾਲ ਅੰਦਰ,
ਚੱਲਦੀ ਜਿੱਧਰ ਪਈ ਸਿਖਰਲੀ ਜੰਗ ਮੀਆਂ।
ਹਰ ਇੱਕ ਵੋਟ ਲਈ ਲੱਗਾ ਹੈ ਜ਼ੋਰ ਲੱਗਦਾ,
ਸੁਣੀਂਦੀ ਮਾਇਆ ਦੀ ਕਿਤੇ ਨਾ ਮੰਗ ਮੀਆਂ।

-ਤੀਸ ਮਾਰ ਖਾਂ

## ਕਿਸਾਨਾਂ ’ਤੇ ਤਸ਼ੱਦਦ ਦਾ ਬਦਲਾ ਲੈਣ ਦਾ ਸਮਾਂ : ਕੇਜਰੀਵਾਲ



**ਲੁਧਿਆਣਾ/ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਲੁਧਿਆਣਾ ਵਿੱਚ ਇੱਕ ਵਪਾਰੀ ਮਿਲਣੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾ ਲੁਧਿਆਣਾ ਤੋਂ ‘ਆਪ’ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਨੂੰ ਜਿਤਾਉਣ ਦੀ ਅਪੀਲ ਕੀਤੀ ਅਤੇ ਲੋਕਾਂ ਨੂੰ ਕਿਹਾ ਕਿ ਪੱਪੀ ਤੁਹਾਡੇ ਹੱਕਾਂ ਲਈ ਕੇਂਦਰ ਸਰਕਾਰ ਨਾਲ ਲੜਨਗੇ।

ਕੇਜਰੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਵਿੱਚ ਵਪਾਰ ਅਤੇ ਉਦਯੋਗ ਦੀ ਹਾਲਤ ਐਨੀ ਮਾੜੀ ਸੀ ਕਿ ਇੱਥੋਂ ਦੇ ਉਦਯੋਗ ਪੰਜਾਬ ਛੱਡ ਕੇ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਨੇੜਲੇ ਰਾਜਾਂ ਵਿੱਚ ਜਾ ਰਹੇ ਸਨ। ਪਿਛਲੇ ਦੋ ਸਾਲਾਂ ਵਿੱਚ ਪੰਜਾਬ ਵਿੱਚੋਂ ਉਦਯੋਗਾਂ ਦੇ ਜਾਣ ਦਾ ਸਿਲਸਿਲਾ ਖ਼ਤਮ ਹੋ ਗਿਆ ਹੈ ਅਤੇ ਉਦਯੋਗਾਂ ਦੇ ਪੰਜਾਬ ਵਿੱਚ ਆਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਅੱਜ ਪੰਜਾਬ ’ਚ 56 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਵਿਦੇਸ਼ੀ ਕੰਪਨੀਆਂ ਵੀ ਹੁਣ ਇੱਥੇ ਉਦਯੋਗਿਕ ਜ਼ਮੀਨ ਖਰੀਦ ਰਹੀਆਂ ਹਨ। ਜਮਸ਼ੇਦਪੁਰ ਤੋਂ ਬਾਅਦ ਟਾਟਾ ਸਟੀਲ ਦਾ ਸਭ ਤੋਂ ਵੱਡਾ ਪਲਾਂਟ ਹੁਣ ਪੰਜਾਬ ਵਿੱਚ ਲਗਾਇਆ ਜਾ ਰਿਹਾ ਹੈ।

ਕੇਜਰੀਵਾਲ ਨੇ ਕਿਹਾ ਕਿ ਦੋ ਸਾਲ ਪਹਿਲਾਂ ਜਦੋਂ ਕਿਸਾਨ ਅੰਦੋਲਨ ਲਈ ਦਿੱਲੀ ਵੱਲ ਵਧੇ ਸਨ ਤਾਂ ਮੋਦੀ ● ਬਾਕੀ ਸਫ਼ਾ 2 ’ਤੇ


**Chaman Lal Setia Exports Ltd.**

The Company Achieved its Highest Ever Annual EBITDA of Rs.162 Crore

The Board Recommends Dividend of Rs.2.25 per Share




**31 ਮਾਰਚ, 2024 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਲਈ ਸਟੈਂਡਲੋਨ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ**

(ਰੁਪਏ ਲੱਖਾਂ ’ਚ ਸਿਵਾਏ ਈ ਪੀ ਐੱਸ ਡਾਟਾ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ | ਤਿਮਾਹੀ ਖਤਮ | ਤਿਮਾਹੀ ਖਤਮ | ਸਾਲ ਖਤਮ | ਸਾਲ ਖਤਮ |
|---|---|---|---|---|---|---|
| | | 31.03.2024 | 31.12.2023 | 31.03.2023 | 31.03.2024 | 31.03.2023 |
| | | (ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) | (ਪੜਤਾਲੇ) | (ਪੜਤਾਲੇ) |
| 1. | ਕਾਰੋਬਾਰਾਂ ਤੋਂ ਕੁੱਲ ਆਮਦਨ (ਸ਼ੁੱਧ) | 38352.84 | 40007.05 | 35716.90 | 135562.84 | 138734.63 |
| 2. | ਮਿਆਦ ਲਈ ਸ਼ੁੱਧ ਲਾਭ (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ) | 3096.25 | 5163.72 | 5018.24 | 15452.87 | 15720.04 |
| 3. | ਟੈਕਸ ਤੋਂ ਪਹਿਲਾਂ ਮਿਆਦ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਬਾਅਦ) | 3096.25 | 5163.72 | 5018.24 | 15452.87 | 15720.04 |
| 4. | ਟੈਕਸ ਤੋਂ ਬਾਅਦ ਮਿਆਦ ਲਈ ਸ਼ੁੱਧ ਲਾਭ/ (ਖਾਸ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ) | 2324.95 | 3868.88 | 3773.94 | 11563.63 | 11766.79 |
| 5. | ਮਿਆਦ ਲਈ ਕੁੱਲ ਵਿਆਪਕ ਆਮਦਨ | 2324.95 | 3868.88 | 3773.94 | 11563.63 | 11766.79 |
| 6. | ਇਕੁਇਟੀ ਸ਼ੇਅਰ ਕੈਪੀਟਲ | 1034.67 | 1034.67 | 1034.67 | 1034.67 | 1034.67 |
| 7. | ਰਿਜ਼ਰਵਜ਼ (ਰੀਵੈਲਿਊਏਸ਼ਨ ਰਿਜ਼ਰਵ ਤੋਂ ਬਗੈਰ) | | | | 70361.96 | 59811.01 |
| 8. | ਕਮਾਈ ਪ੍ਰਤੀ ਸ਼ੇਅਰ (ਹਰੇਕ 2 ਰੁਪਏ ਦੀ) ਚਾਲੂ ਅਤੇ ਬੰਦ ਕਾਰੋਬਾਰਾਂ ਵਾਸਤੇ। | | | | | |
| | ਬੇਸਿਕ | 4.49 | 7.49 | 7.33 | 22.36 | 22.76 |
| | ਡਲਿਊਟਿਡ | 4.49 | 7.49 | 7.33 | 22.36 | 22.76 |
| | ਸਾਲਾਨਾ ਨਹੀਂ | | | | | |

ਉਪਰੋਕਤ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਕੋਲ 31.03.2024 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਲਈ ਦਾਖਲ ਸਟੈਂਡਲੋਨ ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ ਦੇ ਵਿਸਥਾਰਤ ਫਾਰਮੈਟ ਦਾ ਸਾਰ ਹੈ। 31.03.2024 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਦੇ ਸਟੈਂਡਲੋਨ ਪੜਤਾਲੇ ਨਤੀਜਿਆਂ ਦੇ ਫਾਰਮੈਟ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀਆਂ ਵੈੱਬਸਾਈਟਾਂ www.bseindia.com ਅਤੇ www.bseindia.com ਦੇ ਨਾਲ ਕੰਪਨੀ ਦੀ ਵੈੱਬਸਾਈਟ www.clsel.in ’ਤੇ ਵੀ ਉਪਲੱਬਧ ਹੈ।

ਡਾਇਰੈਕਟਰਾਂ ਦੇ ਬੋਰਡ ਨੇ 112.50 ਫੀਸਦੀ ਦੀ ਦਰ ਨਾਲ ਲਾਭਾਂਸ਼ ਦੀ ਸਿਫਾਰਸ਼ ਕੀਤੀ ਹੈ, ਜੋ ਕਿ ਹਰੇਕ 2 ਰੁਪਏ ਦੀ ਫੇਸ ਵੈਲਿਊ ਦਾ ਰੁਪਏ 2.25 ਪ੍ਰਤੀ ਇਕੁਇਟੀ ਸ਼ੇਅਰ ਹੈ।

ਸਥਾਨ : ਗੁਰੂਗ੍ਰਾਮ
ਮਿਤੀ : 28.05.2024

ਵਾਸਤੇ ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ
(ਰਜੀਵ ਸੇਤੀਆ)
ਜਾਇੰਟ ਮੈਨੇਜਿੰਗ ਡਾਇਰੈਕਟਰ ਅਤੇ ਸੀ ਐੱਫ ਓ
(ਡੀ ਆਈ ਐੱਨ : 01125921)

**ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ**
(ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਟਾਰ ਐਕਸਪੋਰਟ ਹਾਊਸ) ਸੀ ਆਈ ਐੱਨ : ਐੱਲ 51900 ਪੀ ਬੀ 1994 ਪੀ ਐੱਲ ਸੀ 015083

Maharani Basmati Rice · Zafar · Green World · Mithas Reserve Basmati Rice · Roopalee · Begum

Regd. Office: Meerankot Road, P.O. Central Jail, Ajnala Road, AMRITSAR-143002 (INDIA)
Corpt. Office: 472, Udyog Vihar Phase 3, Gurugram RICE MILLS: Karnal - Kaithal Road| Gujarat - Gandhidham
Ph: +91 124 4745900 E-mail: clsetia@rediffmail.com Website: www.clsel.in, www.maharanirice.in

## ਡਾ. ਰੰਜੂ ਨੇ 50 ਮਰੀਜ਼ਾਂ ਦਾ ਕੀਤਾ ਚੈੱਕਅੱਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਹਿਰਾਜ ਕਲੋਨੀ ਦੇ ਸ਼ਹੀਦ ਊਧਮ ਸਿੰਘ ਵੈਲਫ਼ੇਅਰ ਕਲੱਬ (ਰਜਿ:) ਵੱਲੋਂ ਰਾਜਸਥਾਨ ਔਸ਼ਧਾਲਿਆ ਪ੍ਰਾਈਵੇਟ ਲਿਮ: ਦੇ ਸਹਿਯੋਗ ਨਾਲ ਮਹਿਰਾਜ ਕਲੋਨੀ ਸਥਿਤ ਯੂ.ਈ.ਐਸ.ਸੀ. ਟਿਊਸ਼ਨ ਸੈਂਟਰ ਵਿਖੇ ਫ੍ਰੀ ਆਯੁਰਵੈਦਿਕ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਆਯੁਰਵੈਦਿਕ ਪ੍ਰਣਾਲੀ ਦੇ ਮਾਹਿਰ ਡਾ. ਰੰਜੂ ਜਿੰਦਲ ਵੱਲੋਂ 50 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ।ਇਸ ਮੌਕੇ ਰਾਜਸਥਾਨ ਔਸ਼ਧਾਲਿਆ ਦੀ ਤਰਫ਼ੋਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਡਾ. ਰੰਜੂ ਜਿੰਦਲ ਨੇ ਆਯੁਰਵੈਦਿਕ ਪ੍ਰਣਾਲੀ 'ਤੇ ਬੋਲਦਿਆਂ ਕਿਹਾ ਕਿ ਇਹ ਵਿਸ਼ਵ ਦੀ ਸਭ ਤੋਂ ਪੁਰਾਣੀ ਇਲਾਜ ਪ੍ਰਣਾਲੀ ਹੈ, ਜਿਸ ਨਾਲ ਪੁਰਾਣੀਆਂ ਤੇ ਗੰਭੀਰ ਬਿਮਾਰੀਆਂ ਦਾ ਇਲਾਜ ਬਿਨਾਂ ਕਿਸੇ ਸਾਈਡ ਇਫੈਕਟ ਦੇ ਕੀਤਾ ਜਾਂਦਾ ਹੈ।ਕਲੱਬ ਦੇ ਪ੍ਰਧਾਨ ਸੁਰਿੰਦਰ ਧੀਰ ਨੇ ਦੱਸਿਆ ਕਿ ਕਲੱਬ ਵੱਲੋਂ ਮਹਿਰਾਜ ਕਲੋਨੀ ਵਾਸੀਆਂ ਦੀ ਬੇਹਤਰੀ ਲਈ ਕੀਤੇ ਜਾਂਦੇ ਕੰਮਾਂ ਦੇ ਨਾਲ-ਨਾਲ ਸਮਾਜ ਭਲਾਈ ਦੇ ਹੋਰ ਕੰਮਾਂ ਵਿੱਚ ਜਿਵੇਂ ਖੂਨਦਾਨ ਕੈਂਪ, ਡੇਂਗੂ ਮਲੇਰੀਆ ਦੇ ਬਚਾਅ ਲਈ ਜਾਗਰੂਕਤਾ ਕੈਂਪ, ਵੈਕਸੀਨੇਸ਼ਨ ਕੈਂਪ ਲਗਾਉਣਾ ਅਤੇ ਮੁਹੱਲਾ ਵਾਸੀਆਂ ਦੇ ਹਰ ਦੁੱਖ-ਸੁੱਖ ਵਿੱਚ ਸ਼ਾਮਲ ਹੋਣਾ ਕਾਰਜ ਕੀਤੇ ਜਾਂਦੇ ਹਨ।ਕਲੱਬ ਦੇ ਸਮੁੱਚੇ ਮੈਂਬਰ ਹਰ ਨੋਬਲ ਕਾਰਜ ਨੂੰ ਸਮਰਪਤ ਭਾਵਨਾ ਨਾਲ ਕਰਕੇ ਖੁਸ਼ੀ ਅਨੁਭਵ ਕਰਦੇ ਹਨ।

## ਪ੍ਰਗਟ ਸਿੰਘ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਜਿੱਤਿਆ ਗੋਲਡ ਮੈਡਲ




**ਬਰੇਟਾ (ਰੀਤਵਾਲ)**-ਪਠਾਨਕੋਟ ਵਿਖੇ ਹੋਈ ਪ੍ਰੋ ਕਰਾਟੇ ਲੀਗ ਚੈਂਪੀਅਨਸ਼ਿਪ ਵਿੱਚ ਗਿਆਨ ਸਾਗਰ ਸਕੂਲ ਦੇ ਵਿਦਿਆਰਥੀ ਪ੍ਰਗਟ ਸਿੰਘ ਨੇ ਭਾਗ ਲਿਆ, ਜਿਸ 'ਚ ਪ੍ਰਗਟ ਸਿੰਘ ਨੇ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਦੂਜੇ ਜ਼ਿਲ੍ਹੇ ਤੇ ਸਟੇਟਾਂ ਦੇ ਵਿਦਿਆਰਥੀਆਂ ਨੂੰ ਪਛਾੜਦੇ ਹੋਏ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਪ੍ਰਗਟ ਸਿੰਘ 9 ਕਲਾਸ ਦੇ ਵਿਦਿਆਰਥੀ ਨੇ +45 ਕਿੱਲੋ ਵਿੱਚ ਜਿੱਤ ਪ੍ਰਾਪਤ ਕੀਤੀ। ਪ੍ਰਗਟ ਸਿੰਘ ਨੇ ਸੁਪਰ ਗੋਲਡ ਮੈਡਲ ਜਿੱਤ ਕੇ 5000 ਕੈਸ਼ ਦਾ ਇਨਾਮ ਆਪਣੇ ਨਾਂਅ ਕੀਤਾ, ਜੋ ਬਹੁਤ ਮਾਣ ਵਾਲੀ ਗੱਲ ਹੈ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਭਾਰਤ ਦੀਪ ਗਰਗ ਨੇ ਕੋਚ ਅਮਨਦੀਪ ਸਿੰਘ ਡੀ.ਪੀ.ਬੱਬੂ ਸਿੰਘ ਤੇ ਪਰਗਟ ਸਿੰਘ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਚੇਅਰਮੈਨ ਸ੍ਰੀ ਰਾਮਪਾਲ ਸਿੰਘ ਸੇਖੋਂ ਨੇ ਬੱਚਿਆਂ ਨੂੰ ਇਸ ਜਿੱਤ 'ਤੇ ਵਧਾਈ ਦਿੱਤੀ ਤੇ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਅਹਿਮ ਉਪਰਾਲੇ ਕੀਤੇ ਜਾਂਦੇ ਹਨ।

## ਵਿਜ਼ਨ ਐਜੂਕੇਸ਼ਨ ਦੇ ਵਿਦਿਆਰਥੀ ਨੇ ਪੀਟੀਈ 'ਚੋਂ 76 ਸਕੋਰ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਮੁੱਖ ਬੱਸ ਸਟੈਂਡ ਵਿਖੇ ਸਥਿਤ ਇਲਾਕੇ ਦੀ ਨਾਮਵਾਰ ਸੰਸਥਾ ਵਿਜ਼ਨ ਐਜੂਕੇਸ਼ਨ ਐਂਡ ਇਮੀਗਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇੱਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਊਧੇ ਗੋਇਲ ਪੁੱਤਰ ਜਸਪਾਲ ਗੋਇਲ ਵਾਸੀ ਬਾਘਾ ਪੁਰਾਣਾ ਨੇ ਪੀਟੀਈ ਵਿੱਚੋਂ ਓਵਰਆਲ 76 ਸਕੋਰ ਪ੍ਰਾਪਤ ਕਰਕੇ ਆਪਣਾ ਤੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ ਹੈ।ਇਸ ਮੌਕੇ ਪ੍ਰਬੰਧਕਾਂ ਨੇ ਵਿਦਿਆਰਥੀ ਤੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੱਸਿਆ ਕਿ ਇਥੋਂ ਆਈਲਟਸ ਦੀ ਤਿਆਰੀ ਆਧੁਨਿਕ ਤੇ ਮਾਹਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ ਤਾਂ ਜੋ ਵਿਦਿਆਰਥੀ ਵਧੀਆ ਬੈਂਡ ਸਕੋਰ ਹਾਸਲ ਕਰ ਸਕਣ।

## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਨੂੰ ਬੈਸਟ ਐਲਾਨਿਆ



**ਹਠੂਰ (ਨਛੱਤਰ ਸੰਧੂ)**-ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਨੂੰ ਕੈਰੀਅਰ 360 ਵੱਲੋਂ ਇੰਡੀਆ ਬੈਸਟ ਸਕੂਲਜ਼ 2024 ਦੇ ਸਰਵੇ ਦੇ ਅਧਾਰ 'ਤੇ ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ, ਅਧਿਆਪਕਾਂ ਦੇ ਵਿੱਦਿਅਕ ਪ੍ਰਾਪਤੀਆਂ ਲਈ ਦਿੱਤੇ ਯੋਗਦਾਨ ਤੇ ਵਿੱਦਿਅਕ ਸਹੂਲਤਾਂ ਨੂੰ ਦੇਖਦੇ ਹੋਏ 111+ ਗਰੇਡ (2023-24) ਘੋਸ਼ਿਤ ਕੀਤਾ ਗਿਆ।ਕੈਰੀਅਰ 360 ਤਿੰਨ ਸਾਲਾਂ ਤੋਂ ਸਕੂਲਾਂ ਦਾ ਨਰੀਖਣ ਕਰ ਰਹੀ ਹੈ।ਇਸ ਲਈ ਸੁਪਰੀਮ ਕੌਨਵੈਂਟ ਸਕੂਲ, ਜੋ ਕਿ ਪੇਂਡੂ ਖੇਤਰ ਵਿੱਚ ਇਹ ਵਿੱਦਿਅਕ ਸੰਸਥਾ ਹਰ ਪੱਖ ਤੋਂ ਮਾਪਿਆਂ ਤੇ ਵਿਦਿਆਰਥੀਆਂ ਦੀਆਂ ਵਿੱਦਿਅਕ ਸਹੂਲਤਾਂ ਦੇ ਨਾਲ ਸ਼ਹਿਰੀ ਸਕੂਲ ਵਾਲੀਆਂ ਹਰ ਸਹੂਲਤਾਂ ਵੀ ਪੇਂਡੂ ਬੱਚਿਆਂ ਨੂੰ ਪ੍ਰਦਾਨ ਕਰ ਰਹੀ ਹੈ।ਸੁਪਰੀਮ ਕੌਨਵੈਂਟ ਸਕੂਲ ਦੇ ਪ੍ਰੈਜ਼ੀਡੈਂਟ ਸ੍ਰ. ਚਰਨ ਸਿੰਘ, ਚੇਅਰਮੈਨ ਯੋਗਿੰਦਰ ਪ੍ਰਸ਼ਾਦ ਸ਼ਰਮਾ ਨੇ ਇਸ ਪ੍ਰਾਪਤੀ ਲਈ ਸਭ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਸਕੂਲ ਦੀਆਂ ਪ੍ਰਾਪਤੀਆਂ ਪ੍ਰਤੀ ਵੇਰਵਾ ਦਿੰਦਿਆਂ ਦੱਸਿਆ ਕਿ ਸੁਪਰੀਮ ਕੌਨਵੈਂਟ ਸਕੂਲ ਪੇਂਡੂ ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਰਹੀ ਹੈ ਤੇ ਇਸ ਖੁਸ਼ੀ ਦੇ ਮੌਕੇ 'ਤੇ ਪ੍ਰਿੰਸੀਪਲ ਨੇ ਵਧਾਈ ਦਿੰਦੇ ਹੋਏ ਸਭ ਦਾ ਧੰਨਵਾਦ ਕੀਤਾ।

## ਵੱਧ ਵੋਟਰ ਪ੍ਰਤੀਸ਼ਤਤਾ ਨੂੰ ਯਕੀਨੀ ਬਣਾਉਣ ਲਈ ਕੀਤਾ ਜਾਗਰੂਕ



**ਜਲਾਲਾਬਾਦ (ਜੀਤ ਕੁਮਾਰ)**-1 ਜੂਨ ਨੂੰ ਪੈ ਰਹੀਆਂ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫਸਰ ਫਾਜ਼ਿਲਕਾ-ਕਮ-ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ, ਏ.ਡੀ.ਸੀ. ਰਾਕੇਸ਼ ਕੁਮਾਰ ਪੋਪਲੀ ਦੇ ਦਿਸ਼ਾ ਨਿਰਦੇਸ਼ਾਂ ਤੇ ਜਲਾਲਾਬਾਦ-079 ਚੋਣ ਅਧਿਕਾਰੀ-ਕਮ-ਉੱਪ ਮੰਡਲ ਮੈਜਿਸਟਰੇਟ ਬਲਕਰਨ ਸਿੰਘ ਦੀ ਯੋਗ ਅਗਵਾਈ ਹੇਠ ਵੱਧ ਵੋਟਰ ਪ੍ਰਤੀਸ਼ਤਤਾ ਨੂੰ ਯਕੀਨੀ ਬਣਾਉਣ ਲਈ ਸਵੀਪ ਪ੍ਰੋਜੈਕਟ ਅਧੀਨ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਵੋਟਰ ਜਾਗਰੂਕਤਾ ਲਈ ਜਲਾਲਾਬਾਦ ਦੀ ਟੀਮ ਸਵੀਪ ਵੱਲੋਂ 1 ਜੂਨ ਨੂੰ ਪੈਣ ਜਾ ਰਹੀਆਂ ਲੋਕ ਸਭਾ ਚੋਣਾਂ ਲਈ ਵੋਟਰ ਜਾਗਰੂਕਤਾ ਲਿਆਉਣ ਦੇ ਉਦੇਸ਼ ਨਾਲ ਅੱਜ ਡੋਰ ਟੂ ਡੋਰ ਵੱਖ-ਵੱਖ ਦੁਕਾਨਾਂ, ਗਲੀ ਮੁਹੱਲਿਆਂ ਤੇ ਵੱਖ ਵੱਖ ਸਿਨੇਮਾ ਘਰਾਂ ਵਿਖੇ ਜਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪੋਲ ਕਰਨ ਲਈ ਜਾਗਰੂਕ ਕੀਤਾ ਗਿਆ। ਇਹ ਟੀਮ ਇੰਚਾਰਜ ਅਮਰਦੀਪ ਬਾਲੀ ਹੈੱਡਮਾਸਟਰ ਦੀ ਅਗਵਾਈ ਹੇਠ ਹੁਸ਼ਿਆਰ ਸਿੰਘ ਦਰਗਨ, ਸਤਨਾਮ ਸਿੰਘ, ਰਮਨਦੀਪ ਸਿੰਘ ਦੇ ਸਹਿਯੋਗ ਨਾਲ ਕੀਤਾ ਗਿਆ ਤੇ ਚੋਣ ਸੈੱਲ ਸੁਖਵਿੰਦਰ ਸਿੰਘ, ਸੁਰਿੰਦਰ ਛਿੰਦਾ ਤੇ ਰੂਬੀ ਮੈਡਮ ਦਾ ਪੂਰਾ ਸਹਿਯੋਗ ਰਿਹਾ।

## ਲੇਖਕਾਂ ਦੀ ਮੀਟਿੰਗ ਦੌਰਾਨ ਸਾਹਿਤ ਸਭਾ ਬਣਾਉਣ 'ਤੇ ਚਰਚਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਲੇਖਕਾਂ ਤੇ ਸਾਹਿਤਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਦੇ ਮਕਸਦ ਨਾਲ ਪ੍ਰਸਿੱਧ ਗੀਤਕਾਰ ਤਰਸੇਮ ਖਾਸਪੁਰੀ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਇਲਾਕੇ ਨਾਲ ਸਬੰਧਤ ਪ੍ਰਮੁੱਖ ਲੇਖਕਾਂ, ਸਾਹਿਤਕਾਰਾਂ ਤੇ ਕਲਮ ਨਵੀਸਾਂ ਦੀ ਮੀਟਿੰਗ ਬੱਤਰਾ ਅਕੈਡਮੀ ਵਿਖੇ ਕੀਤੀ ਗਈ।ਮੀਟਿੰਗ ਦੌਰਾਨ ਸਾਹਿਤ ਸਭਾ ਬਣਾਉਣ ਤੇ ਅਜੋਕੇ ਸਮੇਂ ਦੇ ਸਾਹਿਤ 'ਤੇ ਖੁੱਲ੍ਹ ਕੇ ਚਰਚਾ ਹੋਈ।ਇਸ ਮੌਕੇ ਰਚਨਾਵਾਂ ਪੜ੍ਹਨ ਵਾਲਿਆਂ ਵਿੱਚ ਖਾਸਪੁਰੀ ਰਿਕਾਰਡਜ਼ ਦੇ ਹੈੱਡ ਤਰਸੇਮ ਸਿੰਘ ਖਾਸਪੁਰ, ਨਿਰਮਲਾ ਗਰਗ, ਗੁਰਨਾਮ ਸਿੰਘ ਚੌਹਾਨ, ਭੁਪਿੰਦਰ ਜੀਤ ਸਿੰਘ ਮੌਲਵੀਵਾਲਾ, ਬਲਬੀਰ ਸਿੰਘ ਢਿੱਲੋਂ, ਅਨੀਤਾ ਅਰੋੜਾ, ਰਮਨਦੀਪ ਕੌਰ ਕਲੇਰ, ਰਾਮਫਲ ਰਾਜਲਹੇੜੀ, ਵਿਨੋਦ ਜਿੰਦਲ ਘੱਗਾ, ਕਾਕਾ ਹਰੀਗੜ੍ਹ, ਰਵੀ ਘੱਗਾ, ਮੀਤ ਸ਼ੁਤਰਾਣਾ, ਗੁਰਚਰਨ ਸਿੰਘ ਧੰਜੂ, ਜਤਿਨ ਬੱਤਰਾ, ਰਕੇਸ਼ ਕੁਮਾਰ ਤਬਲਾ ਵਾਦਕ, ਜੱਗੀ ਘੰਗਰੋਲੀ ਗੀਤਕਾਰ ਤੇ ਅਦਾਕਾਰ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।ਮੀਟਿੰਗ ਦੌਰਾਨ ਪੜ੍ਹੀਆਂ ਗਈਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋਈ।

## ਭਾਰਤ ਵਿਕਾਸ ਪ੍ਰੀਸ਼ਦ ਨੇ ਜਲ ਦੀ ਸੇਵਾ ਕੀਤੀ ਸ਼ੁਰੂ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਭਾਰਤ ਵਿਕਾਸ ਪ੍ਰੀਸ਼ਦ ਟੀਮ ਬਾਘਾ ਪੁਰਾਣਾ ਵੱਲੋਂ ਚੰਨੂਵਾਲਾ ਰੋਡ ਵਿਖੇ ਬੱਸ ਸਟੈਂਡ ਉਪਰ ਠੰਢੇ ਜਲ ਦੀ ਸੇਵਾ ਸ਼ੁਰੂ ਕੀਤੀ ਗਈ ਹੈ ਤਾਂ ਜੋ ਅੱਤ ਦੀ ਗਰਮੀ ਵਿੱਚ ਰਾਹਗੀਰਾਂ ਨੂੰ ਪੀਣ ਲਈ ਪਾਣੀ ਮਿਲ ਸਕੇ।ਇਹ ਛਬੀਲ ਗਰਮੀ ਦੇ ਮੌਸਮ ਦੌਰਾਨ ਚਾਲੂ ਰਹੇਗੀ। ਇਸ ਛਬੀਲ ਦੀ ਸ਼ੁਰੂਆਤ ਮੌਕੇ ਭੂਸ਼ਣ ਗੋਇਲ ਪ੍ਰਧਾਨ, ਸ਼ਸ਼ੀ ਗਰਗ ਚੇਅਰਮੈਨ, ਦਵਿੰਦਰ ਬਾਂਸਲ ਸੈਕਟਰੀ ਤੇ ਅਜੈ ਗੁੰਬਰ ਕੈਸ਼ੀਅਰ ਤੋਂ ਇਲਾਵਾ ਕੇਵਲ ਕ੍ਰਿਸ਼ਨ ਬਾਂਸਲ, ਯੋਗੇਸ਼ ਗੋਇਲ, ਭਗਵੰਤ ਰਾਏ, ਵਿਜੈ ਅੰਮ੍ਰਿਤਪਾਲ ਬੰਟੀ, ਅਸ਼ਵਨੀ ਮਿਤਲ, ਮਨੋਜ ਗੋਇਲ, ਸੰਜੀਵ ਮਿੱਤਲ, ਹਰੀ ਗੋਰਵ ਜਿੰਦਲ, ਮੁਕੇਸ਼ ਸੈਨੀ, ਰਿਸ਼ੂ ਅਰੋੜਾ ਤੇ ਸੰਜੇ ਬਾਂਸਲ ਤੋਂ ਇਲਾਵਾ ਹੋਰ ਬਹੁਤ ਸਾਰੇ ਮੈਂਬਰ ਸ਼ਾਮਲ ਹੋਏ ਹਨ।

# ਗੁਜਰਾਤ ਦੇ ਸਾਬਕਾ ਮੰਤਰੀ ਦੇ ਆਉਣ ਨਾਲ ਹਲਕੇ 'ਚ ਭਾਜਪਾ ਦਾ ਚੋਣ ਪ੍ਰਚਾਰ ਭਖਿਆ



**ਸਮਰਾਲਾ (ਸੁਰਜੀਤ ਸਿੰਘ)**-ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਵਿੱਚ ਭਾਜਪਾ ਨੂੰ ਉਸ ਸਮੇਂ ਭਾਰੀ ਬਲ ਮਿਲਿਆ, ਜਦੋਂ ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਰਣਜੀਤ ਸਿੰਘ ਗਹਿਲੇਵਾਲ, ਅਸ਼ੋਕ ਕੁਮਾਰ ਬੁੱਧੀਜੀਵੀ ਸੈੱਲ ਭਾਜਪਾ ਕੋਰ ਕਮੇਟੀ ਪੰਜਾਬ ਦੇ ਐਗਜੈਕਟਿਵ ਮੈਂਬਰ, ਅਜੀਤ ਗੁਪਤਾ ਜ਼ਿਲ੍ਹਾ ਵਾਈਸ ਪ੍ਰਧਾਨ ਖੰਨਾ ਦੀ ਅਗਵਾਈ ਹੇਠ ਗੁਜਰਾਤ ਦੇ ਸਾਬਕਾ ਮੰਤਰੀ ਨਰੇਸ਼ ਭਾਈ ਪਟੇਲ ਨੂੰ ਨਾਲ ਲੈ ਕੇ ਵਿਧਾਨ ਸਭਾ ਹਲਕਾ ਦੇ ਚਾਰੇ ਮੰਡਲਾਂ ਦੇ ਪ੍ਰਧਾਨਾਂ, ਵੱਖ ਵੱਖ ਅਹੁਦੇਦਾਰਾਂ ਤੇ ਵਰਕਰਾਂ ਨੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ।ਇਸ ਦੌਰੇ ਦੌਰਾਨ ਭਾਜਪਾ ਆਗੂਆਂ ਨੂੰ ਪਿੰਡਾਂ ਵਿੱਚੋਂ ਭਰਵਾਂ ਹੁੰਗਾਰਾ ਮਿਲਿਆ ਹੈ।ਇਸ ਹੁੰਗਾਰੇ ਨਾਲ ਭਾਜਪਾ ਆਗੂਆਂ ਦੇ ਹੌਸਲੇ ਬੁਲੰਦ ਹੋ ਗਏ ਹਨ।ਉਨ੍ਹਾਂ ਪੂਰਨ ਆਸ ਪ੍ਰਗਟ ਕੀਤੀ ਕਿ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਗੇਜਾ ਰਾਮ ਵਾਲਮੀਕ ਇਹ ਸੀਟ ਜ਼ਰੂਰ ਜਿੱਤਣਗੇ ਤੇ ਲੋਕ ਸਭਾ ਵਿੱਚ ਬਣਨ ਜਾ ਰਹੀ ਭਾਜਪਾ ਸਰਕਾਰ ਕੋਈ ਅਹੁਦਾ ਜ਼ਰੂਰ ਪ੍ਰਾਪਤ ਕਰਨਗੇ ਅਤੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿਕਾਸ ਕੰਮਾਂ ਨੂੰ ਹੁਲਾਰਾ ਦੇਣਗੇ ਅਤੇ ਨਵੇਂ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨਗੇ।ਇਸ ਮੌਕੇ ਜ਼ਿਲ੍ਹਾ ਵਾਈਸ ਪ੍ਰਧਾਨ ਅਜੀਤ ਗੁਪਤਾ ਨੇ ਕਿਹਾ ਕਿ ਇਸ ਵਾਰੀ ਭਾਜਪਾ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਸੀਟਾਂ ਪ੍ਰਾਪਤ ਕਰੇਗੀ ਤੇ 2027 ਵਿੱਚ ਪੰਜਾਬ ਵਿੱਚ ਭਾਜਪਾ ਸਰਕਾਰ ਆਪਣਾ ਪ੍ਰਚੰਮ ਲਹਿਰਾਏਗੀ।ਇਸ ਲਈ ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੇ ਹੱਥ ਮਜ਼ਬੂਤ ਕਰਨ ਤੇ ਗੇਜਾ ਰਾਮ ਵਾਲਮੀਕ ਨੂੰ ਜਿੱਤਾ ਕੇ ਸੰਸਦ ਵਿੱਚ ਭੇਜਣ।

## ਸਿਆਸੀ ਲੀਡਰਾਂ ਦੇ ਪਿੱਛੇ ਲੱਗ ਕੇ ਆਪਸੀ ਰਿਸ਼ਤੇ ਖਰਾਬ ਨਾ ਕੀਤੇ ਜਾਣ : ਰੋਟੇਰੀਅਨ ਰਾਸ਼ਿਦ ਸ਼ੇਖ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਦੇਸ਼ 'ਚ ਚੋਣਾਂ ਦਾ ਦੰਗਲ ਪੂਰੀ ਤਰ੍ਹਾਂ ਭੱਖ ਚੁੱਕਿਆ ਹੈ।ਲੋਕ ਸਭਾ ਦੀਆਂ ਬਹੁਤੀਆਂ ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ, ਪਰ ਪੰਜਾਬ 'ਚ ਵੋਟਾਂ ਆਖਰੀ ਗੇੜ 'ਚ ਹੋਣ ਕਰਕੇ ਚੋਣ ਪ੍ਰਚਾਰ ਜ਼ੋਰ ਫੜ ਗਿਆ ਹੈ।ਰਾਜਨੀਤਕ ਪਾਰਟੀਆਂ ਇੱਕ ਦੂਜੇ 'ਤੇ ਦੂਸ਼ਣਬਾਜ਼ੀ ਕਰ ਰਹੀਆਂ ਹਨ।ਜਨਤਕ ਥਾਵਾਂ 'ਤੇ ਜਿੱਧਰ ਵੀ ਨਜ਼ਰ ਮਾਰੋ ਆਮ ਜਨਤਾ 'ਚ ਵੋਟਾਂ ਦੀ ਚਰਚਾ ਹੋ ਰਹੀ ਹੈ। ਲੋਕ ਆਪਣੇ ਰਾਜਨੇਤਾਵਾਂ ਨੂੰ ਚੋਣ ਮੈਦਾਨ 'ਚ ਸਹੀ ਤੇ ਭਾਰੂ ਸਾਬਿਤ ਕਰਨ ਲਈ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।ਕਈ ਵਾਰ ਚੋਣ ਪ੍ਰਚਾਰ 'ਚ ਵਰਤੇ ਜਾਣ ਵਾਲੇ ਵਿੰਗੇ ਟੇਢੇ ਢੰਗ ਆਪਸੀ ਸੰਦਭਾਵਨਾ ਲਈ ਮਾਰੂ ਸਾਬਿਤ ਹੁੰਦੇ ਹਨ।ਇਸੇ ਵਿਸ਼ੇ ਨੂੰ ਲੈ ਕੇ ਰੋਟਰੀ ਕਲੱਬ ਮਾਲੇਰਕੋਟਲਾ ਦੇ ਸਾਬਕਾ ਪ੍ਰਧਾਨ ਸ਼੍ਰੀ ਰਾਸ਼ਿਦ ਸ਼ੇਖ ਨੇ ਪ੍ਰੈੱਸ ਦੇ ਨਾਂਅ ਇੱਕ ਬਿਆਨ ਜਾਰੀ ਕਰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਕ ਪਾਰਟੀਆਂ ਦੇ ਪਿੱਛੇ ਲੱਗ ਕੇ ਇਸ ਹੱਦ ਤੱਕ ਭਾਵੁਕ ਨਾ ਹੋਣ, ਜਿਸ ਨਾਲ ਸਾਡੇ ਭਾਈਚਾਰਕ ਰਿਸ਼ਤੇ ਖਰਾਬ ਹੋ ਜਾਣ।ਉਨ੍ਹਾ ਕਿਹਾ ਕਿ ਸਾਨੂੰ ਚੋਣ ਪ੍ਰਚਾਰ ਜ਼ਰੂਰ ਕਰਨਾ ਚਾਹੀਦਾ ਹੈ, ਪਰ ਆਪਣੀ ਗੱਲ ਮਨਵਾਉਣ ਲਈ ਆਪਣੇ ਰਿਸ਼ਤੇਦਾਰਾਂ, ਗੁਆਂਢੀਆਂ ਤੇ ਦੋਸਤਾਂ-ਮਿੱਤਰਾਂ 'ਤੇ ਗੈਰ-ਜ਼ਰੂਰੀ ਦਬਾਓ ਨਹੀਂ ਪਾਉਣਾ ਚਾਹੀਦਾ।ਸ਼੍ਰੀ ਰਾਸ਼ਿਦ ਸ਼ੇਖ ਨੇ ਕਿਹਾ ਕਿ ਰਾਜਨੀਤਕ ਪਾਰਟੀਆਂ ਆਪਣਾ ਮਤਲਬ ਕੱਢ ਕੇ ਚਲੀਆਂ ਜਾਂਦੀਆਂ ਹਨ, ਪਰ ਲੋਕ ਆਪਣੇ ਸਮਾਜਿਕ ਰਿਸ਼ਤੇ ਆਉਣ ਵਾਲੇ ਲੰਮੇ ਸਮੇਂ ਲਈ ਖਰਾਬ ਕਰ ਬੈਠਦੇ ਹਨ।ਸੰਵਿਧਾਨ ਨੇ ਸਭ ਨਾਗਰਿਕਾਂ ਨੂੰ ਵੋਟ ਦਾ ਬਰਾਬਰ ਅਧਿਕਾਰ ਦਿੱਤਾ ਹੈ, ਇਸ ਲਈ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਦਬਾਓ ਜਾਂ ਲਾਲਚ ਦੇ ਆਪਣੀ ਮਰਜ਼ੀ ਨਾਲ ਕੀਤੀ ਜਾਵੇ।ਉਨ੍ਹਾਂ ਆਮ ਜਨਤਾ ਨੂੰ ਬੇਨਤੀ ਕਰਦਿਆਂ ਕਿਹਾ ਕਿ ਪੰਜ ਸਾਲ ਲੀਡਰਾਂ ਨੂੰ ਬੁਰਾ ਭਲਾ ਬੋਲਣ ਦੀ ਬਜਾਏ ਹੁਣ ਆਪਣੀ ਵੋਟ ਦੀ ਵਰਤੋਂ ਸੋਚ ਸਮਝ ਕੇ ਅਤੇ ਜ਼ਰੂਰ ਕੀਤੀ ਜਾਵੇ।

## ਕਾਲਜ ਝਾੜ ਸਾਹਿਬ ਨੂੰ ਅੱਪਗ੍ਰੇਡ ਕਰਨ 'ਤੇ ਇਲਾਕੇ 'ਚ ਖੁਸ਼ੀ ਦੀ ਲਹਿਰ

**ਸਮਰਾਲਾ (ਸੁਰਜੀਤ ਸਿੰਘ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੇਖ ਰੇਖ ਵਿੱਚ ਚੱਲ ਰਹੇ ਇਲਾਕੇ ਦੀ ਲੜਕੀਆਂ ਲਈ ਇੱਕੋ ਇੱਕ ਸਿੱਖਿਆ ਸੰਸਥਾ ਝਾੜ ਸਾਹਿਬ ਕਾਲਜ ਨੂੰ ਅੱਪਗ੍ਰੇਡ ਕਰਨ 'ਤੇ ਇਲਾਕੇ ਵਿੱਚ ਖੁਸ਼ੀ ਦੇ ਲਹਿਰ ਹੈ।ਕਾਲਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਦੱਸਿਆ ਕਿ ਨਵੇਂ ਸੈਸ਼ਨ ਲਈ ਕਾਲਜ ਵੱਲੋਂ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ, ਜੋਕਿ ਲੜਕੀਆਂ ਦੀ ਸਿੱਖਿਆ ਲਈ ਲਾਹੇਵੰਦ ਸਾਬਿਤ ਹੋਣਗੇ।ਉਨ੍ਹਾਂ ਇਸ ਦੀ ਤਫ਼ਸੀਲ ਸਾਂਝੀ ਕਰਦਿਆਂ ਦੱਸਿਆ ਕਿ ਐੱਸ ਜੀ ਪੀ ਸੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਨੇ ਵਿੱਦਿਆ ਦੇ ਖੇਤਰ ਵਿੱਚ ਅਹਿਮ ਕੀਰਤੀਮਾਨ ਸਥਾਪਤ ਕਰਦਿਆਂ ਸੰਸਥਾਵਾਂ ਨੂੰ ਟੈਕਨਾਲੋਜੀ ਨਾਲ ਲਬਰੇਜ਼ ਕਰਦਿਆਂ ਬਣਦਾ ਅਹਿਮ ਯੋਗਦਾਨ ਦੇ ਕੇ ਸਾਰਥਿਕ ਭੂਮਿਕਾ ਨਿਭਾਈ ਹੈ।ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਖਾਸ ਐਡਵੋਕੇਟ ਹਰਜਿੰਦਰ ਸਿੰਘ ਧਾਮੀ (ਪ੍ਰਧਾਨ ਸ਼੍ਰੋ.ਗੁ.ਪ੍ਰ.ਕਮੇਟੀ) ਦੀ ਰਹਿਨੁਮਾਈ ਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦੀ ਅਗਵਾਈ ਵਿੱਚ ਸਿਰਕੱਢ ਸੰਸਥਾਵਾਂ ਵਿੱਚ ਸ਼ੁਮਾਰ ਹੋ ਕੇ ਅਥਾਹ ਬੁਲੰਦੀਆਂ ਨੂੰ ਛੂਹ ਰਿਹਾ ਹੈ।ਸੰਸਥਾ ਦੇ ਕਰਮਚਾਰੀਆਂ ਨੂੰ ਵਿੱਤੀ ਸਹਾਇਤਾ ਦੇ ਕੇ ਮਨੋਬਲ ਬਣਾਈ ਰੱਖਣ ਲਈ ਸ਼੍ਰੋਮਣੀ ਕਮੇਟੀ ਸਦਾ ਤੱਤਪਰ ਰਹੀ ਹੈ।ਇਸ ਸਮੇਂ ਦੌਰਾਨ ਆਰਥਿਕ ਸੰਕਟ ਦੇ ਬਾਵਜੂਦ ਕਿਸੇ ਮੁਲਾਜ਼ਮ ਦੀ ਤਨਖਾਹ ਕਟੌਤੀ ਨਹੀਂ ਕੀਤੀ ਗਈ।ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਨੇ ਕਾਲਜ ਦੇ ਸਾਜ਼ੋ ਸਾਮਾਨ ਲਈ ਬਹੁਤ ਹੀ ਖੁੱਲਦਿਲੀ ਨਾਲ ਸਹਾਇਤਾ ਦਿੱਤੀ ਤਾਂ ਜੋ ਵਿਦਿਆਰਥਣਾਂ ਨੂੰ ਹਰ ਸਹੂਲਤ ਪ੍ਰਦਾਨ ਕੀਤੀ ਜਾ ਸਕੇ।ਐੱਸ ਜੀ ਪੀ ਸੀ ਵੱਲੋਂ ਸਟਾਫ਼ ਦੀਆਂ ਬਕਾਇਆ ਰਹਿੰਦੀਆਂ ਤਨਖਾਹਾਂ ਦੀ ਕੁੱਲ ਰਾਸ਼ੀ 1,42,91,629 ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਕਾਲਜ ਵਿਦਿਆਰਥਣਾਂ ਦੀ ਸਹੂਲਤ ਲਈ ਬੱਸ ਸਟੈਂਡ ਦੀ ਉਸਾਰੀ ਤੇ ਸਟੇਡੀਅਮ ਦਾ ਨਵੀਨੀਕਰਨ, ਲਾਇਬ੍ਰੇਰੀ ਨੂੰ ਹਾਈਟੈੱਕ ਕੀਤੇ ਜਾਣ ਵਰਗੇ ਵਿਕਾਸ ਕਾਰਜ ਕੀਤੇ ਗਏ ਹਨ।ਕਾਲਜ ਵਿਖੇ ਅਜੋਕੇ ਦੌਰ ਵਿੱਚ ਵਿਦਿਆਰਥਣਾਂ ਨੂੰ ਸਮੇਂ ਦੇ ਹਾਣੀ ਬਣਾਉਣ ਹਿੱਤ ਆਧੁਨਿਕ ਟੈਕਨਾਲੋਜੀ ਨਾਲ ਲੈਸ ਕਰਨ ਲਈ ਦੋ ਸਮਾਰਟ ਕਲਾਸ ਰੂਮ ਵਿਸ਼ੇਸ਼ ਤੌਰ 'ਤੇ ਬਣਵਾਏ ਗਏ, ਕਿਉਂਕਿ ਟੈਕਨਾਲੋਜੀ ਹਰ ਖੇਤਰ ਵਿੱਚ ਕਲਪਨਾ ਤੋਂ ਪਰੇ ਉਤਪਾਦਨ ਵਿੱਚ ਕਾਂਤ੍ਰੀ ਲਿਆਉਂਦੀ ਹੈ।ਕਾਲਜ ਦੇ ਹੋਮ ਸਾਇੰਸ ਵਿਭਾਗ ਦੀਆਂ ਜ਼ਰੂਰਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਵੱਖ ਵੱਖ ਉਪਕਰਨ ਦਿੱਤੇ ਗਏ।ਖੇਡ ਮੈਦਾਨਾਂ ਲਈ ਅੰਡਰ ਗਰਾਊਂਡ ਵਾਟਰ ਸਪਲਾਈ, ਸੀ.ਸੀ.ਟੀ.ਵੀ. ਤੇ ਹੋਰ ਸਾਜ਼ੋ ਸਾਮਾਨ ਮੁਹੱਈਆ ਕੀਤਾ ਗਿਆ।

## ਹਨੀ ਫੱਤਣਵਾਲਾ ਵੱਲੋਂ ਭੁੱਲਰ ਦੇ ਦਿਹਾਂਤ 'ਤੇ ਦੁੱਖ ਸਾਂਝਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਨੇੜਲੇ ਪਿੰਡ ਭੁੱਲਰ ਵਾਸੀ ਮੰਦਰ ਸਿੰਘ (75) ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ।ਉਨ੍ਹਾ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਪਿੰਡ ਭੁੱਲਰ ਪੁੱਜੇ, ਜਿੱਥੇ ਉਨ੍ਹਾਂ ਨੇ ਮੰਦਰ ਸਿੰਘ ਦੇ ਪੁੱਤਰ ਮਨਫੂਲ ਸਿੰਘ ਦੁੱਖ ਸਾਂਝਾ ਕੀਤਾ।ਦੁੱਖ ਪ੍ਰਗਟ ਕਰਦਿਆਂ ਹਨੀ ਫੱਤਣਵਾਲਾ ਨੇ ਕਿਹਾ ਕਿ ਮੰਦਰ ਸਿੰਘ ਭੁੱਲਰ ਬਹੁਤ ਹੀ ਨੇਕ ਦਿਲ ਤੇ ਮਿਲਣਸਾਰ ਵਿਅਕਤੀ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਮੌਕੇ ਗੁਰਲਾਲ ਸਿੰਘ ਭੁੱਲਰ, ਬੋਹੜ ਸਿੰਘ, ਅੰਗਰੇਜ ਸਿੰਘ, ਗੁਰਮੀਤ ਸਿੰਘ, ਰਾਜੂ ਭੁੱਲਰ, ਜਗਸੀਰ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਮਾਹਵਾਰੀ ਸਫਾਈ ਦਿਵਸ 'ਤੇ ਬਲਾਕ ਖੂਈਖੇੜਾ 'ਚ ਜਾਗਰੂਕਤਾ ਪ੍ਰੋਗਰਾਮ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸਿਵਲ ਸਰਜਨ ਫਾਜ਼ਿਲਕਾ ਡਾ: ਚੰਦਰ ਸ਼ੇਖਰ ਕੱਕੜ ਤੇ ਸੀ.ਐੱਚ.ਸੀ. ਖੂਈਖੇੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ: ਵਿਕਾਸ ਗਾਂਧੀ ਦੀ ਅਗਵਾਈ ਹੇਠ ਬਲਾਕ ਸੀ.ਐੱਚ.ਸੀ. ਖੂਈਖੇੜਾ ਦੇ ਵੱਖ-ਵੱਖ ਪਿੰਡਾਂ ਵਿੱਚ ਮਾਹਵਾਰੀ ਸਵੱਛਤਾ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।ਇਸ ਮੌਕੇ ਮੈਡੀਕਲ ਅਫ਼ਸਰ ਡਾ: ਸ਼ਿਲਪਾ ਨੇ ਦੱਸਿਆ ਕਿ 'ਮਾਹਵਾਰੀ ਸਵੱਛਤਾ ਦਿਵਸ' ਯਾਨੀ 'ਮੈਨਸਟਰੂਅਲ ਹਾਈਜਨ ਡੇਅ' ਹਰ ਸਾਲ 28 ਮਈ ਨੂੰ ਮਨਾਇਆ ਜਾਂਦਾ ਹੈ।ਇਸ ਦਾ ਮਕਸਦ ਔਰਤਾਂ ਨੂੰ ਮਾਹਵਾਰੀ ਦੌਰਾਨ ਸਫਾਈ ਦੇ ਮਹੱਤਵ ਨੂੰ ਸਮਝਾਉਣਾ ਹੈ।ਪਿੰਡਾਂ ਤੇ ਸ਼ਹਿਰਾਂ ਵਿੱਚ ਰਹਿੰਦੀਆਂ ਲੱਖਾਂ ਔਰਤਾਂ ਇਸ ਸਬੰਧੀ ਕਈ ਅਹਿਮ ਜਾਣਕਾਰੀਆਂ ਤੋਂ ਅਜੇ ਵੀ ਅਣਜਾਣ ਹਨ ਅਤੇ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਥੋੜ੍ਹੀ ਜਿਹੀ ਲਾਪ੍ਰਵਾਹੀ ਉਨ੍ਹਾਂ ਨੂੰ ਹੈਪੇਟਾਈਟਸ ਬੀ, ਸਰਵਾਈਕਲ ਕੈਂਸਰ, ਯੋਨੀ ਦੀ ਲਾਗ ਵਰਗੀਆਂ ਗੰਭੀਰ ਬਿਮਾਰੀਆਂ ਵੱਲ ਧੱਕ ਸਕਦੀ ਹੈ।ਇਸ ਦਾ ਅਸਰ ਔਰਤਾਂ ਨੂੰ ਸਰੀਰਕ ਤੌਰ 'ਤੇ ਹੀ ਨਹੀਂ ਮਾਨਸਿਕ ਤੌਰ 'ਤੇ ਵੀ ਲੰਬੀ ਉਮਰ ਲਈ ਪ੍ਰੇਸ਼ਾਨ ਕਰ ਸਕਦਾ ਹੈ।ਦਰਅਸਲ, ਦੁਨੀਆ ਭਰ ਵਿੱਚ ਅਜੇ ਵੀ ਕਈ ਅਜਿਹੇ ਸਮਾਜ ਹਨ, ਜਿੱਥੇ ਔਰਤਾਂ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰ ਪਾਉਂਦੀਆਂ। ਅਜਿਹੇ 'ਚ ਉਨ੍ਹਾਂ ਨੂੰ ਕਦੇ ਵੀ ਇਸ ਗੱਲ ਦੀ ਜਾਣਕਾਰੀ ਨਹੀਂ ਮਿਲਦੀ ਕਿ ਪੀਰੀਅਡਸ ਦੌਰਾਨ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜਾਂ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਕਾਰਨ ਕੀ ਹੈ, ਸਫਾਈ ਆਦਿ ਦੀ ਮਦਦ ਨਾਲ ਕਿਹੜੀਆਂ ਬੀਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਅਜਿਹੇ 'ਚ ਇਸ ਦਿਨ ਦੇ ਮੌਕੇ ਅਜਿਹਾ ਮਾਹੌਲ ਸਿਰਜਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਮਾਹਵਾਰੀ ਕੋਈ ਅਪਰਾਧ ਨਹੀਂ ਹੈ, ਸਗੋਂ ਇਹ ਇਕ ਆਮ ਸਰੀਰਕ ਪ੍ਰਕਿਰਿਆ ਹੈ।ਇਸ ਬਾਰੇ ਘਰ ਵਿੱਚ ਤੇ ਸਮਾਜ ਵਿੱਚ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ, ਤਾਂ ਜੋ ਔਰਤਾਂ ਤੇ ਲੜਕੀਆਂ ਨੂੰ ਗੰਭੀਰ ਤੇ ਮਾਰੂ ਬਿਮਾਰੀਆਂ ਤੋਂ ਬਚਾਇਆ ਜਾ ਸਕੇ।ਇਸ ਮੌਕੇ ਬਲਾਕ ਐਜੂਕੇਟਰ ਸੁਸ਼ੀਲ ਕੁਮਾਰ ਨੇ ਵੀ 'ਮਾਹਵਾਰੀ ਸਵੱਛਤਾ ਦਿਵਸ' ਮਨਾਉਣ ਦੇ ਮਕਸਦ ਬਾਰੇ ਦੱਸਿਆ।

## ਲੇਬਰ ਅਫਸਰ ਦੇ ਦਫਤਰ ਦਾ ਘਿਰਾਓ ਹੁਣ 12 ਨੂੰ : ਐਡਵੋਕੇਟ ਉੱਡਤ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਜ਼ਿਲ੍ਹਾ ਮਾਨਸਾ ਵੱਲੋਂ ਲੇਬਰ ਅਫਸਰ ਮਾਨਸਾ ਦੇ ਦਫਤਰ ਦਾ ਘਿਰਾਓ 29 ਮਈ ਦੀ ਥਾਂ ਹੁਣ 12 ਜੂਨ ਕੀਤਾ ਜਾਵੇਗਾ।ਇਹ ਜਾਣਕਾਰੀ ਪ੍ਰੈੱਸ ਬਿਆਨ ਰਾਹੀਂ ਸਾਂਝੀ ਕਰਦਿਆਂ ਸੀ ਪੀ ਆਈ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਦੋਵੇਂ ਜਥੇਬੰਦੀਆਂ ਦੀ ਜ਼ਿਲ੍ਹਾ ਲੀਡਰਸ਼ਿਪ ਤੇ ਵਰਕਰ ਲੋਕ ਸਭਾ ਚੋਣਾਂ 'ਚ ਫਿਰਕੂ ਫਾਸ਼ੀਵਾਦੀ ਤੇ ਸੰਵਿਧਾਨ ਵਿਰੋਧੀ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਇੰਡੀਆ ਗੱਠਜੋੜ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਜਿਤਾਉਣ ਲਈ ਦਿਨ ਰਾਤ ਸਿਰਤੋੜ ਯਤਨ ਕਰ ਰਹੇ ਹਨ ਤੇ ਮਿਹਨਤਕਸ਼ ਜਨਤਾ ਨੂੰ ਮੋਦੀ ਹਕੂਮਤ ਨੂੰ ਹਰਾਉਣ ਦਾ ਸੱਦਾ ਦੇ ਰਹੇ ਹਨ, ਤਾਂ ਕਿ ਸੰਵਿਧਾਨਕ ਸੰਸਥਾਵਾਂ ਦੀ ਰਾਖੀ ਕੀਤੀ ਜਾ ਸਕੇ, ਮਹਿੰਗਾਈ ਤੇ ਬੇਰੁਜ਼ਗਾਰੀ ਦੇ ਦੈਂਤ ਨੂੰ ਨੱਥ ਪਾਈ ਜਾ ਸਕੇ।ਇਸ ਕਾਰਨ ਦੇਸ਼ ਵਿਆਪੀ ਵੱਡੀ ਲੜਾਈ ਨੂੰ ਦੇਖਦੇ ਹੋਏ ਲੋਕਲ ਮੰਗਾਂ ਲਈ ਰੱਖੇ 29 ਮਈ ਦੇ ਲੇਬਰ ਅਫਸਰ ਦੇ ਦਫਤਰ ਦਾ ਘਿਰਾਓ ਮੁਲਤਵੀ ਕਰਕੇ 12 ਜੂਨ ਨੂੰ ਰੱਖ ਦਿੱਤਾ ਹੈ।

## ਪੰਥਕ ਜਥੇਬੰਦੀਆਂ ਦੇ ਆਜ਼ਾਦ ਉਮੀਦਵਾਰ ਬਰਾੜ ਵੱਲੋਂ ਚੋਣ ਏਜੰਡਾ ਜਾਰੀ

**ਜਗਰਾਉਂ (ਅਮਿਤ ਖੰਨਾ)**-ਪੰਥਕ ਜਥੇਬੰਦੀਆਂ ਦੇ ਸਾਂਝੇ ਆਜ਼ਾਦ ਉਮੀਦਵਾਰ ਕਮਲਜੀਤ ਸਿੰਘ ਬਰਾੜ ਨੇ ਆਪਣਾ ਚੋਣ ਏਜੰਡਾ ਜਾਰੀ ਕਰਦਿਆਂ ਦਹਾਕਿਆਂ ਤੋਂ ਪੰਜਾਬ ਦੀ ਧਰਤੀ 'ਤੇ ਚੱਲ ਰਹੇ ਨਸ਼ਿਆਂ, ਲੱਚਰਤਾ ਤੇ ਫਿਰੌਤੀਆਂ ਦੇ ਖ਼ਾਤਮੇ ਦੇ ਨਾਲ ਨਾਲ ਵੱਧ ਰਹੀਆਂ ਬੇਅਦਬੀਆਂ, ਪਾਣੀਆਂ ਦੇ ਲਟਕਦੇ ਮਸਲੇ, ਬੰਦੀ ਸਿੰਘਾਂ ਦੀ ਰਿਹਾਈ ਤੇ ਹੋਰ ਮਸਲਿਆਂ ਦੇ ਹੱਲ ਲਈ ਵਾਹ ਲਗਾਉਣ ਦਾ ਅਹਿਦ ਕੀਤਾ ਹੈ।ਇੱਥੇ ਆਪਣਾ ਚੋਣ ਏਜੰਡਾ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਵੇਲੇ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਅਫ਼ਸੋਸ ਹੈ ਕਿ ਅੱਜ ਤੱਕ ਕਿਸੇ ਵੀ ਪਾਰਟੀ ਨੇ ਇਨ੍ਹਾਂ ਚੁਣੌਤੀਆਂ ਦੇ ਮੁਕਾਬਲੇ ਲਈ ਕਦੀ ਵੀ ਕਿਸੇ ਵੀ ਪਲੇਟਫਾਰਮ 'ਤੇ ਕੋਈ ਗੱਲ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਉਹ ਪਾਰਲੀਮੈਂਟ 'ਚ ਪੁੱਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੀ ਰੋਕਥਾਮ ਲਈ ਸਖ਼ਤ ਕਾਨੂੰਨ ਬਣਾ ਕੇ ਸਜ਼ਾਵਾਂ ਦਿਵਾਉਣ, ਪੰਜਾਬ ਦੀ ਧਰਤੀ ਹੇਠਲੇ ਦਰਿਆਈ ਪਾਣੀਆਂ ਦੀ ਸਾਂਭ ਸੰਭਾਲ ਤੇ ਯੋਗ ਵਰਤੋਂ ਲਈ ਨਵੇਂ ਫ਼ੈਸਲੇ ਕਰਨ, ਪੰਜਾਬ ਵੱਲ ਤੇ ਪੰਜਾਬ ਤੋਂ ਹੁੰਦੇ ਪ੍ਰਵਾਸ ਦੀ ਰੋਕਥਾਮ ਲਈ ਕੰਮ ਕਰਨ ਤੋਂ ਇਲਾਵਾ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਨਵੇਂ ਫ਼ੈਸਲੇ ਕਰਨਗੇ।ਉਨ੍ਹਾਂ ਕਿਹਾ ਕਿ ਉਹ ਪਾਰਲੀਮੈਂਟ 'ਚ ਪੁੱਜ ਕੇ ਵਪਾਰੀਆਂ ਤੇ ਕਾਰੋਬਾਰੀਆਂ ਦੀ ਸਮਾਜਿਕ ਸੁਰੱਖਿਆ, ਲਾਲਚ ਤੇ ਝਾਂਸੇ ਤਹਿਤ ਹੁੰਦੇ ਧਰਮ ਪਰਿਵਰਤਨ ਵਿਰੁੱਧ ਲੋਕ ਲਹਿਰ ਚਲਾਉਣ, ਪ੍ਰਵਾਸੀ ਪੰਜਾਬੀ ਦੀਆਂ ਜਾਇਦਾਦਾਂ ਦੀ ਸੁਰੱਖਿਆ ਕਰਨ, ਪੰਜਾਬ ਦੇ ਅੰਤਰਰਾਸ਼ਟਰੀ ਬਾਰਡਰਾਂ ਤੇ ਵਪਾਰ ਦੀ ਖੁੱਲ੍ਹ ਤੇ ਹੋਰ ਮਸਲਿਆਂ ਸਬੰਧੀ ਆਵਾਜ਼ ਬੁਲੰਦ ਕਰਨਗੇ।ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲੀ ਦਲ ਦੇ ਅਖੌਤੀ ਪੰਥਕ ਮੁਖੌਟੇ ਨੂੰ ਲਾਹਕੇ ਆਪ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੀਆਂ ਪੰਜਾਬ ਵਿਰੋਧੀ ਚਾਲਾਂ ਨੂੰ ਵੇਖਦਿਆਂ ਪੰਜਾਬ ਤੇ ਪੰਥ ਪੱਖੀ ਉਮੀਦਵਾਰ ਨੂੰ ਆਪਣੀ ਵੋਟ ਪਾ ਕੇ ਕਾਮਯਾਬ ਕਰਨ।

## ...ਸਫ਼ਾ 1 ਦੇ ਬਾਕੀ

### ਇਕੱਲੀ ਕਾਂਗਰਸ ਮੋਦੀ...

ਵਾਲੇ ਏਜੰਡੇ ਖਿਲਾਫ ਲੰਬੀ ਵਿਚਾਰਧਾਰਕ ਲੜਾਈ ਲੜਨ ਦੀ ਲੋੜ ਹੈ, ਜਿਸ ਵਿੱਚ ਲਾਲ ਝੰਡੇ ਦੀਆਂ ਪਾਰਟੀਆਂ ਦਾ ਯੋਗਦਾਨ ਕਿਸੇ ਤੋਂ ਘੱਟ ਨਹੀਂ। ਉਨ੍ਹਾ ਕਿਹਾ ਕਿ ਮੌਜੂਦਾ ਗੰਧਲੇ ਸਿਆਸੀ ਮਾਹੌਲ ਵਿੱਚ ਸਿਰਫ ਕਮਿਊਨਿਸਟ ਆਗੂ ਅਤੇ ਉਮੀਦਵਾਰ ਹਨ, ਜੋ ਜਾਂਚ ਏਜੰਸੀਆਂ ਦੇ ਡਰ ਜਾਂ ਲਾਲਚਵੱਸ ਆਪਣੀਆਂ ਵਫ਼ਾਦਾਰੀਆਂ ਤਬਦੀਲ ਨਹੀਂ ਕਰਦੇ। ਇਸ ਮੌਕੇ ਕਾਮਰੇਡ ਇੰਦਰਜੀਤ ਅਤੇ ਚਰਨਜੀਤ ਸਿੰਘ ਚੰਬੇਲੀ ਨੇ ਮਾਸਟਰ ਗੁਰਚਰਨ ਮਾਨ ਨੂੰ ਵੋਟਾਂ ਪਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਸਾਡੀਆਂ ਪਾਰਟੀਆਂ ਅਤੇ ਉਮੀਦਵਾਰ ਦੋਵੇਂ ਲੋਕ ਸੰਘਰਸ਼ਾਂ ਵਿੱਚ ਪਰਖੇ ਹੋਏ ਹੋਣ ਕਰਕੇ ਹਲਕੇ ਦੀ ਨੁਮਾਇੰਦਗੀ ਕਰਨ ਦੇ ਪੂਰੇ ਹੱਕਦਾਰ ਹਨ, ਜਿਨ੍ਹਾਂ ਨੇ ਸੀਮਿਤ ਸਾਧਨਾਂ ਅਤੇ ਸਾਦਗੀ ਨਾਲ ਆਪਣੀ ਚੋਣ ਮੁਹਿੰਮ ਚਲਾਈ ਹੈ। ਮਾਸਟਰ ਗੁਰਚਰਨ ਮਾਨ ਨੇ ਸਭ ਵੋਟਰ ਭੈਣ-ਭਰਾਵਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਭ ਪਾਰਟੀਆਂ ਨੂੰ ਪਰਖ ਚੁੱਕੇ ਪੰਜਾਬ ਦੇ ਲੋਕਾਂ ਨੇ ਜੇ ਉਨ੍ਹਾਂ ਨੂੰ ਸੇਵਾ ਦਾ ਮੌਕਾ ਬਖਸ਼ਿਆ ਤਾਂ ਉਹ ਹੋਰ ਵੀ ਤਕੜੇ ਮਨੋਬਲ ਨਾਲ ਕਿਸਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਮਸਲੇ ਢੁਕਵੇਂ ਮੰਚ 'ਤੇ ਉਠਾਉਣ ਲਈ ਤਿਆਰ ਰਹਿਣਗੇ।

### ਗੁਰਦਿਆਲ ਸਿੰਘ ਵੱਲੋਂ ...

ਨੂੰ ਹਲਕੇ ਵਿੱਚੋਂ ਵੱਡੀ ਲੀਡ ਨਾਲ ਜਿਤਾ ਕੇ ਸਦਨ ਵਿੱਚ ਭੇਜਾਂਗੇ। ਇਸ ਮੌਕੇ ਮਾਸਟਰ ਚਰਨ ਸਿੰਘ ਹੈਬਤਪੁਰ ਨੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ।ਨਰਿੰਦਰ ਸਿੰਘ ਸੋਨੀਆ ਨੇ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ।ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਸੁਲਤਾਨਪੁਰ ਲੋਧੀ, ਸੀ ਪੀ ਐੱਮ ਦੇ ਜ਼ਿਲ੍ਹਾ ਸਕੱਤਰ ਕਪੂਰਥਲਾ ਮੁਕੰਦ ਸਿੰਘ ਸੈਦੋ ਭਲਾਣਾ, ਬਿਸ਼ਨ ਦਾਸ ਸ਼ਹਿਰੀ ਸਕੱਤਰ ਸੀ ਪੀ ਆਈ, ਅਮਰੀਕ ਸਿੰਘ ਮਸੀਤਾਂ, ਮਲਕੀਤ ਸਿੰਘ ਮੀਰਾਂ, ਕੁਲਵੰਤ ਸਿੰਘ, ਜਸਵੰਤ ਸਿੰਘ, ਮਦਨ ਲਾਲ ਕੰਡਾ, ਗੁਰਦੀਪ ਸਿੰਘ, ਹਰਜੀਤ ਸਿੰਘ, ਚਰਨ ਸਿੰਘ ਬਲਾਕ ਸੈਕਟਰੀ ਸੁਲਤਾਨਪੁਰ ਲੋਧੀ, ਮੰਗਲ ਸਿੰਘ, ਮਦਨ ਲਾਲ ਕੰਡਾ, ਮੰਗਲ ਸਿੰਘ ਕਬੀਰਪੁਰ, ਮਹਿੰਗਾ ਸਿੰਘ ਠੱਟਾ ਨਵਾਂ, ਚਰਨਜੀਤ ਸਿੰਘ, ਕਰਤਾਰ ਸਿੰਘ, ਕੁਲਵੰਤ ਸਿੰਘ ਤੇ ਸੁੱਖਾ ਸਿੰਘ ਆਦਿ ਹਾਜ਼ਰ ਸਨ।

### ਕਾਮਰੇਡ ਗੁਰਦਿਆਲ...

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਲ ਸਿੰਘ ਚੌਕੀਦਾਰ, ਜਸਪਾਲ ਸਿੰਘ, ਦਲਬੀਰ ਸਿੰਘ, ਕਸ਼ਮੀਰ ਕੌਰ, ਬੀਬੀ ਬੀਰੋ, ਚਰਨ ਕੌਰ ਤੇ ਮੇਜਰ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਉਹ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਕਾਮਯਾਬ ਕਰਨਗੇ।

### ਕਿਸਾਨਾਂ 'ਤੇ ਤਸ਼ੱਦਦ...

ਸਰਕਾਰ ਨੇ ਉਨ੍ਹਾਂ ਨੂੰ ਦਿੱਲੀ ਵਿੱਚ ਵੜਨ ਨਹੀਂ ਦਿੱਤਾ ਸੀ। ਉਨ੍ਹਾਂ ਨੂੰ ਬਾਰਡਰ 'ਤੇ ਰੋਕ ਲਿਆ। ਮੋਦੀ ਸਰਕਾਰ ਨੇ ਸੜਕਾਂ 'ਤੇ ਮੇਖ਼ਾਂ ਲਗਵਾ ਦਿੱਤੀਆਂ। ਵੱਡੇ ਬੁਲਡੋਜ਼ਰ ਤਾਇਨਾਤ ਕਰ ਦਿੱਤੇ ਗਏ। ਅੰਦੋਲਨ ਵਿੱਚ 750 ਕਿਸਾਨ ਮਾਰੇ ਗਏ। ਇਨ੍ਹਾਂ ਵਿੱਚ ਜ਼ਿਆਦਾਤਰ ਕਿਸਾਨ ਪੰਜਾਬ ਤੋਂ ਸਨ। ਹੁਣ ਉਹ ਪੰਜਾਬੀਆਂ ਨੂੰ ਸਰਕਾਰ ਡੇਗਣ ਦੀਆਂ ਧਮਕੀਆਂ ਦੇ ਰਹੇ ਹਨ। ਇਸ ਲਈ ਇਸ ਵਾਰ ਅਜਿਹਾ ਬਟਨ ਦਬਾਓ ਕਿ ਭਾਜਪਾ ਅਤੇ ਨਰਿੰਦਰ ਮੋਦੀ ਦਿੱਲੀ ਤੋਂ ਬਾਹਰ ਹੋ ਜਾਣ। ਇਹ ਕਿਸਾਨ ਅੰਦੋਲਨ ਨੂੰ ਦਬਾਉਣ ਲਈ ਵਰਤੇ ਗਏ ਹੱਥਕੰਡਿਆਂ ਦਾ ਬਦਲਾ ਲੈਣ ਦਾ ਸਮਾਂ ਹੈ।ਉਹਨਾ ਕਿਹਾ ਕਿ ਭਾਜਪਾ ਦੀ ਹਉਮੈ ਐਨੀ ਵਧ ਗਈ ਹੈ ਕਿ ਭਗਵਾਨ ਜਗਨਨਾਥ, ਜਿਨ੍ਹਾਂ ਨੂੰ ਪੂਰੀ ਦੁਨੀਆ ਦਾ ਨਾਥ ਕਿਹਾ ਜਾਂਦਾ ਹੈ, ਨੂੰ ਭਾਜਪਾ ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਭਗਵਾਨ ਜਗਨਨਾਥ ਮੋਦੀ ਜੀ ਦੇ ਭਗਤ ਹਨ। ਭਾਜਪਾ ਵਾਲੇ ਐਨੇ ਹੰਕਾਰੀ ਹੋ ਗਏ ਹਨ ਕਿ ਉਹ ਮੋਦੀ ਜੀ ਨੂੰ ਰੱਬ ਤੋਂ ਉੱਪਰ ਸਮਝਣ ਲੱਗ ਪਏ ਹਨ। ਕੁਝ ਦਿਨ ਪਹਿਲਾਂ ਹੀ ਮੋਦੀ ਜੀ ਆਪਣੇ ਇੰਟਰਵਿਊ ਵਿੱਚ ਕਹਿ ਰਹੇ ਸਨ ਕਿ ਉਹ (ਮੋਦੀ) ਆਪਣੀ ਮਾਂ ਦੀ ਕੁੱਖ ਤੋਂ ਪੈਦਾ ਨਹੀਂ ਹੋਇਆ, ਉਨ੍ਹਾ ਨੂੰ ਰੱਬ ਨੇ ਧਰਤੀ 'ਤੇ ਸਿੱਧਾ ਭੇਜਿਆ ਹੈ। ਮੋਦੀ ਰੱਬ ਦਾ ਅਵਤਾਰ ਹਨ।ਕੇਜਰੀਵਾਲ ਨੇ ਕਿਹਾ ਕਿ ਕੁਝ ਹੀ ਦਿਨਾਂ 'ਚ ਭਾਜਪਾ ਵਾਲੇ ਮੰਦਰਾਂ 'ਚੋਂ ਭਗਵਾਨ ਦੀ ਮੂਰਤੀ ਹਟਾ ਕੇ ਮੋਦੀ ਜੀ ਦੀ ਮੂਰਤੀ ਲਗਾ ਦੇਣਗੇ। ਕਿਹਾ ਜਾਂਦਾ ਹੈ ਕਿ ਮੋਦੀ ਜੀ ਭਗਵਾਨ ਰਾਮ ਨੂੰ ਲੈ ਕੇ ਆਏ ਹਨ, ਜਦੋਂ ਕਿ ਇਸ ਬ੍ਰਹਿਮੰਡ ਦੀ ਰਚਨਾ ਭਗਵਾਨ ਰਾਮ ਨੇ ਕੀਤੀ ਹੈ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਰਕਸ਼ਾਪ ਲਗਾਈ

**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਾਈਸ ਪ੍ਰਿੰਸੀਪਲ ਮਿਸਿਜ਼ ਰੰਜਨਾ ਕੌਸ਼ਲ ਵੱਲੋਂ ਸਕੂਲ ਦੇ ਅਧਿਆਪਕਾਂ ਲਈ ਇੱਕ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਉਨ੍ਹਾਂ ਨੇ ਸਮੇਂ ਨੂੰ ਸਹੀ ਢੰਗ ਨਾਲ ਵਰਤ ਕੇ ਕਿਸੇ ਵੀ ਤਰ੍ਹਾਂ ਦੇ ਮਾਨਸਿਕ ਪ੍ਰਭਾਵ ਨੂੰ ਆਪਣੇ ਉੱਪਰ ਹਾਵੀ ਨਾ ਹੋਣ ਦੀਆਂ ਜੁਗਤੀਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸਿਆ ਤੇ ਨਾਲ ਹੀ ਗਤੀਵਿਧੀਆਂ ਕਰਵਾ ਕੇ ਅਧਿਆਪਕ ਵਰਗ ਨੂੰ ਹਰ ਪੱਖੋਂ ਮਜ਼ਬੂਤ ਬਣਨ ਲਈ ਪ੍ਰੇਰਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਅੱਜ ਸਾਨੂੰ ਅਜਿਹੀਆਂ ਵਰਕਸ਼ਾਪਾਂ ਦੀ ਬਹੁਤ ਲੋੜ ਹੈ, ਜਿਨ੍ਹਾਂ ਨਾਲ ਅਧਿਆਪਕ ਵਰਗ ਨੂੰ ਮਾਨਸਿਕ ਸਥਿਤੀਆਂ ਰਾਹੀਂ ਪੈਦਾ ਹੋਣ ਵਾਲੇ ਤਨਾਅ ਤੋਂ ਮੁਕਤ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਵਿਦਿਆਰਥੀ ਜੀਵਨ ਇੱਕ ਅਜਿਹਾ ਜੀਵਨ ਹੈ, ਜੋ ਅਧਿਆਪਕ ਲਈ ਨਿੱਤ ਨਵਾਂ ਤਜਰਬਾ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਉਂਦਾ ਹੈ ਤੇ ਜਿਸ ਨੂੰ ਨਜਿੱਠਣ ਲਈ ਹਰ ਅਧਿਆਪਕ ਦਾ ਇੱਕ ਸੂਰਜ ਵਾਂਗ ਚਮਕਦੇ ਰਹਿਣਾ ਅਤਿ ਜ਼ਰੂਰੀ ਹੈ।

ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਤੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਅਧਿਆਪਕ ਸਮਾਜ ਦੇ ਸਿਰਜਕ ਹੁੰਦੇ ਹਨ।

## ਮਾਲਵਾ ਲਿਖਾਰੀ ਸਭਾ ਵੱਲੋਂ 'ਕਿਹੋ ਜਿਹਾ ਹੋਵੇ ਸਾਡਾ ਨੁਮਾਇੰਦਾ' ਵਿਸ਼ੇ 'ਤੇ ਚਰਚਾ




**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਰਤਮਾਨ ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ 'ਕਿਹੋ ਜਿਹਾ ਹੋਵੇ ਸਾਡਾ ਨੁਮਾਇੰਦਾ' ਵਿਸ਼ੇ ਉੱਪਰ ਪ੍ਰੋਗਰਾਮ ਕਰਵਾਇਆ ਗਿਆ।ਉੱਘੇ ਕਾਲਮ ਨਵੀਸ਼ ਜਗਦੇਵ ਸ਼ਰਮਾ ਬੁਗਰਾ ਨੇ ਇਸ ਸਬੰਧ ਵਿੱਚ ਅਪਣਾ ਪੇਪਰ ਪੜ੍ਹਿਆ।ਜਗਦੇਵ ਸ਼ਰਮਾ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਵੋਟ ਪਾਉਂਦੇ ਵਕਤ ਹਰੇਕ ਵੋਟਰ ਇਹ ਜ਼ਰੂਰ ਦੇਖੇ ਕਿ ਸਾਡਾ ਨੁਮਾਇੰਦਾ ਪੜ੍ਹਿਆ ਲਿਖਿਆ, ਇਮਾਨਦਾਰ, ਨਿੱਜ ਤੋਂ ਉੱਪਰ ਉੱਠ ਕੇ ਕੰਮ ਕਰਨ ਵਾਲਾ, ਸੁਹਿਰਦ, ਧਰਮ ਨਿਰਪੱਖ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਵਾਕਫ਼ ਹੋਵੇ।ਪੇਪਰ ਉੱਪਰ ਚਰਚਾ ਵਿੱਚ ਹਾਜ਼ਰੀਨ, ਜਿਨ੍ਹਾਂ ਵਿੱਚ ਸਰਵਸ਼੍ਰੀ ਕਰਮ ਸਿੰਘ ਜ਼ਖਮੀ, ਸੁਖਵਿੰਦਰ ਸਿੰਘ ਲੋਟੇ, ਰਾਜ ਕੁਮਾਰ ਅਰੋੜਾ, ਸੁਰਜੀਤ ਸਿੰਘ ਸਿਦਕੀ, ਮੂਲ ਚੰਦ ਸ਼ਰਮਾ, ਤੇਜਾ ਸਿੰਘ ਤਿਲਕ, ਸੱਤ ਪਾਲ ਲੌਂਗੋਵਾਲ, ਗੁਰੀ ਚੰਧੜ ਆਦਿ ਨੇ ਨਿੱਠ ਕੇ ਚਰਚਾ ਕੀਤੀ।ਸਮੁੱਚੀ ਰਾਇ ਸੀ ਕਿ ਦਲ-ਬਦਲੂਆਂ ਨੂੰ ਮੂੰਹ ਨਾ ਲਾਇਆ ਜਾਵੇ।ਮੁਫ਼ਤ ਦੀਆਂ ਸਹੂਲਤਾਂ ਸਿਰਫ ਲੋੜਵੰਦਾਂ ਤੱਕ ਸੀਮਿਤ ਹੋਣ।ਸਭਾ ਵੱਲੋਂ ਸ਼੍ਰੀ ਰਾਜਿੰਦਰ ਰਾਜਨ ਦੀ ਦੋਹਿਆਂ ਦੀ ਪੁਸਤਕ 'ਰਾਜਿਆ ਰਾਜ ਕਰੇਂਦਿਆ' ਵੀ ਲੋਕ ਅਰਪਣ ਕੀਤੀ ਗਈ।

## ਪੰਜਾਬ 'ਚ ਸਭ ਤੋਂ ਵੱਧ ਸੀਟਾਂ ਅਕਾਲੀ ਦਲ ਜਿੱਤੇਗਾ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੋਕ ਸਭਾ ਚੋਣਾਂ ਦੌਰਾਨ ਪੂਰੇ ਪੰਜਾਬ ਵਿੱਚੋਂ ਸਭ ਨਾਲੋਂ ਵੱਧ ਸੀਟਾਂ ਸ਼੍ਰੋਮਣੀ ਅਕਾਲੀ ਦਲ ਜਿੱਤੇਗਾ ਤੇ ਵਿਰੋਧੀ ਪਾਰਟੀਆਂ ਦੀ ਜਮਾਨਤ ਜ਼ਬਤ ਕਰਵਾਏਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡਾ ਕੋਟਲੀ ਦੇਵਨ ਵਿਖੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਕੀਤਾ।ਇਸ ਮੌਕੇ ਬੋਲਦਿਆਂ ਹਨੀ ਫੱਤਣਵਾਲਾ ਨੇ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਤੋਂ ਪੰਜਾਬੀਆਂ ਨੂੰ ਕੋਈ ਆਸ ਨਹੀਂ ਹੈ।ਅੱਜ ਸਮੇਂ ਦੀ ਲੋੜ ਹੈ ਕਿ ਖੇਤਰੀ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਪੰਜਾਬ ਦਾ ਵਿਕਾਸ ਕੀਤਾ ਜਾ ਸਕੇ।ਚੋਣ ਪ੍ਰਚਾਰ ਦੌਰਾਨ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ।ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜੀ ਬਰਕੰਦੀ, ਸਾਬਕਾ ਚੇਅਰਮੈਨ ਮਨਜਿੰਦਰ ਸਿੰਘ ਬਿੱਟੂ, ਪਰਮਿੰਦਰ ਸਿੰਘ ਪਾਸ਼ਾ ਕੌਂਸਲਰ, ਰੇਸ਼ਨ ਸਿੰਘ, ਬਲਜੰਟ ਸਿੰਘ ਸਾਬਕਾ ਸਰਪੰਚ, ਪੱਪੀ ਕੋਟਲੀ ਦੇਵਨ, ਬੱਬੀ ਕੋਟਲੀ ਦੇਵਨ, ਸ਼ਮਸ਼ੇਰ ਸਿੰਘ ਕੋਟਲੀ ਦੇਵਨ, ਹਰਜਿੰਦਰ ਸਿੰਘ ਸਾਬਕਾ ਸਰਪੰਚ, ਕੁਲਵਿੰਦਰ ਸਿੰਘ ਸ਼ੌਕੀ ਕੌਂਸਲਰ, ਸਾਗਰ ਕੁਮਾਰ, ਟਹਿਲ ਸਿੰਘ ਤੇ ਹੋਰ ਬਹੁਤ ਸਾਰੇ ਅਕਾਲੀ ਦਲ ਦੇ ਵਰਕਰ ਹਾਜ਼ਰ ਸਨ। ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਪਿੰਡ ਵਾਸੀਆਂ ਵੱਲੋਂ ਸਿਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਮੁਹੱਲਾ ਡਿਵੈੱਲਪਮੈਂਟ ਕਮੇਟੀ ਨੇ ਵੋਟ ਪਾਉਣ ਲਈ ਕੀਤਾ ਜਾਗਰੂਕ

**ਫਗਵਾੜਾ (ਡਾ. ਰਮਨ)**-ਮੇਰਾ ਵੋਟ ਮੇਰਾ ਅਧਿਕਾਰ ਸੰਬੰਧੀ 18 ਸਾਲ ਤੋਂ ਵੱਧ ਉਮਰ ਦੇ ਹਰ ਵੋਟਰ ਨੂੰ ਜਾਗ੍ਰਿਤ ਕਰਨ ਲਈ ਡਿਪਟੀ ਕਮਿਸ਼ਨਰ ਕਮ ਚੋਣ ਅਧਿਕਾਰੀ ਕਪੂਰਥਲਾ ਅਮਿਤ ਪੰਚਾਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਡੀ ਐਮ ਫਗਵਾੜਾ ਜਸ਼ਨਜੀਤ ਸਿੰਘ ਦੀ ਯੋਗ ਅਗਵਾਈ ਅਤੇ ਰਾਜੇਸ਼ ਕੁਮਾਰ ਭਨੋਟ ਸਵੀਪ ਨੋਡਲ ਅਫ਼ਸਰ 29 ਫਗਵਾੜਾ ਦੀ ਸੁਚੱਜੀ ਦੇਖਰੇਖ ਹੇਠ ਟੀਮ ਮੈਂਬਰ ਸੈਕਟਰ ਅਫ਼ਸਰ ਰਾਜਨ ਚੋਪੜਾ ਅਤੇ ਬੀ ਐਲ ਉ ਰਾਜਵੰਤ ਕੌਰ, ਬੀ ਐਲ ਉ ਹਰਸ਼ਵਰਧਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਚੱਲ ਰਹੀਆਂ ਗਤੀਵਿਧੀਆਂ ਤਹਿਤ ਇਲਾਕਾ ਭਗਤਪੁਰਾ ਵਿਖੇ ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਦੇ ਸਹਿਯੋਗ ਨਾਲ ਸਵੀਪ ਟੀਮ ਵਲੋਂ ਦਰਬਾਰ ਦਾਤਾ ਅਲੀ ਅਹਿਮਦ ਕਾਦਰੀ, ਦਰਬਾਰ ਸ਼ੀਲਾ ਮੰਹਤ ਸਾਬਰੀ ਵਿਖੇ ਜਾ ਕੇ ਮੰਹਤ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਰਾਜੇਸ਼ ਕੁਮਾਰ ਭਨੋਟ ਸਵੀਪ ਨੋਡਲ ਅਫਸਰ ਨੇ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਨ ਅਤੇ ਦੇਸ਼ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਜਿਸ ਦੀ ਉਮਰ 18 ਸਾਲ ਤੋਂ ਵੱਧ ਹੈ, ਉਹ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਜ਼ਰੂਰ ਕਰਨ ਇਹ ਸਭ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ 1 ਜੂਨ ਨੂੰ ਸਾਰੇ ਨਿੱਜੀ ਕੰਮ ਛੱਡ ਕੇ ਤੁਸੀਂ ਆਪਣੀ ਵੋਟ ਦਾ ਇਸਤੇਮਾਲ ਕਰੋਗੇ। ਰਾਜੇਸ਼ ਕੁਮਾਰ ਭਨੋਟ ਸਵੀਪ ਨੋਡਲ ਅਫ਼ਸਰ ਨੇ ਕਿਹਾ ਕਿ ਮੇਰਾ ਵੋਟ ਮੇਰਾ ਅਧਿਕਾਰ ਪ੍ਰਤੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਵੱਖ- ਵੱਖ ਥਾਵਾਂ 'ਤੇ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਵੋਟਰ ਆਪਣੀ ਵੋਟ ਦਾ ਇਸਤੇਮਾਲ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਤੁਹਾਡੀ ਵੋਟ ਹੀ ਦੇਸ਼ ਦੇ ਭਵਿੱਖ ਨੂੰ ਉਚਾਈਆਂ ਦੀ ਮੰਜ਼ਿਲ ਤੱਕ ਲੈ ਕੇ ਜਾ ਸਕਦੀ ਹੈ ਇਸ ਲਈ 1 ਜੂਨ ਨੂੰ ਹਰ ਵੋਟਰ ਆਪਣੀ ਵੋਟ ਦਾ ਇਸਤੇਮਾਲ ਜ਼ਰੂਰ ਕਰੋ ਉਨ੍ਹਾਂ ਕਿਹਾ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਦੇਸ਼ ਦੀ ਹਰ ਸੰਸਥਾ ਆਪਣੇ ਨਜ਼ਦੀਕੀ ਇਲਾਕੇ 'ਚ ਪੈਂਦੇ ਵੋਟਰਾਂ ਨੂੰ ਵੋਟ ਪਾਉਣ ਲਈ ਅਜਿਹੇ ਜਾਗਰੂਕਤਾ ਕੈਂਪਾਂ ਦਾ ਆਯੋਜਨ ਕਰਕੇ ਪ੍ਰੇਰਨਾ ਦੇਵੇ। ਇਸ ਮੌਕੇ ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਪ੍ਰਧਾਨ ਡਾ. ਰਮਨ, ਸੋਨੀਆ ਮੰਹਤ ਗੱਦੀਨਸ਼ੀਨ ਦਰਬਾਰ ਦਾਤਾ ਅਲੀ ਅਹਿਮਦ ਕਾਦਰੀ, ਦਰਬਾਰ ਸ਼ੀਲਾ ਮੰਹਤ ਸਾਬਰੀ , ਨਰਿੰਦਰ ਸਿੰਘ , ਸਿੰਕਦਰ ਕਨੋਜੀਆ , ਗੁਰਮੀਤ ਸਿੰਘ ਮੰਗਾ , ਗੁਰਦਿਆਲ ਸਿੰਘ ਨੰਨੜਾ , ਸੰਜੀਵ ਸ਼ਰਮਾ ਟੀਟੂ, ਰਮਨ ਮਹੰਤ , ਗੋਲਡੀ ਮਹੰਤ , ਗੋਪੀ ਬਹੂ , ਜੋਤੀ , ਬੰਦਨਾ, ਅਭਿਨਾਸ ਮਹਿਰਾ , ਬਾਬਾ ਬੂਟਾ ਸਿੰਘ ਭਰੋਵਾਲੀਆ , ਸੰਦੀਪ , ਬਲਵੀਰ , ਜੱਸੀ , ਹੈਪੀ , ਗੋਰਵ , ਸੋਰਵ , ਜੀਵਨ ਸੰਘਾ , ਰਾਜ ਕੁਮਾਰ ਰਾਜੂ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਪੁਲਸ ਪ੍ਰਸ਼ਾਸਨ ਖਿਲਾਫ ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਧਰਨਾ ਅੱਜ

## * ਦੋਸ਼ੀਆਂ ਨੂੰ ਫੜਨ ਦੀ ਬਜਾਏ ਬੇਦੋਸ਼ੇ ਲੋਕਾਂ ਖਿਲਾਫ ਪਰਚੇ ਦਰਜ ਕਰਨ ਦੇ ਲਾਏ ਇਲਜ਼ਾਮ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਜੱਥੇਬੰਦੀ ਦੇ ਦਫ਼ਤਰ ਵਿੱਚ ਸਭਾ ਦੇ ਸੀਨੀਅਰ ਆਗੂ ਤਰਸੇਮ ਸਿੰਘ ਕਾਮਲਪੁਰਾ ਦੀ ਪ੍ਰਧਾਨਗੀ 'ਚ ਜਮਹੂਰੀ ਕਿਸਾਨ ਸਭਾ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਤਰਸੇਮ ਸਿੰਘ ਕਾਮਲਪੁਰਾ ਨੇ ਦੱਸਿਆ ਕਿ 18 ਮਈ ਨੂੰ ਕਿਸਾਨ ਸਭਾ ਦੇ ਆਗੂ ਸੁਖਰਾਜ ਸਿੰਘ ਭੋਏਵਾਲੀ ਦਾ ਬੇਟਾ ਸਰਤਾਜ ਸਿੰਘ, ਉਸ ਦੇ ਦੋ ਸਾਥੀ ਅਜਨਾਲੇ ਤੋਂ ਦੁਪਹਿਰੇ ਵਾਪਿਸ ਕਾਰ 'ਤੇ ਆ ਰਹੇ ਸਨ। ਜਦੋਂ ਉਹ ਭੱਖਾ ਤਾਰਾ ਸਿੰਘ ਨੇੜੇ ਐਮਆਰ ਪੈਲੇਸ ਸਾਹਮਣੇ ਪਹੁੰਚੇ ਤਾਂ ਉਥੇ ਸੜਕ 'ਤੇ ਕੁੱਝ ਧਾੜਵੀ ਨੌਜਵਾਨ ਖਲੋਤੇ ਸਨ ਜਿਨ੍ਹਾਂ ਦੀ ਅਗਵਾਈ ਲਵਲੀ ਕੁਮਾਰ, ਹਨੀ ਕੁਮਾਰ, ਜਸ਼ਨ ਕੁਮਾਰ, ਹਰਜਿੰਦਰ ਕੁਮਾਰ ਤੇ ਸੁਰਿੰਦਰ ਕੁਮਾਰ ਪਿੰਡ ਉਗਰ ਔਲਖ ਕਰ ਰਹੇ ਸਨ! ਇਨ੍ਹਾਂ ਨੇ ਲਲਕਾਰੇ ਮਾਰਦਿਆਂ ਉਨ੍ਹਾਂ ਦੀ ਕਾਰ ਘੇਰ ਲਈ ਤੇ ਸੁਰਤਾਜ ਸਿੰਘ ਨੂੰ ਖਿੱਚ-ਧੂਹ ਕਰਕੇ ਬਾਹਰ ਕੱਢ ਲਿਆ ਤੇ ਉਸ ਨੂੰ ਲਵਲੀ ਕੁਮਾਰ ਨੇ ਕਿਰਚ ਮਾਰ ਕੇ ਜਾਨਲੇਵਾ ਹਮਲਾ ਕਰ ਦਿੱਤਾ ਅਤੇ ਬਾਕੀਆਂ ਨੇ ਗੋਲੀਆਂ ਚਲਾਈਆਂ। ਇਹ ਰੌਲਾ ਸੁਣ ਕੇ ਪੈਲੇਸ ਸਾਹਮਣੇ ਖੜ੍ਹੇ ਲੋਕਾਂ ਨੇ ਉਨ੍ਹਾਂ ਨੂੰ ਛੁਡਾਇਆ ਅਤੇ ਜ਼ਖਮੀ ਸਰਤਾਜ ਸਿੰਘ ਨੂੰ ਹਰਤੇਜ ਹਸਪਤਾਲ ਪੁਚਾਇਆ ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ! ਜਥੇਬੰਦੀ ਨੇ ਆਪਣੇ ਸਿਰਕੱਢ ਨਿਹਾਇਤ ਸ਼ਰੀਫ਼ ਸੁਖਰਾਜ ਸਿੰਘ ਨਾਲ ਇੱਕਮੁਠਤਾ ਜ਼ਾਹਰ ਕੀਤੀ! ਮੀਟਿੰਗ 'ਚ ਵਿਸੇਸ਼ ਤੌਰ 'ਤੇ ਪਹੁੰਚੇ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਸੀਤਲ ਸਿੰਘ ਤਲਵੰਡੀ ਨੇ ਇਸ ਸਾਰੀ ਜਾਨਲੇਵਾ ਘਟਨਾ ਸਬੰਧੀ ਡੀਐੱਸਪੀ ਅਜਨਾਲਾ ਨੂੰ ਕਿਹਾ ਕਿ ਉਕਤ ਦੋਸ਼ੀਆਂ ਖਿਲਾਫ ਤੁਰੰਤ ਸਖਤ ਧਾਰਾਵਾਂ ਲਾ ਕੇ ਪਰਚਾ ਦਰਜ ਕੀਤਾ ਜਾਵੇ ਪ੍ਰੰਤੂ ਡੀਐੱਸਪੀ ਅਜਨਾਲਾ ਨੇ ਲਾਰਾਲੱਪਾ ਲਾਈ ਰੱਖਿਆ। ਉਲਟਾ ਗੰਭੀਰ ਜ਼ਖਮੀ ਸਰਤਾਜ ਸਿੰਘ, ਅਮਨਦੀਪ ਸਿੰਘ, ਵਰਿੰਦਰ ਸਿੰਘ ਅਤੇ ਹੋਰਨਾ ਉਪਰ ਜੋ ਉਥੇ ਹਾਜ਼ਰ ਵੀ ਨਹੀਂ ਸਨ, ਉਨ੍ਹਾਂ ਵਿਰੁੱਧ ਸਖ਼ਤ ਧਾਰਾਵਾਂ 307/323/324/148/149 ਆਦਿ ਲਾ ਕੇ ਸਿਆਸੀ ਦਬਾਅ ਥੱਲੇ ਪਰਚਾ ਦਰਜ ਕਰ ਦਿੱਤਾ ਜਿਸ ਦੀ ਨਿਖੇਧੀ ਕਰਦਿਆਂ ਜਥੇਬੰਦੀ ਨੇ ਪੁਲਸ ਦੀ ਇਸ ਮਨਮਾਨੀ ਵਿਰੁੱਧ ਤੁਰੰਤ ਫੈਸਲਾ ਲੈਂਦਿਆਂ 29 ਮਈ ਨੂੰ ਪੁਲਸ ਪ੍ਰਸ਼ਾਸਨ ਵਿਰੁੱਧ ਰੋਸ ਧਰਨਾ ਲਾਇਆ ਜਾਵੇਗਾ!ਦਿਹਾਤੀ ਮਜ਼ਦੂਰ ਸਭਾ ਦੇ ਪ੍ਰਮੁੱਖ ਆਗੂ ਗੁਰਨਾਮ ਸਿੰਘ ਉਮਰਪੁਰਾ ਨੇ ਮੀਟਿੰਗ 'ਚ ਬੋਲਦਿਆਂ ਕਿਹਾ ਕਿ ਜਥੇਬੰਦੀ ਕੋਲ ਧਰਨਾ ਲਾਉਣ ਤੋਂ ਬਗੈਰ ਹੋਰ ਕੋਈ ਚਾਰਾ ਨਹੀ ਹੈ! ਹੋਰਨਾਂ ਤੋਂ ਇਲਾਵਾ ਇਸ ਮੌਕੇ ਸੁਰਜੀਤ ਸਿੰਘ ਭੂਰੇ ਗਿੱਲ, ਪਰੇਮ ਸਿੰਘ, ਦਿਲਬਾਗ ਸਿੰਘ, ਬੂਟਾ ਸਿੰਘ, ਸਤਵਿੰਦਰ ਸਿੰਘ ਓਠੀਆਂ, ਗਾਇਕ ਗੁਰਪਾਲ ਗਿੱਲ ਸੈਦਪੁਰ, ਪਲਵਿੰਦਰ ਸਿੰਘ ਰਿਆੜ, ਸੁਖਦੇਵ ਸਿੰਘ ਡੱਲਾ ਰਾਜਪੂਤਾਂ, ਹਰਨੇਕ ਸਿੰਘ ਨੇਪਾਲ, ਬਿੱਲਾ ਸਿੰਘ ਭੋਏਵਾਲੀ ਆਦਿ ਨੇ ਵੀ ਧਰਨੇ ਨੂੰ ਕਾਮਯਾਬ ਕਰਨ ਦਾ ਪ੍ਰਣ ਲਿਆ।



# ਗੁਰੀਆ, ਛੀਨਾ ਬੇਟ ਤੇ ਨਾਭਾ ਦਾਸ ਕਲੋਨੀ ਦੇ ਕਈ ਪਰਿਵਾਰਾਂ ਵੱਲੋਂ 'ਆਪ' 'ਚ ਸ਼ਮੂਲੀਅਤ

ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)-ਲੋਕ ਸਭਾ ਚੋਣਾਂ ਦੌਰਾਨ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੂੰ ਝਟਕੇ ਲੱਗਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਸੋਮਵਾਰ ਨੂੰ ਹਲਕੇ ਅੰਦਰ ਹੋਈਆਂ ਵੱਖ-ਵੱਖ ਪਿੰਡਾਂ ਦੀਆਂ ਮੀਟਿੰਗਾਂ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਪਿੰਡ ਗੁਰੀਆ ਵਿਖੇ ਆਪ ਆਗੂ ਗੁਰਦੇਵ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਦਰਜਨ ਤੋਂ ਵਧੇਰੇ ਲੋਕ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਵਿੱਚ ਗੁਰਦੀਪ ਸਿੰਘ, ਕੁਲਦੀਪ ਸਿੰਘ, ਹਰਜੀਤ ਸਿੰਘ, ਅਮਰੀਕ ਸਿੰਘ, ਅਜੀਤ ਸਿੰਘ, ਕੁਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਹਰਜਿੰਦਰ ਸਿੰਘ, ਮਨਜੀਤ ਸਿੰਘ ਅਤੇ ਭੋਲਾ ਮਸੀਹ ਦੇ ਨਾਂ ਮੁੱਖ ਤੌਰ 'ਤੇ ਸ਼ਾਮਲ ਹਨ।ਜਦੋਂਕਿ ਛੀਨਾ ਬੇਟ ਵਿਖੇ ਹੋਈ ਮੀਟਿੰਗ ਦੌਰਾਨ ਆਪ ਆਗੂਆਂ ਸ਼ਰਨਜੀਤ ਸਿੰਘ, ਰਾਮ ਭੁੱਲਾ ਅਤੇ ਰਮਨ ਕੁਮਾਰ ਦੀ ਪ੍ਰੇਰਨਾ ਸਦਕਾ ਕਈ ਲੋਕ ਅਕਾਲੀ ਦਲ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋ ਗਏ।ਇਸੇ ਤਰ੍ਹਾਂ ਨਾਭਾ ਦਾਸ ਕਲੋਨੀ ਤੋਂ ਮਹਿਲਾ ਮੰਡਲ ਦੀ ਪ੍ਰਧਾਨ ਸ਼ਿਮਲਾ ਦੇਵੀ, ਮੀਤ ਪ੍ਰਧਾਨ ਅਨੀਤਾ, ਮੈਂਬਰ ਸ਼ਿੰਦੋ, ਵੀਨਾ ਰਾਣੀ ਅਤੇ ਮੀਕੋ ਦੇ ਇਲਾਵਾ ਮੈਂਬਰ ਪੰਚਾਇਤ ਰਾਜੀਵ ਕੁਮਾਰ, ਮੈਂਬਰ ਪੰਚਾਇਤ ਕੇਵਲ ਕ੍ਰਿਸ਼ਨ, ਮੈਂਬਰ ਪੰਚਾਇਤ ਰਵੀ ਕੁਮਾਰ, ਮੈਂਬਰ ਪੰਚਾਇਤ ਸੁਰਿੰਦਰ ਮਸੀ, ਮੈਂਬਰ ਪੰਚਾਇਤ ਛੱਜੂ ਰਾਮ, ਜਤਿੰਦਰ ਕੁਮਾਰ ਅਤੇ ਰਾਹੁਲ ਕੁਮਾਰ ਨੇ ਵੀ ਕਾਂਗਰਸ ਪਾਰਟੀ ਨੂੰ ਛੱਡ ਕੇ ਆਪ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲ ਲੋਕਾਂ ਦਾ ਝੁਕਾਅ ਪਾਰਟੀ ਦੀਆਂ ਨੀਤੀਆਂ ਦੀ ਜਿੱਤ ਹੈ ਅਤੇ ਇਸ ਤੋਂ ਸਾਫ ਹੈ ਕਿ ਪੰਜਾਬ ਅੰਦਰੋਂ ਵਿਰੋਧੀ ਪਾਰਟੀਆਂ ਦਾ ਬੋਰੀ ਬਿਸਤਰਾ ਗੋਲ ਹੋਣ ਵਾਲਾ ਹੈ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਚੱਲ ਰਹੀਆਂ ਮੀਟਿੰਗਾਂ ਦੌਰਾਨ ਜਿੱਥੇ ਆਮ ਆਦਮੀ ਪਾਰਟੀ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਉਥੇ ਹੀ ਮੀਟਿੰਗਾਂ ਦੌਰਾਨ ਰਵਾਇਤੀ ਪਾਰਟੀਆਂ ਤੋਂ ਅੱਕੇ ਵੱਡੀ ਗਿਣਤੀ 'ਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ, ਜੋ ਆਪ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਜਿੱਤ ਤੇ ਮੋਹਰ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਦਾ ਹੰਕਾਰ ਤੋੜਣ ਲਈ ਬੜੀ ਹੀ ਬੇਸਬਰੀ ਨਾਲ ਇਕ ਜੂਨ ਦਾ ਇੰਤਜ਼ਾਰ ਕਰ ਰਹੇ ਹਨ ਜਦੋਂ ਉਹ ਆਪ ਉਮੀਦਵਾਰਾਂ ਦੇ ਹੱਕ ਵਿੱਚ ਭੁਗਤ ਤੇ ਵਿਰੋਧੀ ਦਲਾਂ ਦਾ ਪੰਜਾਬ ਚੋਂ ਬੋਰੀ ਬਿਸਤਰਾ ਗੋਲ ਕਰਨਗੇ।




# ਮਾਤਾ ਦਾਤੋਂ ਜੀ ਮੰਦਰ ਵਿਖੇ ਮਹਾਂਮਾਈ ਦਾ ਜਾਗਰਣ 9 ਜੂਨ ਨੂੰ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਮਾਤਾ ਦਾਤੋਂ ਜੀ ਮੰਦਰ ਵਿਖੇ ਪੰਡ ਖਿਆਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ 9 ਜੂਨ ਦਿਨ ਐਤਵਾਰ ਨੂੰ ਸਾਲਾਨਾ ਵਿਸ਼ਾਲ ਮਹਾਂਮਾਈ ਦਾ ਜਾਗਰਣ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ।ਇਹ ਜਾਣਕਾਰੀ ਮੰਦਰ ਦੇ ਮੁੱਖ ਸੇਵਾਦਾਰ ਮਾਤਾ ਨਿੰਦਰ ਦੇਵਾਂ ਜੀ ਨੇ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮਸ਼ਹੂਰ ਕਲਾਕਾਰ ਨਵੀਨ ਪੰਜਾਬੀ ਉਧਮਪੁਰ ਕੱਟੜਾ ਵਾਲੇ, ਸੁਰਜੀਤ ਸੂਫੀ ਹੁਸ਼ਿਆਰਪੁਰ ਵਾਲੇ ਅਤੇ ਮੈਡਮ ਗੌਰੀ ਹੁਸ਼ਿਆਰਪੁਰ ਵਾਲੇ ਮਹਾਂਮਾਈ ਦੀਆਂ ਭੇਟਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।ਉਨ੍ਹਾਂ ਕਿਹਾ ਕਿ ਜਾਗਰਣ ਵਿੱਚ ਪਹੁੰਚ ਕੇ ਆਪਣਾ ਜੀਵਨ ਸਫ਼ਲ ਬਣਾਉ।ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਂਗਾ।ਇਸ ਮੌਕੇ ਸੇਵਾਦਾਰ ਡਾ. ਅਵਤਾਰ ਸਿੰਘ ਖਿਆਲਾ, ਡਾ. ਮਨੀਸ਼ ਉਪਲ ਅਜਨਾਲਾ, ਬਲਵਿੰਦਰ ਕੁਮਾਰ ਸੋਨੀ, ਮਨਜਿੰਦਰ ਸਿੰਘ ਖਿਆਲਾ, ਬਬਲੂ ਅਜਨਾਲਾ, ਰੋਹਿਤ ਕੁਮਾਰ ਸੋਨੀ, ਵਿੱਕੀ ਸ਼ਾਹ ਛੇਹਰਟਾ, ਗੁਰਜੰਟ ਸਿੰਘ ਖਿਆਲਾ, ਕੁੱਕੂ ਸ਼ਾਹ ਛੇਹਰਟਾ, ਬਿੰਦੂ ਖਿਆਲਾਂ, ਸੰਦੀਪ ਕੁਮਾਰ ਰਾਜੀਵ ਕੁਮਾਰ ਆਦਿ ਸੇਵਾਦਾਰ ਹਾਜ਼ਰ ਸਨ।

# ਨਡਾਲਾ ਪੁਲੀ ਨੇੜੇ ਪੁਲਸ ਨਾਕਾ ਬਣਾਉਣ ਦੀ ਮੰਗ

ਗੁਰਦਾਸਪੁਰ, (ਜਨਕ ਮਹਾਜਨ)-ਪੁਰਾਣਾ ਸ਼ਾਲਾ ਤੋਂ ਪੰਡੋਰੀ ਮਹੰਤਾਂ ਨੂੰ ਜਾਣ ਵਾਲੀ ਸੜਕ 'ਤੇ ਪੈਂਦੇ ਪੁਲ ਨਡਾਲਾ ਨਜ਼ਦੀਕ ਲੁੱਟਾਂ-ਖੋਹਾਂ ਦੀ ਵਾਰਦਾਤਾਂ ਵੇਖਣ ਨੂੰ ਆਮ ਮਿਲਦੀਆਂ ਹਨ ਪਰ ਉਥੇ ਪੁਲਸ ਨਾਕਾ ਨਾ ਹੋਣ ਕਾਰਨ ਇਲਾਕੇ ਦੇ ਲੋਕ ਆਪ ਚਿੰਤਤ ਨਜ਼ਰ ਆ ਰਹੇ ਹਨ। ਇਸ ਬਾਰੇ ਇਲਾਕੇ ਦੀਆਂ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਰਾਤ 9 ਵਜੇ ਤੋਂ ਬਾਅਦ ਅੱਜ ਕੱਲ ਕਾਫੀ ਹਨੇਰਾ ਹੋ ਜਾਂਦਾ ਹੈ ਅਤੇ ਲੁਟੇਰੇ ਇਸ ਸੜਕ 'ਤੇ ਸ਼ਰੇਆਮ ਘੁੰਮਦੇ ਵੇਖੇ ਜਾਂਦੇ ਹਨ ਅਤੇ ਕਈ ਵਾਰ ਇਲਾਕੇ ਦੇ ਵਿਅਕਤੀ ਨੂੰ ਇਕੱਲਾ ਵੇਖ ਕੇ ਲੁੱਟ-ਖੋਹ ਕਰਦੇ ਹਨ। ਕਈਆਂ ਨੂੰ ਤੇਜ਼ ਹਥਿਆਰਾਂ ਨਾਲ ਜ਼ਖਮੀ ਵੀ ਕਰ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਨਡਾਲਾ ਪੁਲੀ 'ਤੇ ਪੁਲਸ ਨਾਕਾ ਹੋਇਆ ਕਰਦਾ ਸੀ ਪਰ ਇਹ ਨਾਕਾ ਕਿਸੇ ਕਾਰਨ ਉਠਾਇਆ ਗਿਆ ਹੈ। ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪੁਲ ਨਡਾਲਾ 'ਤੇ ਸਥਾਈ ਤੌਰ ਉਤੇ ਪੱਕਾ ਪੁਲਸ ਨਾਕਾ ਲਗਵਾਉਣ ਵਾਸਤੇ ਥਾਣਾ ਮੁਖੀ ਪੁਰਾਣਾ ਸ਼ਾਲਾ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੁਟੇਰੇ ਅਗਾਂਹ ਤੋਂ ਲੁੱਟ ਖੋਹ ਦੀ ਘਟਨਾ ਨੂੰ ਅੰਜਾਮ ਨਾ ਦੇ ਸਕਣ।

# ਪਲੈਟੀਨਮ ਜੁਬਲੀ ਦੌਰਾਨ 70 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ : ਪ੍ਰਿੰਸੀ. ਡਾ. ਜਗਰੂਪ

ਜਲੰਧਰ (ਸ਼ੈਲੀ ਐਲਬਰਟ) - ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੂੰ ਐਨ ਬੀ ਏ ਐਕਰੀਡੀਟੇਸ਼ਨ ਦੀ ਮਾਨਤਾ ਮਿਲਣ ਲਈ ਅਤੇ ਆਉਣ ਵਾਲੇ ਪਲੈਟੀਨਮ ਜੁਬਲੀ ਫੰਕਸ਼ਨ ਲਈ ਵਧਾਈਆਂ ਦਾ ਸਿਲਸਿਲਾ ਜਾਰੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਉਹਨਾਂ ਨੂੰ ਵਧਾਈ ਦੇ ਸੰਦੇਸ਼ ਮਿਲ ਰਹੇ ਹਨ।ਪੁਰਾਣੇ ਵਿਦਿਆਰਥੀਆਂ ਵਿਚ ਬੇਹਦ ਉਤਸ਼ਾਹ ਪਾਇਆ ਜਾ ਰਿਹਾ ਹੈ।ਪਲੈਟੀਨਮ ਜੁਬਲੀ ਦੌਰਾਨ 70 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਦੀ ਚੋਣ ਲਈ ਕਮੇਟੀ ਬਣਾਈ ਜਾ ਰਹੀ ਹੈ ਤਾਂ ਜੋ ਦੇਸ਼ਾਂ ਵਿਦੇਸ਼ਾਂ ਵਿੱਚ ਰਹਿੰਦੇ ਉਹਨਾਂ ਅਲੂਮਨੀ ਮੈਂਬਰਾਂ ਨੂੰ ਸਨਮਾਨਿਤ ਕੀਤਾ ਜਾ ਸਕੇ, ਜਿਨ੍ਹਾਂ ਦੀਆਂ ਪ੍ਰਾਪਤੀਆਂ ਨੇ ਇਸ ਕਾਲਜ ਨੂੰ ਗੌਰਵਾਨਵਿਤ ਕੀਤਾ ਤੇ ਜਿਹੜੇ ਮੇਹਰਚੰਦ ਪੋਲੀਟੈਕਨਿਕ ਦੇ ਬਰਾਂਡ ਅੰਬੈਸੇਡਰ ਬਣ ਕੇ ਸਮਾਜ ਵਿਚ ਸੇਵਾ ਕਰਦੇ ਰਹੇ ਹਨ।

# ਚਰਨਜੀਤ ਸਿੰਘ ਚੰਨੀ ਦੇ ਹੱਕ 'ਚ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



ਭੋਗਪੁਰ (ਕੁਲਵੀਰ ਸਿੰਘ ਕਾਹਲੋਂ) ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ 'ਚ ਹਲਕਾ ਆਦਮਪੁਰ ਦੇ ਪਿੰਡ ਬਹਿਰਾਮ ਸ਼ਰਿਸ਼ਤਾ ਵਿਖੇ ਸੀਨੀਅਰ ਕਾਂਗਰਸੀ ਆਗੂ ਅਸ਼ਵਨ ਭੱਲਾ ਦੀ ਅਗਵਾਈ ਹੇਠ ਕਰਵਾਈ ਗਈ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ।ਇਸ ਮੌਕੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅੱਜ ਦੇਸ਼ ਦੇ ਸੰਵਿਧਾਨ ਅਤੇ ਪੰਜਾਬ ਦੀ ਹੋਂਦ ਨੂੰ ਭਾਜਪਾ ਤੋਂ ਖਤਰਾ ਹੈ ਤੇ ਸਾਡਾ ਸੰਵਿਧਾਨ ਬਦਲਣ ਦੀਆ ਕੋਸ਼ੀਆਂ ਸਾਜਿਸ਼ਾਂ ਚੱਲ ਰਹੀਆ ਹਨ।ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਦੁਬਾਰਾ ਸੱਤਾ 'ਤੇ ਕਾਬਜ ਹੁੰਦੀ ਹੈ ਤਾਂ ਇਹ ਸੰਵਿਧਾਨ ਨੂੰ ਬਦਲੇਗੀ ਤੇ ਭਾਜਪਾ ਸੰਵਿਧਾਨ ਬਦਲਕੇ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਦੇ ਨਾਮ ਅਤੇ ਉਨ੍ਹਾਂ ਦੀ ਸੋਚ ਖਤਮ ਕਰਨਾ ਚਾਹੁੰਦੀ ਹੈ ਪਰ ਅਸੀ ਇਹ ਹੋਣ ਨਹੀਂ ਦੇਣਾ ਜਿਸ ਕਰਕੇ ਭਾਜਪਾ ਨੂੰ ਕੇਂਦਰ ਵਿੱਚ ਸੱਤਾ ਤੇ ਕਾਬਜ ਹੋਣ ਤੋਂ ਰੋਕਣਾ ਬਹੁਤ ਜਰੂਰੀ ਤੇ ਇਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ।ਆਗੂ ਅਸ਼ਵਨ ਭੱਲਾ ਨੇ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਚੰਨੀ ਨੂੰ ਭਰੋਸਾ ਦਿੱਤਾ ਕਿ ਉਹ ਉਨਾਂ ਨੂੰ ਵੱਡੀ ਲੀਡ ਨਾਲ ਜਿਤਾਉਣਗੇ।

ਇਸ ਮੌਕੇ ਸੰਤ ਪ੍ਰਕਾਸ਼, ਭੁਪਿੰਦਰ ਸਿੰਘ ਸੈਣੀ, ਪਰਮਿੰਦਰ ਸਿੰਘ ਮੱਲੀ, ਅਮਰਜੀਤ ਸਿੰਘ ਥਾਪਰ, ਸਰਪੰਚ ਸੋਢੀ ਰਾਮ, ਮਾਸਟਰ ਭੂੰਦੀਆਂ, ਸਰਪੰਚ ਰਾਕੇਸ਼ ਭੱਲਾ, ਨੀਟੂ ਸੈਣੀ, ਸਰਪੰਚ ਮਨਿੰਦਰ ਗੇਹਲੜਾ, ਨੀਰਜ ਸ਼ਰਮਾ, ਦੀਪਕ ਨਿਝਰ, ਵਿਸ਼ਾਲ ਪਾਸਟਰ, ਗੁਰਸ਼ਰਨ ਸਿੰਘ, ਜਸਵੀਰ ਹੰਸ, ਸੋਨੀਆ ਗੁਰਾਇਆ, ਲੱਕੀ ਸੋਧੀ, ਹੈਪੀ ਮਾਣਕਰਾਈ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# 'ਸਾਡਾ ਮਿਸ਼ਨ-ਗ੍ਰੀਨ ਇਲੈਕਸ਼ਨ' ਤਹਿਤ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਏ ਜਾ ਰਹੇ ਪੌਦੇ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਲੋਕ ਸਭਾ ਚੋਣਾਂ 2024 ਦੀ ਤਿਆਰੀ ਲਈ ਡਾ.ਹੀਰਾ ਲਾਲ ਆਈ ਏ ਐਸ ਜਨਰਲ ਅਬਜ਼ਰਵਰ ਲੋਕ ਸਭਾ ਹਲਕਾ 06 ਅਨੰਦਪੁਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਦੀ ਅਗਵਾਈ ਹੇਠ ਨਗਰ ਕੌਂਸਲ ਦਫਤਰ ਦਫਤਰ ਮਾਤਾ ਨੈਣਾ ਦੇਵੀ ਰੋਡ ਸ੍ਰੀ ਅਨੰਦਪੁਰ ਸਾਹਿਬ ਵਿਖੇ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ।ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਲੋਕ ਸਭਾ ਚੋਣਾ-2024 ਨੂੰ ਸਾਡਾ ਮਿਸ਼ਨ- ਗ੍ਰੀਨ ਇਲੈਕਸ਼ਨ ਵਜੋਂ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਉਨ੍ਹਾਂ ਕਿਹਾ ਕਿ ਆਪਣੇ ਪਰਵਾਰਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਅਤੇ ਗਲੀ-ਮੁਹੱਲੇ ਦੇ ਵੋਟਰਾਂ ਨੂੰ ਜਾਗਰੂਕ ਕਰਨ ਕਿ ਪਹਿਲੀ ਜੂਨ ਨੂੰ ਲੋਕਤੰਤਰ ਦੇ ਮਹਾਂਉਤਸਵ ਮੌਕੇ ਉਹ ਵੋਟ ਪਾਉਣ ਤੋਂ ਪਹਿਲਾਂ ਜਾਂ ਬਾਅਦ ਇੱਕ-ਇੱਕ ਪੌਦਾ ਲਗਾਉਣ ਅਤੇ ਉਹ ਖੁਦ ਵੀ ਇੱਕ-ਇੱਕ ਪੌਦਾ ਜਰੂਰ ਲਗਾਉਣ।ਇਸ ਇਲੈਕਸ਼ਨ ਦੌਰਾਨ ਪਲਾਸਟਿਕ ਜਾਂ ਪਲਾਸਟਿਕ ਤੋਂ ਬਣੇ ਪਦਾਰਥਾਂ ਦੀ ਵਰਤੋਂ ਨੂੰ ਵੀ ਘੱਟ ਤੋਂ ਘੱਟ ਕਰਨਾ, ਹਵਾ, ਪਾਣੀ, ਮਿੱਟੀ ਦੀ ਸੰਭਾਲ਼ ਕਰਨਾ ਕੀਤੀ ਜਾਵੇ।ਇਸ ਮੌਕੇ ਮਦਨ ਲਾਲ ਸੈਨਟਰੀ ਇੰਸਪੈਕਟਰ, ਮਨਦੀਪ ਸਿੰਘ ਪ੍ਰੋਗਰਾਮ ਕੋਆਡੀਨੇਟਰ , ਚਰਨ ਸਿੰਘ ਬੱਗਾ ਜੇ.ਈ, ਸੁਖਬੀਰ ਸਿੰਘ ਜੱਲਾ, ਮਨਪ੍ਰੀਤ ਸਿੰਘ, ਰਕੇਸ਼ ਕੁਮਾਰ ਸੀਨੀਅਰ ਅਸਿਸਟੈਂਟ, ਸੁਖਦੀਪ ਕੌਰ ਬਰਾੜ, ਪੂਜਾ ਅਡਵਾਲ ਰਾਜ ਘਈ, ਅਨਸ ਮੁਹੰਮਦ, ਹਰਦੇਵ ਸਿੰਘ ਹੈਪੀ ਹਾਜ਼ਰ ਸਨ।

# ਹਰਿਆਣਾ 'ਚ ਜਸਵੰਤ ਸਿੰਘ ਫੌਜੀ ਦੀ ਚੋਣ ਮੁਹਿੰਮ ਨੂੰ ਨੌਜਵਾਨਾਂ ਨੇ ਦਿੱਤਾ ਵੱਡਾ ਸਮਰਥਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂਥ ਵਿੰਗ ਦੀ ਇੱਕ ਵਿਸ਼ੇਸ਼ ਮੀਟਿੰਗ ਹਰਿਆਣਾ ਵਿਖੇ ਦਿਲਪ੍ਰੀਤ ਸਿੰਘ ਮੁਕੀਮਪੁਰ ਦੇ ਉਦਮ ਸਦਕਾ ਪਾਰਟੀ ਉਮੀਦਵਾਰ ਜਸਵੰਤ ਸਿੰਘ ਫੌਜੀ ਦੇ ਹੱਕ 'ਚ ਹੋਈ ਜਿਸ 'ਚ ਸੰਦੀਪ ਸਿੰਘ ਖਾਲਸਾ ਕੌਮੀ ਜਨਲਲ ਸਕੱਤਰ ਯੂਥ ਵਿੰਗ ਤੇ ਅਰਮਾਨਪ੍ਰੀਤ ਸਿੰਘ ਸਰਕਲ ਪ੍ਰਧਾਨ ਗੜਦੀਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ ਸੰਦੀਪ ਸਿੰਘ ਖਾਲਸਾ ਨੇ ਕਿਹਾ ਕਿ ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਕੋਈ ਸਾਧਨ ਪੈਦਾ ਨਹੀਂ ਕੀਤੇ ਤੇ ਹੁਣ ਭਗਵੰਤ ਮਾਨ ਸਰਕਾਰ ਨੇ 46 ਲੱਖ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਸਾਧਨ ਪੈਦਾ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਸਨ, ਪਰ ਇਹ ਦਾਅਵੇ ਵੀ ਖੋਖਲੇ ਹੀ ਸਾਬਤ ਹੋਏ ਇਸ ਲਈ ਹੁਣ ਨੌਜਵਾਨਾਂ ਦੀ ਆਸ ਦੂਰ ਅੰਦੇਸ਼ੀ ਅਤੇ ਦ੍ਰਿੜ੍ਹ ਇਰਾਦੇ ਵਾਲੇ ਆਗੂ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੋਂ ਹੀ ਹੈ ਇਸ ਲਈ ਵੱਡੀ ਪੱਧਰ 'ਤੇ ਨੌਜਵਾਨ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ (ਅੰਮ੍ਰਿਤਸਰ) ਵਿੱਚ ਸ਼ਾਮਲ ਹੋਏ। ਇਸ ਸਮੇਂ ਸੰਦੀਪ ਸਿੰਘ ਖਾਲਸਾ ਨੇ ਦਿਲਪ੍ਰੀਤ ਸਿੰਘ ਮੁਖੀਮਪੁਰ ਨੂੰ ਸਰਕਲ ਪ੍ਰਧਾਨ ਹਰਿਆਣਾ ਯੂਥ ਵਿੰਗ ਨਿਯੁਕਤ ਕੀਤਾ ਅਤੇ ਸਨਮਾਨ ਕੀਤਾ ਇਸ ਸਮੇਂ ਹਰਮਨਪ੍ਰੀਤ ਸਿੰਘ ਮੁਕੀਮਪੁਰ, ਕਮਲ ਸੈਣੀ ਕੁੰਟਾਂ, ਆਕਾਸ਼ ਪ੍ਰੀਤ ਸਿੰਘ ਘੁੰਮਣ, ਵਿਸ਼ਵ ਠਾਕੁਰ, ਮਨਪ੍ਰੀਤ ਸਿੰਘ ਭੁੱਲਰ ਬਰਿਆਣਾ, ਜਸਪ੍ਰੀਤ ਸਿੰਘ ਮੁਕੀਮਪੁਰ, ਜਗਜੀਤ ਸਿੰਘ ਨਿੱਕੀਵਾਲ, ਸਮਰਵੀਰ ਸਿੰਘ ਮੁਕੀਮਪੁਰ ਤੇ ਲਖਵਿੰਦਰ ਸਿੰਘ ਚਲਾਂਗ ਆਦਿ ਵੱਡੀ ਪੱਧਰ ਤੇ ਹਾਜ਼ਰ ਸਨ।



# 240 ਏਕੜ ਪੰਚਾਇਤੀ ਜ਼ਮੀਨ 'ਚ ਸ਼ਰੇਆਮ ਕੀਤੀ ਜਾ ਰਹੀ ਹੈ ਮਾਈਨਿੰਗ



ਦੀਨਾਨਗਰ, (ਸੰਜੀਵ)- ਬਲਾਕ ਦੀਨਾਨਗਰ ਦੇ ਪਿੰਡ ਸਿੱਧਪੁਰ ਦੇ ਵਿੱਚ ਸ਼ਰੇਆਮ ਮਾਈਨਿੰਗ ਕੀਤੀ ਜਾ ਰਹੀ ਹੈ ਜਿਸ ਦਾ ਖੁਲਾਸਾ ਪਿੰਡ ਦੇ ਮੌਜੂਦਾ ਸਰਪੰਚ ਬੀਰਾ ਰਾਮ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਬੰਧਤ ਵਿਭਾਗਾਂ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਜਿਸ ਦੇ ਵਿੱਚ ਉਹ ਪੰਚਾਇਤ ਵੱਲੋਂ ਕੇਸ ਵੀ ਜਿੱਤ ਚੁੱਕੇ ਸਨ ਅਤੇ ਆਰੋਪੀਆਂ ਦੇ ਖਿਲਾਫ ਪਰਚੇ ਵੀ ਦਰਜ ਕੀਤੇ ਗਏ ਸਨ। ਇਸ ਦੇ ਨਾਲ-ਨਾਲ ਆਰੋਪੀਆਂ ਨੂੰ ਜੁਰਮਾਨਾ ਵੀ ਲਗਾਇਆ ਗਿਆ ਪ੍ਰੰਤੂ ਇਸਦੇ ਬਾਵਜੂਦ ਮਾਈਨਿੰਗ ਦਾ ਸਿਲਸਿਲਾ ਲਗਾਤਾਰ ਉਸੇ ਤਰ੍ਹਾਂ ਹੀ ਚਲਦਾ ਰਿਹਾ।ਇਸ ਨੂੰ ਰੋਕਣ ਵਾਸਤੇ ਮੈਂ ਅਤੇ ਮੇਰੀ ਪੰਚਾਇਤ ਨੇ ਬਹੁਤ ਸੰਘਰਸ਼ ਕੀਤਾ ਪਰ ਪ੍ਰਸ਼ਾਸਨ ਵੱਲੋਂ ਮੈਨੂੰ ਕੋਈ ਵੀ ਸਪੋਰਟ ਨਹੀਂ ਮਿਲੀ, ਉਲਟਾ ਮੇਰੇ 'ਤੇ ਹਮੇਸ਼ਾ ਦਬਾ ਪਾਇਆ ਗਿਆ ਕਿ ਤੂੰ ਇਸ ਮਾਮਲੇ ਤੋਂ ਦੂਰ ਰਹਿ।ਇਸਦੇ ਵਿੱਚ ਹੀ ਤੇਰੀ ਅਤੇ ਤੇਰੇ ਪਰਿਵਾਰ ਦੀ ਭਲਾਈ ਹੈ।ਉਨ੍ਹਾਂ ਨੇ ਦੱਸਿਆ ਕਿ ਇਹ ਮਾਈਨਿੰਗ ਪਿਛਲੀ ਸਰਕਾਰ ਦੇ ਟਾਈਮ ਦੀ ਚਲਦੀ ਆ ਰਹੀ ਹੈ। ਪਿਛਲੀ ਸਰਕਾਰ ਦੇ ਟਾਈਮ ਵਿੱਚ ਮੇਰੇ ਵੱਲੋਂ ਵਾਰ-ਵਾਰ ਸ਼ਿਕਾਇਤ ਕਰਨ ਦੇ ਬਾਵਜੂਦ ਕਈ ਲੋਕਾਂ 'ਤੇ ਪਰਚਾ ਦਰਜ ਕੀਤਾ ਗਿਆ ਅਤੇ ਇਸ ਜ਼ਮੀਨ 'ਤੇ ਮੈਨੂੰ ਸਟੇਅ ਆਰਡਰ ਦਿੱਤਾ ਗਿਆ ਪਰ ਜਦੋਂ ਦੀ ਇਹ ਨਵੀਂ ਸਰਕਾਰ ਬਣੀ ਹੈ ਇਹ ਮਾਈਨਿੰਗ ਦਾ ਸਿਲਸਿਲਾ ਦੁਬਾਰਾ ਉਸੇ ਤਰ੍ਹਾਂ ਹੀ ਭਖ ਗਿਆ ਹੈ।ਮੇਰੀ ਸਾਰੀ ਪੰਚਾਇਤ ਅਤੇ ਮੇਰਾ ਪਿੰਡ ਮੇਰੇ ਨਾਲ ਹੈ। ਇਸ ਦੇ ਬਾਵਜੂਦ ਕੁਝ ਤਾਕਤਵਰ ਸ਼ਖਸੀਅਤਾਂ ਦੇ ਦਬਾ ਹੇਠਾਂ ਪ੍ਰਸ਼ਾਸਨ ਵੱਲੋਂ ਕੋਈ ਵੀ ਕਾਰਵਾਈ ਦੋਸ਼ੀਆਂ ਦੇ ਖਿਲਾਫ ਨਹੀਂ ਕੀਤੀ ਜਾ ਰਹੀ।ਮੇਰੀ ਪ੍ਰਸ਼ਾਸਨ ਤੋਂ ਮੰਗ ਹੈ ਕਿ ਮੈਨੂੰ ਮੇਰੀ ਪੰਚਾਇਤੀ ਜ਼ਮੀਨ ਦਾ ਕਬਜ਼ਾ ਦਿੱਤਾ ਜਾਵੇ ਤਾਂ ਜੋ ਅਸੀਂ ਇਸ ਜ਼ਮੀਨ ਨੂੰ ਪੰਚਾਇਤ ਦੀ ਵਰਤੋਂ ਵਿੱਚ ਲਿਆ ਸਕੀਏ ਅਤੇ ਮਾਈਨਿੰਗ ਦਾ ਕਾਰੋਬਾਰ ਹਮੇਸ਼ਾ ਲਈ ਬੰਦ ਕੀਤਾ ਜਾਵੇ।

# ਕਾਮਰੇਡ ਕੇਵਲ ਕਾਲੀਆ ਨੂੰ ਪੁਲਸ ਹਿਰਾਸਤ 'ਚ ਲੈਣ ਦੀ ਨਿਖੇਧੀ



ਪਠਾਨਕੋਟ (ਦਵਿੰਦਰ ਸਿੰਘ)-ਸੀਪੀਆਈ (ਐੱਮ) ਦੇ ਜ਼ਿਲਾ ਸਕੱਤਰ ਕਾਮਰੇਡ ਕੇਵਲ ਕਾਲੀਆ ਨੂੰ ਪੁਲਸ ਨੇ ਅੱਜ ਮੰਗਲਵਾਰ ਨੂੰ ਉਨ੍ਹਾਂ ਦੇ ਘਰੋਂ ਗ੍ਰਿਫਤਾਰ ਕਰ ਲਿਆ ਹੈ।ਦੱਸਣਯੋਗ ਹੈ ਕਿ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਠਾਨਕੋਟ ਵਿਖੇ ਇੱਕ ਰੋਡ ਸ਼ੋਅ ਨੂੰ ਸੰਬੋਧਨ ਕਰਨ ਲਈ ਆਉਣਾ ਹੈ।ਸੀਪੀਆਈ (ਐੱਮ) ਦੇ ਸੂਬਾਈ ਸਕੱਤਰੇਤ ਮੈਂਬਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਪੁਲਸ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਨੂੰ ਆਪਣੀ ਹਾਰ ਵਿਖਾਈ ਦੇ ਰਹੀ ਹੈ।ਇਸ ਲਈ ਇਹ ਸਰਕਾਰ ਬੁਖਲਾਹਟ ਵਿੱਚ ਆ ਕੇ ਸੀ ਪੀ ਆਈ (ਐੱਮ) ਦੇ ਆਗੂ ਕਾਮਰੇਡ ਕੇਵਲ ਕਾਲੀਆ ਨੂੰ ਹਿਰਾਸਤ ਵਿੱਚ ਲੈ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮੋਦੀ ਦੀ ਦੀਨਾਨਗਰ ਫੇਰੀ ਮੌਕੇ ਕਾਮਰੇਡ ਕੇਵਲ ਕਾਲੀਆ ਨੂੰ ਹਿਰਾਸਤ ਵਿੱਚ ਲੈ ਲਿਆ ਸੀ।ਇਸ ਮੌਕੇ ਕਾਮਰੇਡ ਸੁਧਾ ਰਾਣੀ, ਕਾਮਰੇਡ ਸੁਰਿੰਦਰ ਸਹਿਗਲ, ਕਾਮਰੇਡ ਪਰਸ਼ੋਤਮ ਕੁਮਾਰ ਨੇ ਵੀ ਕਾਮਰੇਡ ਕੇਵਲ ਕਾਲੀਆ ਨੂੰ ਹਿਰਾਸਤ ਵਿੱਚ ਲੈਣ ਦੀ ਨਿਖੇਧੀ ਕੀਤੀ ਹੈ।

# ਡਾ. ਦਲਜੀਤ ਚੀਮਾ ਦੇ ਹੱਕ 'ਚ ਭੈਣੀ ਮੀਲਮਾਂ ਵਿਖੇ ਵਿਸ਼ਾਲ ਚੋਣ ਮੀਟਿੰਗ



ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਲੋਕ ਸਭਾ ਹਲਕੇ ਦੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਚੀਮਾ ਦੇ ਹੱਕ ਵਿੱਚ ਪਿੰਡ ਭੈਣੀ ਮੀਲਮਾਂ ਵਿਖੇ ਸਿਮਰਨਜੀਤ ਸਿੰਘ ਸ਼ੰਮੀ ਦੇ ਪ੍ਰਬੰਧਾਂ ਹੇਠ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਕਮਲਜੀਤ ਚਾਵਲਾ ਅਤੇ ਸਰਕਲ ਪ੍ਰਧਾਨ ਸਰਬਜੀਤ ਸਿੰਘ ਲਾਲੀਆ ਸ਼ਾਮਿਲ ਹੋਏ। ਇਸ ਮੌਕੇ ਚਾਵਲਾ ਨੇ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਗੁਰਦਾਸਪੁਰ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਦੇ ਪੱਖੀ ਹਵਾ ਚੱਲ ਰਹੀ ਹੈ ਅਤੇ ਪੰਜਾਬ ਅੰਦਰ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਲੋਕ ਵੇਖ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਲੋਕ ਇਸ ਵਾਰ ਪੰਜਾਬ 'ਚ ਵੱਡੇ ਪੱਧਰ ਤੇ ਤਬਦੀਲੀ ਦੇ ਰੌਂਅ ਵਿਚ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਲੀ ਦਲ ਪਾਰਟੀ ਹੀ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸਨ ਮੁਹੱਈਆ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਹੁਣ ਪੰਜਾਬ ਅੰਦਰ ਹਰ ਪਾਸੇ ਲੋਕਤੰਤਰ ਦਾ ਘਾਣ ਹੋ ਰਿਹਾ ਹੈ ਅਤੇ ਨੌਜਵਾਨ ਪੀੜੀ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੀ ਹੈ ਜਿਸ 'ਤੇ ਸ਼੍ਰੋਮਣੀ ਅਕਾਲੀ ਦਲ ਹੀ ਕਾਬੂ ਪਾ ਸਕਦਾ ਹੈ।

ਇਸ ਮੌਕੇ ਸਰਕਲ ਪ੍ਰਧਾਨ ਸਰਬਜੀਤ ਸਿੰਘ ਲਾਲੀਆ ਨੇ ਲੋਕਾਂ ਨੂੰ 1 ਜੂਨ ਨੂੰ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਤੱਕੜੀ ਦੇ ਨਿਸ਼ਾਨ 'ਤੇ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਤੁੰਗ ਸਲਾਹਕਾਰ ਕਮੇਟੀ ਪੰਜਾਬ, ਯੂਥ ਪ੍ਰਧਾਨ ਲਖਜਿੰਦਰ ਸਿੰਘ ਭੱਟੀਆਂ, ਜੋਗਰਾਜ ਸਿੰਘ ਪ੍ਰਧਾਨ ਬੀਸੀ ਵਿੰਗ ਪੰਜਾਬ, ਸਿਮਰਜੀਤ ਸਿੰਘ, ਸੌਦਾਗਰ ਸਿੰਘ ਮੀਲਮਾਂ, ਰਵਿੰਦਰ ਸਿੰਘ ਝੋਰ, ਗੁਰਦਿਆਲ ਸਿੰਘ, ਕੁਲਦੀਪ ਸਿੰਘ, ਸ਼ਿੰਦਾ ਸਰਪੰਚ ਭੈਣੀ ਮੀਲਮਾਂ, ਸਤਪਾਲ ਸਿੰਘ, ਪਿਆਰਾ ਸਿੰਘ ਅਤੇ ਫੌਜਾ ਸਿੰਘ ਤੋਂ ਇਲਾਵਾ ਹੋਰ ਅਕਾਲੀ ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ।

# ਲਾਇਨ ਗੁਰਦੀਪ ਸਿੰਘ ਕੰਗ ਨੇ ਪੇਸ਼ ਕੀਤੀ ਇਨਸਾਨੀਅਤ ਦੀ ਮਿਸਾਲ



ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ) ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਹਿਉਮਿਨਿਟੇਰੀਅਨ) ਲਾਇਨ ਗੁਰਦੀਪ ਸਿੰਘ ਕੰਗ ਨੇ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਕਟੜਾ ਜਾ ਰਹੇ ਮੱਧ ਪ੍ਰਦੇਸ਼ ਦੇ ਇੱਕ ਜੋੜੇ ਦੀ ਸੜਕ ਹਾਦਸੇ ਦਾ ਸ਼ਿਕਾਰ ਹੋਣ ਸਮੇਂ ਮਦਦ ਕਰਕੇ ਇਨਸਾਨੀਅਤ ਦੀ ਮਿਸਾਲ ਪੇਸ਼ ਕੀਤੀ ਹੈ।ਨਰੂਲਾ ਹਸਪਤਾਲ 'ਚ ਇਲਾਜ ਅਧੀਨ ਰਾਜੇਸ਼ ਗੁਪਤਾ ਅਤੇ ਉਹਨਾਂ ਦੀ ਪਤਨੀ ਸਾਵਿਤਰੀ ਗੁਪਤਾ ਨੇ ਦੱਸਿਆ ਕਿ ਉਹ ਫਗਵਾੜਾ 'ਚ ਖਾਣਾ ਖਾਣ ਲਈ ਰੁਕੇ ਸਨ।ਇਸ ਦੌਰਾਨ ਜੀ.ਟੀ ਰੋਡ 'ਤੇ ਸੜਕ ਪਾਰ ਕਰਦੇ ਸਮੇਂ ਇਕ ਵਾਹਨ ਦੀ ਫੇਟ ਨਾਲ ਗੰਭੀਰ ਜ਼ਖਮੀ ਹੋ ਗਏ ਸੀ ਅਤੇ ਇਸ ਹਾਦਸੇ 'ਚ ਰਾਜੇਸ਼ ਗੁਪਤਾ ਦੀ ਬਾਂਹ ਟੁੱਟ ਗਈ ਤੇ ਸਾਵਿਤਰੀ ਗੁਪਤਾ ਦੀਆਂ ਦੋਵੇਂ ਲੱਤਾਂ ਅਤੇ ਇੱਕ ਬਾਂਹ ਟੁੱਟ ਗਈ ਸੀ।ਅਨਜਾਣ ਸ਼ਹਿਰ ਵਿੱਚ ਉਹਨਾਂ ਦਾ ਕੋਈ ਜਾਣਕਾਰ ਨਹੀਂ ਸੀ।ਇਸ ਬਾਰੇ ਲਾਇਨ ਗੁਰਦੀਪ ਸਿੰਘ ਕੰਗ ਨੂੰ ਜਦੋਂ ਪਤਾ ਲੱਗਾ ਤਾਂ ਉਹ ਤੁਰੰਤ ਨਰੂਲਾ ਹਸਪਤਾਲ ਪੁੱਜੇ ਅਤੇ ਜ਼ਖਮੀ ਜੋੜੇ ਦਾ ਹਾਲ-ਚਾਲ ਪੁੱਛਿਆ।ਡਾ: ਪੁਨੀਤ ਨਰੂਲਾ (ਓਰਥੋ) ਦੇ ਦੱਸੇ ਅਨੁਸਾਰ ਜ਼ਖ਼ਮੀਆਂ ਲਈ ਲੋੜੀਂਦੇ ਖ਼ੂਨ ਦਾ ਪ੍ਰਬੰਧ ਕੀਤਾ।ਇਸ ਤੋਂ ਇਲਾਵਾ ਹਸਪਤਾਲ ਤੋਂ ਛੁੱਟੀ ਮਿਲਣ ਤੱਕ ਜਖਮੀਆਂ ਦੀ ਹਰ ਸੰਭਵ ਮੱਦਦ ਲਈ ਹਾਜ਼ਰ ਰਹੇ।ਗੱਲਬਾਤ ਦੌਰਾਨ ਲਾਇਨ ਕੰਗ ਨੇ ਦੱਸਿਆ ਕਿ ਮਨੁੱਖਤਾ ਦੀ ਸੇਵਾ ਹੀ ਉਨ੍ਹਾਂ ਦੀ ਸੰਸਥਾ ਦਾ ਮਿਸ਼ਨ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਹਾਦਸੇ ਬਾਰੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਗਵਰਨਰ-2 (2024-2025) ਲਾਇਨ ਜੀ ਐਸ ਭਾਟੀਆ ਤੋਂ ਸੂਚਨਾ ਮਿਲੀ ਸੀ।ਜਿਸ 'ਤੇ ਉਸ ਨੇ ਇਸ ਜੋੜੇ ਦੀ ਵੱਧ ਤੋਂ ਵੱਧ ਮਦਦ ਕਰਕੇ ਆਪਣਾ ਮਨੁੱਖੀ ਫਰਜ਼ ਨਿਭਾਇਆ ਹੈ। ਇਸ ਦੌਰਾਨ ਡਾ: ਪੁਨੀਤ ਨਰੂਲਾ ਨੇ ਲਾਇਨ ਗੁਰਦੀਪ ਸਿੰਘ ਕੰਗ ਅਤੇ ਉਨ੍ਹਾਂ ਦੀ ਸੰਸਥਾ ਲਾਇਨਜ਼ ਇੰਟਰਨੈਸ਼ਨਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਲਾਇਨ ਜੀ.ਐਸ. ਭਾਟੀਆ ਖੁਦ ਵੀ ਲਗਾਤਾਰ ਫੋਨ ਕਰਕੇ ਜੋੜੇ ਦੀ ਸਿਹਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹੇ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ।

# ਯਾਮਿਨੀ ਗੋਮਰ ਵੱਲੋਂ ਚੱਬੇਵਾਲ ਦੇ ਵੱਖ-ਵੱਖ ਪਿੰਡਾਂ 'ਚ ਤੂਫਾਨੀ ਦੌਰਾ




ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਚੱਬੇਵਾਲ ਵਿਖੇ ਸੀਨੀਅਰ ਕਾਂਗਰਸ ਆਗੂ ਕਾਂਗਰਸ ਪਾਰਟੀ ਦੇ ਕੁਲਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ ਚੱਬੇਵਾਲ ਦੀ ਪ੍ਰਧਾਨਗੀ ਕਾਂਗਰਸ ਦੇ ਉਮੀਦਵਾਰ ਯਾਮਿਨੀ ਗੋਮਰ ਲੋਕ ਸਭਾ ਹੁਸ਼ਿਆਰਪੁਰ ਨੇ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਤੂਫਾਨੀ ਦੌਰਾ ਕਰਕੇ ਵੋਟਰਾਂ ਨੂੰ ਲਾਮਵੰਦ ਕੀਤਾ। ਇਸ ਮੌਕੇ ਸੀਨੀਅਰ ਕਾਂਗਰਸ ਨੇਤਾ ਕੁਲਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ ਚੱਬੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਲੋਕ ਸਭਾ ਹੁਸ਼ਿਆਰਪੁਰ ਕਾਂਗਰਸ ਦੇ ਉਮੀਦਵਾਰ ਯਾਮਿਨੀ ਗੋਮਰ ਦੇ ਹੱਕ ਵਿੱਚ ਹਲਕਾ ਚੱਬੇਵਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਵੱਖ ਵੱਖ ਪਿੰਡਾਂ ਜਾ ਕੇ ਵੋਟਰਾਂ ਨੂੰ ਕਾਂਗਰਸ ਦੇ ਉਮੀਦਵਾਰ ਯਾਮੀਨ ਗਮੋਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਉਮੀਦਵਾਰ ਯਾਮੀਨ ਗਮੋਰ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ ਲੋਕ ਸਭਾ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ। ਇਸ ਮੌਕੇ ਰਸੂਲਪੁਰ ਨੇ ਕਿਹਾ ਕਿ ਲੋਕ ਸਭਾ ਹੁਸ਼ਿਆਰਪੁਰ ਦੇ ਵੱਖ ਵੱਖ ਇਲਾਕਿਆਂ ਵਿਚ ਕਾਂਗਰਸੀ ਉਮੀਦਵਾਰ ਯਾਮਨੀ ਗਮੋਰ ਨੂੰ ਲੋਕਾਂ ਵੱਲੋਂ ਵੋਟ ਪਾਉਣ ਦਾ ਭੋਰਸਾ ਦਿੱਤਾ ਅਤੇ ਹਲਕਾ ਚੱਬੇਵਾਲ ਤੋਂ ਕਾਂਗਰਸੀ ਆਗੂ ਯਾਮਿਨੀ ਗੋਮਰ ਨੂੰ ਜਿਤਾਉਣ ਲਈ ਦਿਨ ਰਾਤ ਚੋਣ ਪ੍ਰਚਾਰ ਕਰ ਰਹੇ ਹਨ। ਇਸ ਮੌਕੇ ਕੁਲਵਿੰਦਰ ਸਿੰਘ ਰਸੂਲਪੁਰ ਨੇ ਦੱਸਿਆ ਕਿ ਯਾਮਿਨੀ ਗੋਮਰ ਕਾਂਗਰਸ ਦੇ ਉਮੀਦਵਾਰ ਦੇ ਹੱਕ ਵਿੱਚ ਚੱਬੇਵਾਲ, ਬਿਹਾਲਾ, ਨੌਰੰਗਾਬਾਦ, ਲਹਿਰ ਕਲਾਂ, ਜੱਲੋਵਾਲ, ਖਨੂਰ, ਭਾਮ, ਠੱਕਰਵਾਲ, ਦਿਹਾਣਾ, ਮੁੱਖਲਿਆਣਾ, ਪੰਡੋਰੀ ਕੱਦ, ਫਗਲਾਣਾ, ਮੇਹਟੀਆਣਾ ਆਦਿ ਪਿੰਡਾਂ ਦੇ ਤੂਫਾਨੀ ਦੌਰੇ ਕਰਕੇ ਵੋਟਰਾਂ ਨੂੰ ਲਾਮਵੰਦ ਕੀਤਾ।ਇਸ ਮੌਕੇ ਕੁਲਵਿੰਦਰ ਸਿੰਘ ਰਸੂਲਪੁਰ ਨੇ ਕਿਹਾ ਕਿ ਕਾਂਗਰਸ ਦੇ ਉਮੀਦਵਾਰ ਯਾਮਨੀ ਗਮੋਰ ਲੋਕ ਸਭਾ ਹੁਸ਼ਿਆਰਪੁਰ ਸ਼ਾਨਦਾਰ ਜਿੱਤ ਹਾਸਲ ਕਰਨਗੇ।

ਇਸ ਮੌਕੇ ਚੋਣ ਪ੍ਰਚਾਰ ਦੌਰਾਨ ਕੁਲਵਿੰਦਰ ਸਿੰਘ ਰਸੂਲਪੁਰੀ ਹਲਕਾ ਇੰਚਾਰਜ ਚੱਬੇਵਾਲ, ਹਰਜਿੰਦਰ ਸਿੰਘ ਰਸੂਲਪੁਰ ਆਦਿ ਹਾਜ਼ਰ ਸਨ।

# ਦੋਆਬਾ ਪਬਲਿਕ ਸਕੂਲ 'ਚ ਵਰਲਡ ਰਿਕਾਰਡ ਲਈ ਬਣਾਈ ਰੰਗੋਲੀ ਦੇਖਣ ਪੁੱਜੇ ਐੱਸ ਡੀ ਐੱਮ



ਮਾਹਿਲਪੁਰ (ਸਫ਼ਰੀ) - ਚੇਅਰਪਰਸਨ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਚੱਲ ਰਹੀ ਇਲਾਕੇ ਦੀ ਮਸ਼ਹੂਰ ਵਿਦਿਅਕ ਸੰਸਥਾ, ਦੋਆਬਾ ਪਬਲਿਕ ਸਕੂਲ ਦੋਹਲਰੋਂ, ਵਿੱਚ ਤਹਿਸੀਲ ਗੜ੍ਹਸ਼ੰਕਰ ਦੇ ਐਸ . ਡੀ ਐਮ ਸ਼ਿਵਰਾਜ ਸਿੰਘ ਬੱਲ ਨੇ ਦੌਰਾ ਕੀਤਾ।ਪ੍ਰਿੰਸੀਪਲ ਅਰੁਣ ਗੁਪਤਾ ਨੇ ਜਾਣਕਾਰੀ ਦਿੱਤੀ ਕਿ ਸਕੂਲ ਦੀ ਦਸਵੀਂ ਸ਼੍ਰੇਣੀ ਦੀ ਪ੍ਰਤਿਭਾਸ਼ਾਲੀ ਵਿਦਿਆਰਥਣ, ਦੀਕਸ਼ਾ, ਨੇ 3500 ਵਰਗ ਫੁੱਟ ਦੀ ਵਿਸ਼ਾਲ ਰੰਗੋਲੀ ਤਿਆਰ ਕੀਤੀ, ਜਿਸ ਦਾ ਉਦਘਾਟਨ ਐਸ ਡੀ ਐਮ ਸ਼ਿਵਰਾਜ ਸਿੰਘ ਬੱਲ ਜੀ ਨੇ ਕੀਤਾ। ਇਸ ਪ੍ਰੋਜੈਕਟ ਨਾਲ, ਦੀਕਸ਼ਾ ਨੇ ਆਪਣੇ ਪਿਛਲੇ 3100 ਵਰਗ ਫੁੱਟ ਦੀ ਰੰਗੋਲੀ ਦਾ ਖੁਦ ਦਾ ਵਰਲਡ ਰਿਕਾਰਡ ਤੋੜਿਆ ਹੈ, ਜੋ ਉਸ ਨੇ ਖਟਕੜ ਕਲਾਂ ਵਿੱਚ ਬਣਾਇਆ ਸੀ।ਇਸ ਵਿਸ਼ਾਲ ਰੰਗੋਲੀ ਵਿੱਚ, ਦੀਕਸ਼ਾ ਨੇ ਭਾਰਤ ਮਾਤਾ ਅਤੇ ਦੇਸ਼ ਦੀ ਰੱਖਿਆ ਕਰਦੀਆਂ ਚਾਰੋ ਸੇਨਾਵਾਂ ਨੂੰ ਦਰਸਾਇਆ ਹੈ।ਇਸਦੇ ਨਾਲ, ਵੋਟਾਂ ਪਾਉਣ ਦੀ ਜਾਗਰੂਕਤਾ ਲਈ ਵੀ ਸੰਦੇਸ਼ ਦਿੱਤਾ ਗਿਆ ਹੈ। ਦੋਆਬਾ ਸਕੂਲ ਦੇ ਡਾਇਰੈਕਟਰ ਗੁਰਿੰਦਰ ਸਿੰਘ ਬੈਂਸ ਤੇ ਹਾਜ਼ਰ ਸਾਰੇ ਪਤਵੰਤੇ ਸੱਜਣਾ ਨੇ ਦੀਕਸ਼ਾ ਦੇ ਇਸ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ। ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ, ਸੁਖਵਿੰਦਰ ਕੌਰ ਗਿੱਲ ਤੇ ਸਮੂਹ ਸਟਾਫ ਨੇ ਦੀਕਸ਼ਾ ਨੂੰ ਮਾਣਮੱਤੀ ਪ੍ਰਾਪਤੀ ਤੇ ਵਧਾਈ ਦਿੱਤੀ।ਇਸ ਮੌਕੇ ਪੂਜਾ ਰਾਣੀ, ਸ਼ੈਲੀ ਸ਼ਰਮਾਂ, ਅਜੈ ਕੁਮਾਰੀ , ਵਿਨੈ ਕੁਮਾਰ , ਦੀਪਿਕਾ , ਪੂਨਮ ਬਾਲਾ , ਕਮਲਪ੍ਰੀਤ ਸਿੰਘ ਹਾਜਰ ਸਨ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਡਾ. ਬਲਜੀਤ ਕੌਰ ਦੇ ਨਾਂਅ ਦਿੱਤਾ ਮੰਗ ਪੱਤਰ




ਗੁਰਦਾਸਪੁਰ, (ਜਨਕ ਮਹਾਜਨ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਕਮੇਟੀ ਦੇ ਸੱਦੇ 'ਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਜ਼ਿਲਾ ਪ੍ਰਧਾਨ ਸੁਨਿਰਮਲ ਕੌਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਿਧਾਇਕ ਦੇ ਘਰ ਦਾ ਘਿਰਾਓ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੋਲਦਿਆਂ ਯੂਨੀਅਨ ਦੀਆਂ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਆਂਗਣਵਾੜੀ ਵਰਕਰਾਂ ਦੀਆਂ ਛੁੱਟੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਚਿੱਠੀ ਜਾਰੀ ਕੀਤੀ ਗਈ ਹੈ ਕਿ ਇੱਕ ਆਂਗਣਵਾੜੀ ਸੈਂਟਰ ਵਿੱਚ ਦੋ ਵਰਕਰਾਂ ਨਹੀਂ ਬੈਠ ਸਕਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਗਭਗ 27 ਹਜ਼ਾਰ ਆਂਗਣਵਾੜੀ ਵਰਕਰਾਂ ਹਨ ਪਰ ਸਰਕਾਰੀ ਇਮਾਰਤਾਂ ਸਿਰਫ 8 ਕੁ ਹਜ਼ਾਰ ਹੀ ਹਨ ਤੇ 19 ਹਜ਼ਾਰ ਆਂਗਣਵਾੜੀ ਸੈਂਟਰਾਂ ਦੀਆਂ ਸਰਕਾਰੀ ਇਮਾਰਤਾਂ ਹੀ ਨਹੀਂ ਹਨ। ਹੋਰ ਆਂਗਣਵਾੜੀ ਸੈਂਟਰ ਲਗਾਉਣ ਲਈ ਕਿਧਰੇ ਥਾਂ ਹੀ ਨਹੀਂ ਹੈ। ਪਹਿਲਾਂ ਵਾਲੇ ਸੈਂਟਰ ਵੀ ਕੰਡਮ ਹੋ ਚੁੱਕੀਆਂ ਧਰਮਸ਼ਾਲਾਵਾਂ ਵਿੱਚ ਚੱਲ ਰਹੇ ਹਨ ਤੇ ਇਕ ਆਂਗਣਵਾੜੀ ਸੈਂਟਰ ਵਿੱਚ ਕਈ ਵਰਕਰਾਂ ਤੇ ਹੈਲਪਰਾਂ ਬੈਠਦੀਆਂ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਵਿਭਾਗ ਛੁੱਟੀਆਂ ਬੰਦ ਕਰਨ ਵਾਲਾ ਤੇ ਆਂਗਣਵਾੜੀ ਸੈਂਟਰਾਂ ਵਿੱਚ ਹੋਰ ਵਰਕਰਾਂ ਨੂੰ ਨਾ ਬਿਠਾਏ ਜਾਣ ਵਾਲਾ ਆਪਣਾ ਫੈਸਲਾ ਵਾਪਸ ਲਵੇ। ਇਸ ਸਮੇਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਮੰਤਰੀ ਡਾ. ਬਲਜੀਤ ਕੌਰ ਦੇ ਨਾਮ ਆਪ ਆਗੂ ਰਾਹੀਂ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਆਦਿ ਆਗੂ ਮੌਜੂਦ ਸਨ। ਇਸ ਮੌਕੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਇੰਨੋਸੈਂਟ ਹਾਰਟਸ ਦੇ ਸਾਬਕਾ ਵਿਦਿਆਰਥੀ ਸਕਸ਼ਮ ਗੁਪਤਾ ਦੀ ਭਾਰਤੀ ਜਲ ਸੈਨਾ 'ਚ ਨਿਯੁਕਤੀ



ਜਲੰਧਰ (ਸ਼ੈਲੀ ਐਲਬਰਟ) ਇੰਨੋਸੈਂਟ ਹਾਰਟਸ ਸਕੂਲ ਦੇ ਸਾਬਕਾ ਵਿਦਿਆਰਥੀ ਸਬ ਲੈਫਟੀਨੈਂਟ ਸਕਸ਼ਮ ਗੁਪਤਾ ਦਾ ਭਾਰਤੀ ਜਲ ਸੈਨਾ ਵਿੱਚ ਇੱਕ ਅਧਿਕਾਰੀ ਵੱਜੋਂ ਨਿਯੁਕਤ ਹੋਣਾ ਅਤੇ 25 ਮਈ 2024 ਨੂੰ ਭਾਰਤੀ ਜਲ ਸੈਨਾ ਵਿੱਚ ਸਥਾਈ ਕਮਿਸ਼ਨ ਮਿਲਣਾ- ਇੰਨੋਸੈਂਟ ਹਾਰਟਸ ਲਈ ਮਾਣ ਦੇ ਪਲ ਹਨ। ਇਸ ਸਾਲ ਪੰਜਾਬ ਵਿੱਚੋਂ ਸਿਰਫ਼ 4 ਅਤੇ ਜਲੰਧਰ ਤੋਂ ਸਿਰਫ਼ 1 (ਸਕਸ਼ਮ ਗੁਪਤਾ) ਚੁਣੇ ਗਏ ਸਨ । ਪਾਸਿੰਗ ਆਊਟ ਪਰੇਡ ਇੰਡੀਅਨ ਨੇਵਲ ਅਕੈਡਮੀ ਇਜ਼ੀਮਾਲਾ, ਕੇਰਲ ਵਿਖੇ ਆਯੋਜਿਤ ਕੀਤੀ ਗਈ। ਪਰੇਡ ਦੀ ਹਵਾਈ ਸੇਵਾ ਦੇ ਮੁੱਖੀ, ਏਅਰ ਚੀਫ ਮਾਰਸ਼ਲ ਵੀਆਰ ਚੌਧਰੀ, ਪੀਵੀਐਸਐਮ ਏਵੀਐਸਐਮ ਦੁਆਰਾ ਸਮੀਖਿਆ ਕੀਤੀ ਗਈ ਜਿੱਥੇ ਸਬ ਲੈਫਟੀਨੈਂਟ ਸਕਸ਼ਮ ਗੁਪਤਾ ਨੂੰ ਭਾਰਤੀ ਜਲ ਸੈਨਾ ਵਿੱਚ ਸਥਾਈ ਕਮਿਸ਼ਨ ਦਿੱਤਾ ਗਿਆ ।

ਨਿਊ ਜਵਾਹਰ ਨਗਰ ਦੇ ਰਹਿਣ ਵਾਲੇ ਸਬ ਲੈਫਟੀਨੈਂਟ ਸਕਸ਼ਮ ਗੁਪਤਾ, ਉਨ੍ਹਾਂ ਦੇ ਪਿਤਾ ਸ਼੍ਰੀ ਅਜੇ ਗੁਪਤਾ(ਇੱਕ ਵਪਾਰੀ), ਮਾਤਾ ਸ਼੍ਰੀਮਤੀ ਭਾਰਤੀ ਗੁਪਤਾ ਇੰਨੋਸੈਂਟ ਹਾਰਟਸ ਸਕੂਲ ਵਿੱਚ ਗਣਿਤ ਵਿਭਾਗ ਦੇ ਮੁੱਖੀ ਹਨ ਅਤੇ ਭੈਣ ਤਨੂਸ਼ਾ ਗੁਪਤਾ 11ਵੀਂ ਕਲਾਸ ਵਿੱਚ ਹੈ।ਉਹ ਵੀ ਉਸ ਵਾਂਗ ਸਕੂਲ ਦੀ ਹੋਣਹਾਰ ਵਿਦਿਆਰਥਣ ਹੈ।ਸਬ ਲੈਫਟੀਨੈਂਟ ਸਕਸ਼ਮ ਗੁਪਤਾ ਨੇ ਆਪਣੀ ਸੈਕੰਡਰੀ ਸਿੱਖਿਆ ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ, ਜਲੰਧਰ ਤੋਂ ਪੂਰੀ ਕੀਤੀ ਅਤੇ ਫਿਰ ਰਾਜ ਸਰਕਾਰ ਦੇ ਇੰਸਟੀਚਿਊਟ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ, ਪੰਜਾਬ ਵਿਖੇ ਦੋ ਸਾਲਾਂ ਲਈ ਸਿਖਲਾਈ ਲੈਣ ਲਈ ਚੁਣਿਆ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਜੀਵ ਪਾਲੀਵਾਲ ਅਤੇ ਡਿਪਟੀ ਡਾਇਰੈਕਟਰ ਕਲਚਰਲ ਅਫੇਅਰ ਸ਼੍ਰੀਮਤੀ ਸ਼ਰਮੀਲਾ ਨਾਕਰਾ ਨੇ ਸਬ ਲੈਫਟੀਨੈਂਟ ਸਕਸ਼ਮ ਗੁਪਤਾ ਅਤੇ ਉਸਦੇ ਮਾਤਾ-ਪਿਤਾ ਨੂੰ ਉਸਦੀ ਇਸ ਪ੍ਰਾਪਤੀ ਤੇ ਵਧਾਈ ਦਿੱਤੀ। ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ.ਅਨੂਪ ਬੌਰੀ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਸਬ ਲੈਫਟੀਨੈਂਟ ਸਕਸ਼ਮ ਗੁਪਤਾ ਇੰਨੋਸੈਂਟ ਹਾਰਟਸ ਦੇ ਵਿਦਿਆਰਥੀ ਰਹੇ ਹਨ । ਉਨ੍ਹਾਂ ਨੇ ਉਸ ਦੀ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ ਅਤੇ ਉਸ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ।

ਨਵਾਂ ਜ਼ਮਾਨਾ
ਬੁੱਧਵਾਰ, 29 ਮਈ 2024

# ਹਾਈ ਕੋਰਟ ਵੱਲੋਂ ਗੁਜਰਾਤ ਸਰਕਾਰ ਦੀ ਖਿਚਾਈ

ਗੁਜਰਾਤ ਹਾਈ ਕੋਰਟ ਨੇ ਰਾਜਕੋਟ ਵਿੱਚ ਗੇਮਿੰਗ ਜ਼ੋਨ ਵਿੱਚ ਅੱਗ ਲੱਗਣ ਦੀ ਘਟਨਾ ਨੂੰ ਮਨੁੱਖੀ ਤ੍ਰਾਸਦੀ ਕਰਾਰ ਦਿੰਦਿਆਂ ਰਾਜ ਸਰਕਾਰ ਨੂੰ ਸਖ਼ਤ ਫਟਕਾਰਾਂ ਪਾਈਆਂ ਹਨ। ਇਸ ਅਗਨੀਕਾਂਡ ਵਿੱਚ ਹੁਣ ਤੱਕ 28 ਜਾਨਾਂ ਜਾ ਚੁੱਕੀਆਂ ਹਨ ਤੇ ਬਹੁਤ ਸਾਰੇ ਲੋਕ ਸੜ ਜਾਣ ਕਾਰਨ ਸਹਿਕ ਰਹੇ ਹਨ। ਇਹ ਉਹੋ ਗੁਜਰਾਤ ਹੈ, ਜਿਸ ਦੇ ਗੁਜਰਾਤ ਮਾਡਲ ਦੇ ਘੋੜੇ 'ਤੇ ਸਵਾਰ ਹੋ ਕੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁੱਜੇ ਸਨ।

ਇਸ ਅਗਨੀਕਾਂਡ ਦਾ ਹਾਈ ਕੋਰਟ ਨੇ ਖੁਦ ਨੋਟਿਸ ਲੈਂਦਿਆਂ ਕਾਰਵਾਈ ਸ਼ੁਰੂ ਕੀਤੀ ਸੀ। ਸੁਣਵਾਈ ਦੌਰਾਨ ਅਦਾਲਤ ਨੇ ਸ਼ਹਿਰ ਵਿੱਚ ਅਜਿਹੀਆਂ ਹੀ ਦੋ ਹੋਰ ਉਸਾਰੀਆਂ ਦੀ ਘਟਨਾ ਦੇ ਦੋ ਦਿਨ ਬਾਅਦ ਵੀ ਹਕੀਕਤ ਦੱਸਣ ਵਿੱਚ ਨਾਕਾਮ ਰਹਿਣ ਉੱਤੇ ਨਗਰ ਨਿਗਮ ਦੀ ਖਿਚਾਈ ਕੀਤੀ ਹੈ। ਜਦੋਂ ਹਾਈ ਕੋਰਟ ਨੂੰ ਨਗਰ ਨਿਗਮ ਨੇ ਦੱਸਿਆ ਕਿ ਦੋ ਗੇਮਿੰਗ ਜ਼ੋਨ ਅਗਨੀ ਸੁਰੱਖਿਆ ਸਰਟੀਫਿਕੇਟ ਤੇ ਹੋਰ ਜ਼ਰੂਰੀ ਮਨਜ਼ੂਰੀਆਂ ਤੋਂ ਬਿਨਾਂ ਪਿਛਲੇ 24 ਮਹੀਨਿਆਂ ਤੋਂ ਚੱਲ ਰਹੇ ਹਨ ਤਾਂ ਅਦਾਲਤ ਨੇ ਕਿਹਾ ਕਿ ਹੁਣ ਉਸ ਨੂੰ ਰਾਜ ਸਰਕਾਰ ਉੱਤੇ ਭਰੋਸਾ ਨਹੀਂ ਰਿਹਾ। ਗੁਜਰਾਤ ਵਿੱਚ ਲੱਗਭੱਗ 20 ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਭਾਜਪਾ ਦੀ ਸਰਕਾਰ ਹੈ।

ਨਗਰ ਨਿਗਮ ਨੇ ਜਦੋਂ ਦੱਸਿਆ ਕਿ ਗੇਮਿੰਗ ਜ਼ੋਨ ਨੇ ਸਾਥੋਂ ਮਨਜ਼ੂਰੀ ਨਹੀਂ ਲਈ ਸੀ ਤਾਂ ਅਦਾਲਤ ਨੇ ਕਿਹਾ, "ਗੇਮਿੰਗ ਜ਼ੋਨ ਢਾਈ ਸਾਲਾਂ ਤੋਂ ਚੱਲ ਰਿਹਾ ਸੀ। ਕੀ ਅਸੀਂ ਮੰਨ ਲਈਏ ਕਿ ਤੁਸੀਂ ਅੱਖਾਂ ਬੰਦ ਕਰ ਰੱਖੀਆਂ ਸਨ।" ਐੱਨ ਡੀ ਟੀ ਵੀ ਦੀ ਇੱਕ ਰਿਪੋਰਟ ਵਿੱਚ ਨਿਗਮ ਦੇ ਕੁਝ ਅਧਿਕਾਰੀਆਂ ਦੀਆਂ ਗੇਮਿੰਗ ਜ਼ੋਨ ਵਿੱਚ ਤਸਵੀਰਾਂ ਸਾਹਮਣੇ ਆ ਜਾਣ ਬਾਅਦ ਕੋਰਟ ਨੇ ਪੁੱਛਿਆ ਕਿ ਇਹ ਅਧਿਕਾਰੀ ਕੌਣ ਹਨ, ਕੀ ਇਹ ਉੱਥੇ ਗੇਮ ਖੇਡਣ ਗਏ ਸਨ?

ਅਦਾਲਤ ਨੇ ਰਾਜ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ, "ਕੀ ਤੁਸੀਂ ਅੰਨ੍ਹੇ ਹੋ ਗਏ ਹੋ? ਕੀ ਤੁਸੀਂ ਸੁੱਤੇ ਹੋਏ ਸੀ? ਹੁਣ ਸਾਨੂੰ ਸਥਾਨਕ ਪ੍ਰਸ਼ਾਸਨ ਤੇ ਰਾਜ ਸਰਕਾਰ 'ਤੇ ਭਰੋਸਾ ਨਹੀਂ ਰਿਹਾ।"

ਜਸਟਿਸ ਬੀਰੇਨ ਵੈਸ਼ਣਵ ਤੇ ਜਸਟਿਸ ਦੇਵਨ ਡੇਸਾਈ ਦੀ ਵਿਸ਼ੇਸ਼ ਬੈਂਚ ਨੇ ਰਾਜਕੀ ਮਸ਼ੀਨਰੀ 'ਤੇ ਬੇਵਿਸ਼ਵਾਸੀ ਪ੍ਰਗਟ ਕਰਦਿਆਂ ਸਵਾਲ ਕੀਤਾ ਕਿ ਪਿਛਲੇ ਅਦਾਲਤੀ ਹੁਕਮਾਂ ਦੇ ਬਾਵਜੂਦ ਇਹ ਤ੍ਰਾਸਦੀ ਕਿਵੇਂ ਵਾਪਰ ਸਕਦੀ ਹੈ। ਜਦੋਂ ਨਗਰ ਨਿਗਮ ਨੇ ਅਦਾਲਤ ਨੂੰ ਦੱਸਿਆ ਕਿ ਗੇਮਿੰਗ ਜ਼ੋਨ ਦੀ ਮਨਜ਼ੂਰੀ ਨਹੀਂ ਮੰਗੀ ਗਈ ਸੀ ਤਾਂ ਅਦਾਲਤ ਨੇ ਕਿਹਾ, "ਇਹ ਤੁਹਾਡੀ ਵੀ ਜ਼ਿੰਮੇਵਾਰੀ ਹੈ।"

ਟੀ ਆਰ ਪੀ ਗੇਮਿੰਗ ਜ਼ੋਨ ਵਿੱਚ ਐਤਵਾਰ ਨੂੰ ਵਾਪਰੇ ਅਗਨੀਕਾਂਡ ਦਾ ਹਾਈ ਕੋਰਟ ਨੇ ਨੋਟਿਸ ਲੈਂਦਿਆਂ ਰਾਜ ਸਰਕਾਰ ਤੇ ਨਗਰ ਨਿਗਮ ਤੋਂ ਰਿਪੋਰਟ ਮੰਗੀ ਸੀ ਕਿ ਕਿਹੜੇ ਕਾਨੂੰਨ ਤਹਿਤ ਅਜਿਹੇ ਗੇਮਿੰਗ ਜ਼ੋਨ ਤੇ ਮਨੋਰੰਜਨ ਅਦਾਰੇ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ। ਹਾਈ ਕੋਰਟ ਨੇ ਗੇਮਿੰਗ ਜ਼ੋਨ ਵਿੱਚ ਸੁਰੱਖਿਆ ਦੇ ਉਪਾਅ ਨਾ ਹੋਣ ਦੀਆਂ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ ਕਿ ਇਹ ਮਨੁੱਖ ਵੱਲੋਂ ਪੈਦਾ ਕੀਤੀ ਗਈ ਭਿਆਨਕ ਘਟਨਾ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਗੇਮਿੰਗ ਜ਼ੋਨ ਕੋਲ ਨਾ ਤਾਂ ਫਾਇਰ ਬ੍ਰਿਗੇਡ ਵਿਭਾਗ ਦਾ 'ਨੋ ਅਬਜੈਕਸ਼ਨ ਸਰਟੀਫਿਕੇਟ' ਸੀ ਤੇ ਨਾ ਨਿਗਮ ਦੀ ਐੱਨ ਓ ਸੀ। ਗੇਮਿੰਗ ਜ਼ੋਨ ਵਿੱਚ ਦਾਖ਼ਲੇ ਤੇ ਬਾਹਰ ਨਿਕਲਣ ਲਈ ਇੱਕੋ ਰਾਹ ਸੀ। ਇਸ ਤੋਂ ਇਲਾਵਾ ਜ਼ੋਨ ਦੇ ਵੱਖਰੇ-ਵੱਖਰੇ ਹਿੱਸਿਆਂ ਵਿੱਚ ਹਜ਼ਾਰਾਂ ਲਿਟਰ ਪੈਟਰੋਲ ਤੇ ਡੀਜ਼ਲ ਭੰਡਾਰ ਕੀਤਾ ਹੋਇਆ ਸੀ। ਇਸ ਨਾਲ ਅੱਗ ਤੇਜ਼ੀ ਨਾਲ ਫੈਲੀ ਤੇ ਸਭ ਕੁਝ ਖਾਕ ਹੋ ਗਿਆ। ਹਾਈ ਕੋਰਟ ਨੇ ਕਿਹਾ ਕਿ ਰਾਜਕੋਟ ਸ਼ਹਿਰ ਤੋਂ ਇਲਾਵਾ ਅਹਿਮਦਾਬਾਦ ਦੇ ਸਿੰਧੂ ਭਵਨ ਰੋਡ ਤੇ ਐੱਸ ਪੀ ਰਿੰਗ ਰੋਡ 'ਤੇ ਵੀ ਅਜਿਹੇ ਹੀ ਗੇਮਿੰਗ ਜ਼ੋਨ ਹਨ, ਜੋ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਦਾ ਗੁਜਰਾਤ ਮਾਡਲ ਹੈ, ਜਿਸ ਅੰਦਰ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਫਸੇ ਰਾਜਨੀਤਕ ਆਗੂ ਤੇ ਅਧਿਕਾਰੀ ਲੋਕਾਂ ਦੀ ਜਾਨ ਨਾਲ ਖਿਲਵਾੜ ਕਰ ਰਹੇ ਹਨ। ਬਗੈਰ ਮਨਜ਼ੂਰੀ ਤੋਂ ਚੱਲਣ ਵਾਲੇ ਅਦਾਰੇ ਮੋਟੀਆਂ ਰਕਮਾਂ ਦੇ ਕੇ ਲੋਕਾਂ ਨੂੰ ਲੁੱਟਣ ਦਾ ਲਾਇਸੰਸ ਹਾਸਲ ਕਰ ਲੈਂਦੇ ਹਨ। ਇਨ੍ਹਾਂ 28 ਜਾਨਾਂ ਦੇ ਦੋਸ਼ੀ ਉਹ ਅਧਿਕਾਰੀ ਤੇ ਉਨ੍ਹਾਂ ਦੇ ਸਰਪ੍ਰਸਤ ਆਗੂ ਹਨ, ਜਿਨ੍ਹਾਂ ਦੀ ਛਤਰਛਾਇਆ ਹੇਠ ਇਹ ਧੰਦਾ ਚਲਦਾ ਰਿਹਾ ਸੀ। ਅਸਲ ਸਜ਼ਾ ਦੇ ਹੱਕਦਾਰ ਇਹ ਲੋਕ ਹੀ ਹਨ।

# ਅੰਤਰਰਾਸ਼ਟਰੀ ਅਦਾਲਤ ਸਹੀ ਕਰ ਰਹੀ ਹੈ

ਬਰਨੀ ਸੈਂਡਰਜ਼
ਪੇਸ਼ਕਸ਼ -ਪੁਸ਼ਪਿੰਦਰ

**ਬਰਨੀ ਸੈਂਡਰਜ਼ ਇਸ ਵੇਲੇ ਅਮਰੀਕਾ ਦੀ ਪਾਰਲੀਮੈਂਟ ਵਿਚ ਸਭ ਤੋਂ ਪੁਰਾਣਾ ਚੁਣਿਆ ਗਿਆ ਆਜ਼ਾਦ ਸੈਨੇਟ ਮੈਂਬਰ ਹੈ। ਉਹ ਅਮਰੀਕਾ ਵਿਚਲੀ ਸਮਾਜਵਾਦੀ, ਮਾਨਵਵਾਦੀ ਵਿਚਾਰਧਾਰਾ ਦਾ ਮੁਦਈ ਹੈ। ਦੋ ਵਾਰ ਅਮਰੀਕਾ ਦੀ ਪ੍ਰਧਾਨਗੀ ਦੀ ਚੋਣ ਦਾ ਉਮੀਦਵਾਰ ਬਣਨ ਦੀ ਕੋਸ਼ਿਸ਼ ਵੀ ਕੀਤੀ, ਪਰ ਕਾਰਪੋਰੇਟ ਸਾਮਰਾਜ ਨੇ ਦਾਲ ਨਹੀਂ ਗਲਣ ਦਿੱਤੀ। ਹੁਣੇ ਜਿਹੇ ਅੰਤਰਰਾਸ਼ਟਰੀ ਕ੍ਰਿਮੀਨਲ ਕੋਰਟ ਵਿਚ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਅਤੇ ਫਲਸਤੀਨ ਦੀ ਹਮਾਸ ਪਾਰਟੀ ਦੇ ਤਿੰਨ ਆਗੂਆਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਗੱਲ ਉੱਠੀ ਹੈ। ਅਮਰੀਕੀ ਸਰਕਾਰ ਵੱਲੋਂ ਇਸ ਦਾ ਜੰਮ ਕੇ ਵਿਰੋਧ ਹੋਇਆ ਹੈ। ਇਸ ਸੰਬੰਧੀ ਅਮਰੀਕੀ ਸੰਸਦ ਵਿਚ ਬਰਨੀ ਦੇ ਬਿਆਨ ਨੂੰ ਹੇਠਾਂ ਸੰਖੇਪ ਵਿਚ ਪੇਸ਼ ਕਰ ਰਹੇ ਹਾਂ।**

"ਜੁਰਮਾਂ ਸੰਬੰਧੀ ਅੰਤਰਰਾਸ਼ਟਰੀ ਅਦਾਲਤ (ਇੰਟਰਨੈਸ਼ਨਲ ਕੋਰਟ ਆਫ ਕ੍ਰਿਮੀਨਲ ਜਸਟਿਸ, ਆਈ ਸੀ ਸੀ) ਦਾ ਮੁੱਖ ਕੰਮ ਹੈ ਦੁਨੀਆ ਵਿਚ ਵਾਪਰ ਰਹੀਆਂ ਨਸਲਕੁਸ਼ੀ, ਜੰਗੀ ਜੁਰਮਾਂ, ਮਾਨਵ ਵਿਰੋਧੀ ਕਾਰਵਾਈਆਂ ਅਤੇ ਵਧੀਕੀਆਂ ਦੇ ਖਿਲਾਫ ਕਾਰਵਾਈ ਕਰਨਾ।" ਮੇਰਾ ਵਿਸ਼ਵਾਸ ਹੈ ਕਿ ਸਾਨੂੰ ਸਭ ਨੂੰ ਅਜਿਹੇ ਜੁਰਮਾਂ ਵਿਰੁੱਧ ਕਾਰਵਾਈ ਕਰਨ ਵਿਚ ਆਈ ਸੀ ਸੀ ਦਾ ਸਾਥ ਦੇਣਾ ਚਾਹੀਦਾ ਹੈ। ਪਿਛਲੇ ਸਾਲ ਆਈ ਸੀ ਸੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਸ ਦੀ ਸਰਕਾਰ ਦੇ ਕਈ ਕਰਮੀਆਂ ਦੇ ਖਿਲਾਫ ਯੂਕਰੇਨ ਵਿਚ ਕੀਤੇ ਗਏ ਜੁਰਮਾਂ ਦੇ ਦੋਸ਼ੀ ਕਰਾਰ ਦਿੰਦਿਆਂ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਸਨ। ਪੁਤਿਨ ਨੂੰ ਜੰਗੀ ਅਪਰਾਧੀ ਕਿਹਾ ਗਿਆ ਸੀ। ਮੈਂ ਆਈ ਸੀ ਸੀ ਦੇ ਫੈਸਲੇ ਦਾ ਸਮਰਥਨ ਕੀਤਾ ਸੀ, ਕਿਉਂਕਿ ਯੂਕਰੇਨ ਉਪਰ ਰੂਸ ਵੱਲੋਂ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਸੰਗੀਨ ਹਮਲਾ ਕੀਤਾ ਹੈ, ਜਿਸ ਕਾਰਨ ਹਜ਼ਾਰਾਂ-ਲੱਖਾਂ ਯੂਕਰੇਨੀ ਅਤੇ ਰੂਸੀ ਸਿਪਾਹੀ ਤੇ ਨਾਗਰਿਕ ਮਾਰੇ ਜਾ ਚੁੱਕੇ ਹਨ, ਲੱਖਾਂ ਲੋਕ ਘਰੋਂ-ਬੇਘਰ ਹੋ ਕੇ ਸ਼ਰਨਾਰਥੀ ਬਣ ਗਏ ਹਨ। ਉਸ ਵਕਤ ਅਮਰੀਕਾ ਦੀ ਸਰਕਾਰ ਨੇ ਆਈ ਸੀ ਸੀ ਦੇ ਫੈਸਲੇ ਦਾ ਸਮਰਥਨ ਕਰਦਿਆਂ ਕਿਹਾ ਸੀ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸ ਯੂਕਰੇਨ ਵਿਚ ਜੰਗੀ ਅਪਰਾਧ ਅਤੇ ਜੁਰਮ ਦੀਆਂ ਕਾਰਵਾਈਆਂ ਕਰ ਰਿਹਾ ਹੈ। ਆਈ ਸੀ ਸੀ ਇੱਕ ਸੁਤੰਤਰ ਸੰਸਥਾ ਹੈ ਤੇ ਆਪਣੇ ਨਿਰਣੇ ਸਬੂਤਾਂ ਦੇ ਆਧਾਰ 'ਤੇ ਕਰਦੀ ਹੈ। ਅਸੀਂ ਜੰਗੀ ਜੁਰਮਾਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਦਾ ਸਮਰਥਨ ਕਰਦੇ ਹਾਂ।" ਇਹ ਕੁਝ ਅਮਰੀਕੀ ਸਰਕਾਰ ਦੇ ਬੁਲਾਰੇ ਨੇ ਮਾਰਚ 2023 ਵਿਚ ਬੋਲਿਆ ਸੀ, ਮੈਂ ਇਸ ਨਾਲ ਸਹਿਮਤ ਹਾਂ ਅਤੇ ਪੁਤਿਨ ਨੂੰ ਜੰਗੀ ਅਪਰਾਧੀ ਮੰਨਦਾ ਹਾਂ। ਅਸੀਂ ਅਜਿਹੀ ਦੁਨੀਆ ਵਿਚ ਰਹਿ ਰਹੇ ਹਾਂ, ਜੋ ਲਗਾਤਾਰ ਬਿਖਰਦੀ ਜਾ ਰਹੀ ਹੈ, ਬੇਸ਼ੁਮਾਰ ਤਣਾਅ ਅਤੇ ਆਪਸੀ ਦੁਸ਼ਮਣੀਆਂ ਦਾ ਸ਼ਿਕਾਰ ਹੈ। ਦੇਸ਼ਾਂ ਦੇ ਹਥਿਆਰਾਂ ਦੇ ਭੰਡਾਰ ਵੱਡੇ ਹੋ ਰਹੇ ਹਨ, ਐਟਮੀ ਹਥਿਆਰਾਂ ਦੀ ਪ੍ਰਾਪਤੀ ਲਈ ਦੌੜ ਤੇਜ਼ ਹੋ ਰਹੀ ਹੈ। ਅਜਿਹੇ ਸਮੇਂ ਸਾਨੂੰ ਕੌਮਾਂਤਰੀ ਕਾਨੂੰਨ ਦੀ ਜ਼ਰੂਰਤ ਹੈ। ਇਸ ਤੋਂ ਬਗੈਰ ਦੁਨੀਆ ਵਧੇਰੇ ਹਿੰਸਕ ਹੋ ਜਾਵੇਗੀ। ਅਪਰਾਧੀ ਬੇਖੌਫ ਹੋ ਜਾਣਗੇ। ਹਰੇਕ ਜੰਗ ਭਿਆਨਕ ਹੁੰਦੀ ਹੈ ਅਤੇ ਸ਼ਹਿਰੀ ਨਾਗਰਿਕ ਹੀ ਅਕਸਰ ਪੀੜਤ ਹੁੰਦੇ ਹਨ। ਦੂਸਰੇ ਵਿਸ਼ਵ ਯੁੱਧ ਦੀਆਂ ਖੌਫਨਾਕ ਘਟਨਾਵਾਂ ਨੂੰ ਦੇਖਦਿਆਂ ਕੌਮਾਂਤਰੀ ਨੇਤਾਵਾਂ ਨੇ ਮਿਲ ਬੈਠ ਕੇ ਜੰਗ ਦੇ ਕੁਝ ਅਸੂਲ ਨਿਰਧਾਰਤ ਕੀਤੇ ਸਨ। "ਇਨ੍ਹਾਂ ਅਸੂਲਾਂ ਨੂੰ ਲਾਗੂ ਕਰਨਾ ਆਈ ਸੀ ਸੀ ਦੀ ਜ਼ਿੰਮੇਵਾਰੀ ਹੈ। ਬੀਤੇ ਦਿਨੀਂ ਆਈ ਸੀ ਸੀ ਦੇ ਪਰੋਸੀਕੂਟਰ ਨੇ ਹਮਾਸ ਦੇ ਮੁਖੀ ਯਾਹੀਆ ਸਿਨਵਾਰ ਦੇ ਸਮੇਤ ਤਿੰਨ ਨੇਤਾਵਾਂ ਖਿਲਾਫ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਹੈ। ਮੇਰੇ ਵਿਚਾਰ ਮੁਤਾਬਕ ਸਿਨਵਾਰ ਅਤੇ ਉਸ ਦੇ ਸਾਥੀ ਜੰਗੀ ਅਪਰਾਧੀ ਹਨ, ਜਿਹਨਾਂ 7 ਅਕਤੂਬਰ ਦੀਆਂ ਖੌਫਨਾਕ ਘਟਨਾਵਾਂ ਨੂੰ ਅਮਲ ਵਿਚ ਲਿਆਂਦਾ। 1200 ਦੇ ਕਰੀਬ ਮਾਸੂਮ ਆਦਮੀ, ਔਰਤਾਂ ਤੇ ਬੱਚਿਆਂ ਨੂੰ ਅੰਨ੍ਹੇਵਾਹ ਕਤਲ ਕਰ ਦਿੱਤਾ ਗਿਆ, ਸੈਂਕੜੇ ਬੰਦੀ ਬਣਾ ਲਏ ਗਏ, ਬਹੁਤ ਸਾਰੀਆਂ ਔਰਤਾਂ ਨੂੰ ਜਿਨਸੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ। ਆਈ ਸੀ ਸੀ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਵਿਦੇਸ਼ ਮੰਤਰੀ ਗੈਲੈਂਟ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਵੀ ਮੰਗ ਕੀਤੀ ਹੈ। ਆਈ ਸੀ ਸੀ ਦਾ ਦੋਸ਼ ਹੈ ਕਿ ਇਨ੍ਹਾਂ ਜੰਗ ਵਿਚ ਭੁੱਖ ਨੂੰ ਹਥਿਆਰ ਬਣਾ ਕੇ ਵਰਤਿਆ ਹੈ ਅਤੇ ਜਾਣਬੁੱਝ ਕੇ ਸ਼ਹਿਰੀ ਇਲਾਕਿਆਂ ਨੂੰ ਬੰਬਾਰੀ ਦਾ ਨਿਸ਼ਾਨਾ ਬਣਾਇਆ ਹੈ। ਪਰੋਸੀਕੂਟਰ ਦਾ ਕਹਿਣਾ ਹੈ, ਨੇਤਨਯਾਹੂ ਨੇ ਜਾਣਬੁੱਝ ਕੇ ਮਨੁੱਖੀ ਹੋਂਦ ਲਈ ਅੱਤ ਜ਼ਰੂਰੀ ਵਸਤਾਂ ਦੀ ਸਪਲਾਈ ਵਿਚ ਰੋੜੇ ਅਟਕਾਏ, ਜੋ ਜਨੇਵਾ ਕਨਵੈਨਸ਼ਨ ਦੇ ਮੁਤਾਬਕ ਜੁਰਮ ਹੈ। ਹੁਣ ਵਾਸ਼ਿੰਗਟਨ ਦੀ ਸੰਸਦ ਵਿੱਚ ਬੈਠੇ ਰਾਜਸੀ ਮਾਹਰਾਂ ਦਾ ਰਵੱਈਆ ਕੀ ਹੈ? ਬਹੁਤੇ ਖੁਸ਼ ਨਹੀਂ ਹਨ। ਉਨ੍ਹਾਂ ਦਾ ਖਿਆਲ ਹੈ ਕਿ ਪੁਤਿਨ ਅਤੇ ਸਿਨਵਾਰ ਦੇ ਮਾਮਲੇ ਵਿਚ ਤਾਂ ਇਹ ਠੀਕ ਹੈ, ਕਿਉਂਕਿ ਉਹ ਇੱਕ ਤਾਨਾਸ਼ਾਹ ਹੈ ਅਤੇ ਦੂਸਰਾ ਇੱਕ ਅੱਤਵਾਦੀ ਜਥੇਬੰਦੀ ਦਾ ਮੁਖੀ ਹੈ, ਜਦ ਕਿ ਨੇਤਨਯਾਹੂ ਇਕ ਜਮਹੂਰੀ ਤੌਰ 'ਤੇ ਲੋਕਾਂ ਦੁਆਰਾ ਚੁਣਿਆ ਗਿਆ ਨੇਤਾ ਹੈ, ਪਰ ਆਈ ਸੀ ਸੀ ਨੇ ਇਹ ਨਹੀਂ ਦੇਖਿਆ ਕਿ ਉਹ ਕੀ ਚੀਜ਼ ਹਨ, ਸਗੋਂ ਇਹ ਦੇਖਿਆ ਹੈ ਕਿ ਉਨ੍ਹਾਂ ਕੀਤਾ ਕੀ ਹੈ ਅਤੇ ਕੌਮਾਂਤਰੀ ਕਾਨੂੰਨ ਦੇ ਮੁਤਾਬਕ ਇਹ ਕਿੰਨਾ ਸਹੀ ਤੇ ਕਿੰਨਾ ਗਲਤ ਹੈ। ਦੋਹਾਂ ਨੂੰ ਬਰਾਬਰ ਦੀ ਤਕੜੀ 'ਤੇ ਤੋਲਿਆ ਜਾ ਰਿਹਾ ਹੈ। ਹਾਂ, ਮੇਰਾ ਮੰਨਣਾ ਹੈ ਕਿ ਜਮਹੂਰੀ ਵਿਵਸਥਾ ਦੁਆਰਾ ਚੁਣੇ ਗਏ ਵਿਅਕਤੀ ਵੀ ਜੰਗੀ ਜੁਰਮ ਕਰ ਸਕਦੇ ਹਨ। ਮੈਨੂੰ ਫਿਰ ਬੋਲਣ ਦਿਓ- ਜਮਹੂਰੀਅਤ ਦੁਆਰਾ ਚੁਣੇ ਗਏ ਅਫਸਰ ਵੀ ਸੰਗੀਨ ਜੰਗੀ ਜੁਰਮ ਕਰ ਸਕਦੇ ਹਨ। ਆਈ ਸੀ ਸੀ ਆਪਣਾ ਕੰਮ ਕਰ ਰਹੀ ਹੈ। ਅਸੀਂ ਕਾਨੂੰਨ ਆਪਣੀ ਮਰਜ਼ੀ ਜਾਂ ਦਿਲਚਸਪੀ ਨਾਲ ਲਾਗੂ ਨਹੀਂ ਕਰ ਸਕਦੇ।"

"ਹੋ ਸਕਦਾ ਹੈ ਬਹੁਤੇ ਲੋਕਾਂ ਨੂੰ ਨੇਤਨਯਾਹੂ ਦੇ ਖਿਲਾਫ ਕਾਰਵਾਈ ਪਸੰਦ ਨਹੀਂ ਆਈ, ਪਰ ਆਓ, ਜ਼ਰਾ ਆਪਾਂ ਇਹ ਤਾਂ ਦੇਖੀਏ ਉਸ ਨੇ ਕੀਤਾ ਕੀ ਹੈ? ਫਿਰ ਦੇਖਾਂਗੇ ਉਹ ਜੰਗੀ ਅਪਰਾਧੀ ਹੈ ਕਿ ਨਹੀਂ। ਗੁਜ਼ਰੇ ਸਾਢੇ ਸੱਤ ਮਹੀਨਿਆਂ ਦੇ ਦੌਰਾਨ ਪੈਂਤੀ ਹਜ਼ਾਰ ਤੋਂ ਵੱਧ (ਪੈਂਤੀ ਹਜ਼ਾਰ ਅੱਠ ਸੌ-ਅਲ ਜ਼ਜ਼ੀਰਾ, 24 ਮਈ) ਗਾਜ਼ੀਅਨ ਮਾਰ ਦਿੱਤੇ ਗਏ ਹਨ ਅਤੇ 80000 ਤੋਂ ਵੱਧ ਜ਼ਖ਼ਮੀ ਕਰ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ 60 ਔਰਤਾਂ, ਬੱਚੇ ਤੇ ਬਜ਼ੁਰਗ ਹਨ। ਮਲਬੇ ਹੇਠ ਦੱਬੀਆਂ ਲਾਸ਼ਾਂ ਦੀ ਗਿਣਤੀ ਅਣਗਿਣਤ ਤੇ ਅਣਕਿਆਸੀ ਹੈ। ਢਾਈ ਸੌ ਤੋਂ ਵੱਧ ਸਹਾਇਤਾ ਕਰਮੀ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ 193 ਸੰਯੁਕਤ ਰਾਸ਼ਟਰ ਦੇ ਸਟਾਫ ਮੈਂਬਰ ਸਨ। ਗਾਜ਼ਾ ਵਿਚ ਰਹਿਣ ਵਾਲੇ ਵਸਨੀਕਾਂ ਦੀ ਗਿਣਤੀ 22 ਲੱਖ ਸੀ, ਇਨ੍ਹਾਂ ਵਿੱਚੋਂ 17 ਲੱਖ ਉਜਾੜ ਦਿੱਤੇ ਗਏ, ਕੁਲ ਵਸੋਂ ਦਾ ਤਿੰਨ ਚੁਥਾਈ। ਇਨ੍ਹਾਂ ਵਿੱਚੋਂ ਬਹੁਤੇ ਗਰੀਬ ਲੋਕ ਹਨ। ਮੈਂ ਸੋਚਦਾ ਹਾਂ ਜੇ ਮੇਰੇ ਆਪਣੇ ਸੂਬੇ ਦੀ ਤਿੰਨ ਚੁਥਾਈ ਵਸੋਂ ਨੂੰ ਬਾਹਰ ਧਕੇਲ ਦਿੱਤਾ ਜਾਵੇ ਤਾਂ ਕਿਹੋ ਜਿਹਾ ਹੋਵੇਗਾ ਮੇਰਾ ਆਪਣਾ ਪ੍ਰਾਂਤ? ਪਿਛਲੇ ਕੁਝ ਹਫਤਿਆਂ ਵਿਚ 9,00,000 ਦੇ ਕਰੀਬ ਲੋਕਾਂ ਨੂੰ ਉਜਾੜਿਆ ਗਿਆ ਹੈ, ਇੱਕ ਥਾਂ ਤੋਂ ਨਹੀਂ, ਕਈ ਥਾਵਾਂ ਤੋਂ। ਇਨ੍ਹਾਂ ਵਿੱਚੋਂ ਬਹੁਤੇ ਬੱਚੇ ਹਨ, ਬਜ਼ੁਰਗ ਹਨ, ਬਿਮਾਰ ਹਨ, ਉਨ੍ਹਾਂ ਕੋਲ ਪੀਣ ਲਈ ਲੋੜੀਂਦਾ ਪਾਣੀ ਨਹੀਂ ਹੈ, ਢਿੱਡ ਭਰਨ, ਲਈ ਰੋਟੀ ਨਹੀਂ ਹੈ, ਸਿਹਤ ਸੰਭਾਲ ਤਾਂ ਦੂਰ ਦੀ ਗੱਲ ਹੈ।"

"ਜਦੋਂ ਅਸੀਂ ਜੰਗੀ ਅਪਰਾਧਾਂ ਦੀ ਗੱਲ ਕਰਦੇ ਹਾਂ ਜਾਂ ਸ਼ਹਿਰੀ ਇਲਾਕਿਆਂ 'ਤੇ ਹਮਲੇ ਦੀ ਗੱਲ ਕਰਦੇ ਹਾਂ ਤਾਂ ਆਓ ਸਮਝੀਏ: ਗਾਜ਼ਾ ਦੇ 60 ਘਰਾਂ ਨੂੰ ਮਲੀਆਮੇਟ ਕਰ ਦਿੱਤਾ ਗਿਆ ਹੈ; ਮੈਂ ਫਿਰ ਆਪਣੇ ਇਲਾਕੇ ਦੀ ਤਸਵੀਰ ਦੇਖਦਾ ਹਾਂ, ਜਿਸ ਦੇ 60 ਘਰ ਢਾਹ ਦਿੱਤੇ ਗਏ ਹਨ। ਗਾਜ਼ਾ ਦੇ 2,21,000 ਘਰ ਅਜਿਹੇ ਹਨ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਹੈ, ਦਸ ਲੱਖ ਤੋਂ ਵੱਧ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ ਹੈ। ਮੰਨਦੇ ਹਾਂ ਕਿ ਹਮਾਸ ਅੱਤਵਾਦੀ ਜਥੇਬੰਦੀ ਹੈ, ਇਸ ਨੂੰ ਮਾਤ ਦੇਣਾ ਮੁਸ਼ਕਲ ਹੈ, ਪਰ ਕੀ ਇਨ੍ਹਾਂ ਲੱਖਾਂ ਘਰਾਂ, ਹਰੇਕ ਘਰ ਵਿਚ ਅੱਤਵਾਦੀ ਰਹਿੰਦਾ ਸੀ? ਇਜ਼ਰਾਈਲ ਨੇ ਗਾਜ਼ਾ ਦੇ ਨਗਰਾਂ ਦੇ ਸਾਰੇ ਸਿਵਲ ਤੰਤਰ ਨੂੰ ਤਬਾਹ ਕਰ ਦਿੱਤਾ ਹੈ। ਬਿਜਲੀ ਨਹੀਂ ਹੈ, ਸਾਫ ਪਾਣੀ ਨਹੀਂ ਹੈ, ਗੰਦਾ ਪਾਣੀ, ਮਲ-ਮੂਤਰ ਗਲੀਆਂ ਵਿਚ ਬਿਮਾਰੀਆਂ ਫੈਲਾ ਰਿਹਾ ਤੁਰਿਆ ਫਿਰਦਾ ਹੈ। ਜੇ ਇਹ ਸ਼ਹਿਰੀ ਨਾਗਰਿਕਾਂ 'ਤੇ ਹਮਲਾ ਨਹੀਂ ਹੈ ਤਾਂ ਮੈਂ ਨਹੀਂ ਜਾਣਦਾ ਹੋਰ ਇਹ ਕੀ ਹੈ। ਗਾਜ਼ਾ ਦੀ ਸਿਹਤ ਸੰਭਾਲ ਵਿਵਸਥਾ ਨੂੰ ਤਬਾਹ ਕਰ ਦਿੱਤਾ ਗਿਆ ਹੈ। ਕੁਲ 36 ਵਿੱਚੋਂ ਸਿਰਫ 4 ਅਜਿਹੇ ਹਸਪਤਾਲ ਹਨ, ਜਿਨ੍ਹਾਂ 'ਤੇ ਇਜ਼ਰਾਈਲੀ ਫੌਜ ਨੇ ਬੰਬਾਰੀ ਨਹੀਂ ਕੀਤੀ। 400 ਤੋਂ ਵੱਧ ਸਿਹਤ ਵਿਭਾਗ ਦੇ ਕਰਮਚਾਰੀ ਮਾਰੇ ਜਾ ਚੁੱਕੇ ਹਨ। ਆਓ, ਜ਼ਰਾ ਸੋਚੀਏ ਹਜ਼ਾਰਾਂ ਦੀ ਗਿਣਤੀ ਵਿਚ ਬੰਬਾਂ ਨਾਲ, ਗੋਲੀ-ਬਰੂਦ ਨਾਲ ਮਾਰੇ ਜਾ ਰਹੇ, ਜ਼ਖ਼ਮੀ ਹੋ ਰਹੇ ਹਨ, ਪਰ ਜ਼ਖ਼ਮਾਂ 'ਤੇ ਪੱਟੀ ਕਰਨ ਵਾਲਾ ਕੋਈ ਨਹੀਂ ਹੈ। ਗਾਜ਼ਾ ਦੀ ਵਿਦਿਅਕ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ। ਸਾਰੀਆਂ 12 ਯੂਨੀਵਰਸਿਟੀਆਂ 'ਤੇ ਬੰਬ ਸੁੱਟੇ ਗਏ ਹਨ। ਸੁਣਿਆ ਤੁਸੀਂ? ਗਾਜ਼ਾ ਦੀਆਂ ਸਾਰੀਆਂ 12 ਯੂਨੀਵਰਸਿਟੀਆਂ ਨੂੰ ਬੰਬਾਂ ਨਾਲ ਉਡਾ ਦਿੱਤਾ ਗਿਆ ਹੈ। 400 ਸਕੂਲਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਗਿਆ, 60 ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਅੱਜ ਦੀ ਸਥਿਤੀ ਇਹ ਹੈ ਕਿ ਗਾਜ਼ਾ ਦੇ ਸਵਾ ਛੇ ਲੱਖ ਬੱਚਿਆਂ ਕੋਲ ਪੜ੍ਹਾਈ ਦਾ ਬਿਲਕੁਲ ਕੋਈ ਜੁਗਾੜ ਨਹੀਂ ਹੈ ਤੇ ਮੈਂ ਤੁਹਾਨੂੰ ਕੁਝ ਹੋਰ ਵੀ ਦੱਸਦਾ ਹਾਂ। ਜਦੋਂ ਤੁਸੀਂ ਗਾਜ਼ਾ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਗੱਲ ਕਰਦੇ ਹੋ ਤਾਂ ਉਸ ਬਾਰੇ ਗੱਲ ਨਹੀਂ ਕਰਦੇ-ਮੈਂ ਚਾਹੁੰਦਾ ਹਾਂ ਤੁਸੀ ਗਾਜ਼ਾ ਦੇ ਬੱਚਿਆਂ ਦੇ ਵਲੂੰਧਰੇ ਮਨਾਂ ਬਾਰੇ ਸੋਚੋ; ਉਨ੍ਹਾਂ ਬੱਚਿਆਂ ਬਾਰੇ, ਜੋ ਆਪਣੇ ਘਰਾਂ ਨੂੰ ਡਿਗਦੇ ਦੇਖ ਰਹੇ ਹਨ, ਆਪਣੇ ਮਾਪਿਆਂ, ਦੋਸਤਾਂ, ਰਿਸ਼ਤੇਦਾਰਾਂ ਨੂੰ ਮਰਦੇ ਦੇਖ ਰਹੇ ਹਨ, ਉਨ੍ਹਾਂ ਦੇ ਸਿਰਾਂ 'ਤੇ ਡਰੋਨ ਉੱਡਦੇ ਫਿਰਦੇ ਹਨ, ਘਰਾਂ ਤੋਂ ਹੁਣ ਤੰਬੂਆਂ ਤੋਂ ਵੀ ਬਾਹਰ ਧੱਕਿਆ ਜਾ ਰਿਹਾ ਹੈ, ਪਾਣੀ ਨਹੀਂ, ਰੋਟੀ ਨਹੀਂ, ਧਕੇਲਿਆ ਜਾ ਰਿਹਾ ਹੈ, ਕਦੇ ਵੀ ਕਿਤੇ ਵੀ। ਜੇ ਮੈਨੂੰ ਇੱਕ ਵੀ ਅਜਿਹਾ ਬੱਚਾ ਮਿਲ ਜਾਵੇ ਜੋ ਇਸ ਮਾਨਸਿਕ ਘੱਲੂਘਾਰੇ ਦਾ ਸ਼ਿਕਾਰ ਨਹੀਂ ਹੈ ਤਾਂ ਬਹੁਤ ਹੈਰਾਨ ਹੋਵਾਂਗਾ ਮੈਂ। ਇਜ਼ਰਾਈਲੀ ਸਰਕਾਰ ਦੀਆਂ ਨੀਤੀਆਂ ਕਾਰਨ ਗਾਜ਼ਾ ਵਿਚ ਸਹਾਇਤਾ ਸਮਗਰੀ ਨਹੀਂ ਪਹੁੰਚ ਰਹੀ। ਦਸ ਲੱਖ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ।"

"ਜੰਗ ਦੇ ਸੱਤ ਮਹੀਨੇ ਬਾਅਦ ਇਜ਼ਰਾਈਲ ਦੇ ਰਫਾਹ ਉਪਰ ਹਮਲੇ ਨੇ ਸਥਿਤੀ ਹੋਰ ਵੀ ਖਰਾਬ ਕਰ ਦਿੱਤੀ ਹੈ। ਸਹਾਇਤਾ ਦੇ ਦੋ ਸਰਹੱਦੀ ਲਾਂਘੇ ਬੰਦ ਕਰ ਦਿੱਤੇ ਹਨ। ਵਰਲਡ ਫੂਡ ਪ੍ਰੋਗਰਾਮ ਦਾ ਕਹਿਣਾ ਹੈ ਕਿ ਜੇ ਬਹੁਤ ਵੱਡੀ ਮਾਤਰਾ ਵਿਚ ਖਾਧ ਸਮੱਗਰੀ ਨਹੀਂ ਪਹੁੰਚਦੀ ਤਾਂ ਕਾਲ ਪੈ ਜਾਵੇਗਾ। ਹੁਣ ਨੇਤਨਯਾਹੂ ਦੀ ਸੁਣਦੇ ਹਾਂ। ਟੀ ਵੀ 'ਤੇ ਬੋਲ ਰਿਹਾ ਸੀ। ਉਹ ਇਸ ਸਭ ਕੁਝ ਤੋਂ ਮੁਨਕਰ ਹੈ। ਉਹ ਕਹਿੰਦਾ ਹੈ ਕਿ ਇਜ਼ਰਾਈਲ ਨੂੰ ਨਾਗਰਿਕਾਂ ਦੀ ਚਿੰਤਾ ਹੈ, ਬੱਚਿਆਂ ਦੀ ਚਿੰਤਾ ਹੈ, ਇਜ਼ਰਾਈਲ ਸਹਾਇਤਾ ਸਮੱਗਰੀ ਦੀ ਸਪਲਾਈ 'ਤੇ ਕੋਈ ਰੋਕ ਨਹੀਂ ਲਗਾ ਰਿਹਾ ਤੇ ਜੇ ਉਹ ਸੱਚਾ ਹੈ ਤਾਂ ਕੀ ਸੰਯੁਕਤ ਰਾਸ਼ਟਰ ਤੇ ਦੁਨੀਆ ਦੀਆਂ ਸਮਾਜ ਸੇਵੀ ਜਥੇਬੰਦੀਆਂ ਝੂਠੀਆਂ ਹਨ? ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦਾ ਕਹਿਣਾ ਹੈ ਕਿ ਬਹੁਤ ਸਾਰੀ ਮਦਦ ਦੀ ਫੌਰੀ ਜ਼ਰੂਰਤ ਹੈ ਤਾਂ ਹੀ ਮਨੁੱਖ ਦੁਆਰਾ ਪੈਦਾ ਕੀਤੇ ਜਾ ਰਹੇ ਕਾਲ ਨੂੰ ਰੋਕਿਆ ਜਾ ਸਕਦਾ ਹੈ। ਜ਼ਮੀਨੀ ਰਸਤਿਆਂ ਨੂੰ ਖੋਲ੍ਹਣਾ ਬਹੁਤ ਜ਼ਰੂਰੀ ਹੈ। ਮੇਰੇ ਪੁਰਾਣੇ ਸਾਥੀ ਜੌਹਨ ਮੈਕੇਨ ਦੀ ਪਤਨੀ ਸਿੰਡੀ ਮੈਕੇਨ, ਜੋ ਵਰਲਡ ਫੂਡ ਪ੍ਰੋਗਰਾਮ ਦੀ ਮੁਖੀ ਹੈ, ਦਾ ਕਹਿਣਾ ਹੈ, 'ਭੁੱਖਮਰੀ ਹੈ ਉਥੇ, ਉੱਤਰੀ ਗਾਜ਼ਾ ਵਿਚ ਪੂਰੀ ਭੁੱਖਮਰੀ ਹੈ, ਜੋ ਦੱਖਣ ਵੱਲ ਵਧ ਰਹੀ ਹੈ।' ਦੋ ਸੈਨੇਟਰ ਵਾਨ ਹੌਲਨ ਤੇ ਮਰਕਲੇ ਜਨਵਰੀ ਵਿਚ ਰਫਾਹ ਗਏ ਸਨ, ਉਨ੍ਹਾਂ ਦਾ ਕਹਿਣਾ ਹੈ-ਗਾਜ਼ਾ ਵਿਚ ਜ਼ਿੰਦਗੀ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਇਜ਼ਰਾਈਲ ਅੱਤ ਜ਼ਰੂਰੀ ਖਾਧ ਪਦਾਰਥਾਂ ਦੀ ਸਪਲਾਈ ਲਈ ਸਭ ਰੁਕਾਵਟਾਂ ਨੂੰ ਖਤਮ ਕਰੇ।"

"ਅਮਰੀਕਾ ਦੀ ਸਰਕਾਰ ਆਪ ਮੰਨਦੀ ਹੈ ਕਿ ਸਹਾਇਤਾ ਸਮੱਗਰੀ ਦੀ ਸਪਲਾਈ ਲਈ ਇਜ਼ਰਾਈਲ ਮਿਲਵਰਤਨ ਨਹੀਂ ਦੇ ਰਿਹਾ। ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਾਨ ਦਾ ਆਪ ਮੰਨਣਾ ਹੈ ਕਿ ਇਜ਼ਰਾਈਲ ਲੋੜੀਂਦੀ ਮਦਦ ਨਹੀਂ ਕਰ ਰਿਹਾ। ਸੋ ਇਹ ਕਿਹਾ ਜਾ ਸਕਦਾ ਹੈ ਕਿ ਨੇਤਨਯਾਹੂ ਦੇ ਨਾਲ ਬਹੁਤੀ ਦੁਨੀਆ ਸਹਿਮਤ ਨਹੀਂ ਹੈ। ਇਸ ਸਾਰੀ ਤਬਾਹੀ ਬਾਰੇ ਸੋਚੋ, ਉਨ੍ਹਾਂ ਹਜ਼ਾਰਾਂ ਕਤਲ ਕੀਤੇ ਸ਼ਹਿਰੀਆਂ ਬਾਰੇ ਸੋਚੋ, ਬੰਬਾਂ ਨਾਲ ਉਡਾਏ ਸਕੂਲਾਂ, ਕਾਲਜਾਂ, ਹਸਪਤਾਲਾਂ ਬਾਰੇ ਅਤੇ ਭੁੱਖ ਨਾਲ ਮਰਦੇ ਯਤੀਮ ਬੱਚਿਆਂ ਦੇ ਬਾਰੇ। ਮੇਰੇ ਦਿਮਾਗ ਵਿਚ ਆਉਂਦਾ ਹੈ ਕਿ ਅਸੀਂ ਇਨ੍ਹਾਂ ਤਸਵੀਰਾਂ ਬਾਰੇ ਬਹੁਤਾ ਨਹੀਂ ਸੋਚਦੇ, ਸ਼ਾਇਦ ਇਸੇ ਕਰਕੇ ਕੁਝ ਹੱਦ ਤੱਕ, ਇਜ਼ਰਾਈਲ ਦੀ ਫੌਜ ਨੇ ਦਰਜਨਾਂ ਦੀਆਂ ਦਰਜਨਾਂ ਪੱਤਰਕਾਰਾਂ ਨੂੰ ਵੀ ਮਾਰ ਦਿੱਤਾ ਹੈ। ਦਰਜਨਾਂ ਪੱਤਰਕਾਰ ਜਿਨ੍ਹਾਂ ਦੀਆਂ ਛਾਤੀਆਂ 'ਤੇ 'ਪ੍ਰੈੱਸ' ਉੱਕਰਿਆ ਹੋਇਆ ਸੀ, ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਹੁਣ ਜੇ ਤੁਸੀਂ ਇਨ੍ਹਾਂ ਸਭ ਘਟਨਾਵਾਂ ਨੂੰ ਜੋੜ ਕੇ ਦੇਖਦੇ ਹੋ ਤਾਂ ਕੀ ਇਹ ਜੰਗੀ ਅਪਰਾਧ ਨਹੀਂ ਹਨ? ਹਾਂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਜੰਗੀ ਅਪਰਾਧ ਹਨ। ਇਜ਼ਰਾਈਲ ਦੀ ਸੱਜੇ-ਪੱਖੀ ਸਰਕਾਰ ਨੇ ਭੁੱਖ ਨੂੰ ਹਥਿਆਰ ਬਣਾ ਕੇ ਵਰਤਿਆ ਹੈ, ਸ਼ਹਿਰੀ ਨਾਗਰਿਕਾਂ ਤੇ ਸ਼ਹਿਰੀ ਪ੍ਰਬੰਧਤੰਤਰ ਨੂੰ ਨਿਸ਼ਾਨਾ ਬਣਾਇਆ ਹੈ। ਮੈਂ ਇਸ ਸੋਚ ਨਾਲ ਸਹਿਮਤ ਹਾਂ ਕਿ ਸੱਤ ਅਕਤੂਬਰ ਦੀ ਵਾਰਦਾਤ ਤੋਂ ਬਾਅਦ ਇਜ਼ਰਾਈਲ ਨੂੰ ਆਪਣੀ ਰੱਖਿਆ ਆਪ ਕਰਨ ਦਾ ਅਧਿਕਾਰ ਹੈ। ਹਮਾਸ ਦੇ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਹੈ, ਪਰ ਇਥੇ ਜਿੱਥੇ ਜੰਗੀ ਅਪਰਾਧ ਦੇ ਕਾਨੂੰਨ ਦੀ ਗੱਲ ਆਉਂਦੀ ਹੈ: ਨੇਤਨਯਾਹੂ ਅਤੇ ਉਸ ਦੀ ਸਰਕਾਰ ਨੂੰ ਬੱਚਿਆਂ ਦੇ, ਔਰਤਾਂ ਦੇ, ਗਾਜ਼ਾ ਦੇ ਮਾਸੂਮ ਲੋਕਾਂ ਦੇ ਖਿਲਾਫ ਪੂਰਨ ਜੰਗ ਸ਼ੁਰੂ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਉਸ ਗਲਤੀ ਦੇ ਲਈ ਨਤੀਜੇ ਭੁਗਤਣੇ ਹੋਣਗੇ। ਜੋ ਆਈ ਸੀ ਸੀ ਨੇ ਕੀਤਾ ਹੈ, ਉਹ ਕੌਮਾਂਤਰੀ ਭਾਈਚਾਰੇ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਅਸੀਂ ਮਨੁੱਖ ਦੀ ਨਸਲ ਨੂੰ ਹੈਵਾਨ ਦੀ ਨਸਲ ਨਹੀਂ ਬਣਾ ਸਕਦੇ, ਪਰ ਮਿ. ਪ੍ਰੈਜ਼ੀਡੈਂਟ, (ਅਮਰੀਕਾ ਦੇ ਰਾਸ਼ਟਰਪਤੀ ਨੂੰ ਮੁਖਾਤਬ), ਸਾਡੇ ਅਮਰੀਕਨਾਂ ਦੇ ਲਈ ਇਹ ਹੋਰ ਵੀ ਮਹੱਤਵਪੂਰਨ ਹੈ, ਕਿਉਂਕਿ ਅਮਰੀਕਾ ਆਪਣੇ-ਆਪ ਨੂੰ ਆਜ਼ਾਦ ਦੇਸ਼ਾਂ ਦਾ ਨੇਤਾ ਸਮਝਦਾ ਹੈ। ਕੌਮਾਂਤਰੀ ਯੁੱਧ ਨੂੰ ਰੋਕਣ ਅਤੇ ਮਾਨਵਤਾ ਵਿਰੋਧੀ ਜੁਰਮਾਂ ਨੂੰ ਰੋਕਣ ਲਈ ਆਪਣੇ-ਆਪ ਨੂੰ ਜ਼ਿੰਮੇਵਾਰ ਸਮਝਦਾ ਹੈ, ਪਰ ਅਸੀਂ ਕਿਸੇ ਵੀ ਦੇਸ਼ ਦੀ, ਰੂਸ, ਚੀਨ, ਸਾਊਦੀ ਅਰਬ ਜਾਂ ਕਿਸੇ ਹੋਰ ਦੀ ਨੁਕਤਾਚੀਨੀ ਕਿਵੇਂ ਕਰ ਸਕਦੇ ਹਾਂ, ਜੇ ਅਸੀਂ ਨੇਤਨਯਾਹੂ ਨੂੰ ਸੱਚਾ ਕਹਾਂਗੇ? ਜੇ ਅਸੀਂ ਇਜ਼ਰਾਈਲ ਵੱਲੋਂ ਗਾਜ਼ਾ ਵਿਚ ਕੀਤੇ ਗਏ ਜਾਂ ਕੀਤੇ ਜਾ ਰਹੇ ਮਨੁੱਖਤਾ ਵਿਰੋਧੀ ਜੁਰਮਾਂ ਨੂੰ ਅੱਖੋਂ ਓਹਲੇ ਕਰਾਂਗੇ ਤਾਂ ਕਿਸੇ ਹੋਰ ਦੇਸ਼ ਦੀ ਨੁਕਤਾਚੀਨੀ ਕਰਨ ਦਾ ਸਾਨੂੰ ਕੀ ਅਧਿਕਾਰ ਹੈ?"

**# ਸੰਪਰਕ : 94632-32402**
**(ਕਾਊਂਟਰਪੰਚ ਤੋਂ ਧੰਨਵਾਦ ਸਹਿਤ)**

# ਵੱਡੇ ਨੇਤਾਵਾਂ ਦੇ ਭਾਸ਼ਣ ਅਤੇ ਪੰਜਾਬ ਚੋਣ ਦੰਗਲ



ਗੁਰਮੀਤ ਸਿੰਘ ਪਲਾਹੀ

ਪੰਜਾਬ ਦੀਆਂ ਲੋਕ ਸਭਾ ਚੋਣਾਂ ਦੀ ਤਾਰੀਖ ਪਹਿਲੀ ਜੂਨ ਹੈ। ਪੰਜਾਬ ਭੱਠੀ ਵਾਂਗਰ ਤਪਿਆ ਪਿਆ ਹੈ, ਮੌਸਮੀ ਤੌਰ 'ਤੇ ਵੀ ਅਤੇ ਸਿਆਸੀ ਤੌਰ 'ਤੇ ਵੀ। ਵੱਡੇ ਨੇਤਾ ਤਪੀ ਭੱਠੀ 'ਚ ਆਪੋ-ਆਪਣੇ ਦਾਣੇ ਭੁੰਨ ਰਹੇ ਹਨ।

ਪੰਜਾਬ 'ਚ ਚੋਣਾਂ ਦੌਰਾਨ ਨਰੇਂਦਰ ਮੋਦੀ ਆਏ, ਰਾਹੁਲ ਗਾਂਧੀ ਵੀ ਪਧਾਰੇ, ਮਾਇਆਵਤੀ ਨੇ ਵੀ ਆਪਣੀ ਹੁੰਕਾਰ ਭਰੀ, ਕੇਜਰੀਵਾਲ ਵੀ ਆਪਣੇ ਬਚਨ ਲੋਕਾਂ ਨੂੰ ਸੁਣਾ ਗਏ। ਜਾਪਦਾ ਹੈ ਕਿ ਕਿਸੇ ਵੀ ਸਿਆਸੀ ਧਿਰ ਦਾ ਏਜੰਡਾ ਪੰਜਾਬ ਦੀਆਂ ਸਮੱਸਿਆਵਾਂ ਦੇ ਸੰਬੋਧਨ ਹੋਣ ਤੇ ਹੱਲ ਕਰਨ ਵੱਲ ਨਹੀਂ ਹੈ। ਉਹ ਪੰਜਾਬ ਦੀ ਨਿਰਾਸ਼, ਹਾਲੋਂ-ਬੇਹਾਲ, ਸੁਰੋਂ-ਬੇਸੁਰ, ਤਾਲੋਂ-ਬੇਤਾਲ ਹੋਈ ਲੋਕਾਈ ਨੂੰ ਆਪੋ-ਆਪਣੀ ਪਾਰਟੀ ਦੇ ਹਿੱਤ ਲਈ ਵਰਤਣਾ ਚਾਹੁੰਦੇ ਹਨ। ਲੱਗਭੱਗ ਸਾਰੀਆਂ ਪਾਰਟੀਆਂ ਦਾ ਧਿਆਨ ਅਜਿਹੀਆਂ ਚਾਲਾਂ ਚੱਲਣ ਵੱਲ ਵੀ ਜਾਪਦਾ ਹੈ।

**ਆਓ, ਨੇਤਾਵਾਂ ਦੇ ਚੋਣ ਵਿਚਾਰ ਪਰਖੀਏ :**

ਭਾਜਪਾ ਨੇਤਾ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਪੰਜਾਬ ਚੋਣ ਦੌਰੇ ਸਮੇਂ 1984 ਦੇ ਸਿੱਖ ਵਿਰੋਧੀ ਦੰਗਿਆਂ (ਸਿੱਖ ਕਤਲੇਆਮ) ਲਈ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਤੇ ਕਿਹਾ ਕਿ ਤਤਕਾਲੀ ਕਾਂਗਰਸ ਸਰਕਾਰ ਨੇ ਜਿੱਥੇ ਦੰਗਾਕਾਰੀਆਂ ਨੂੰ 'ਬਚਾਇਆ', ਉੱਥੇ ਉਹਨਾ (ਮੋਦੀ) ਦੋਸ਼ੀਆਂ ਨੂੰ ਸਜ਼ਾਵਾਂ ਯਕੀਨੀ ਬਣਾਈਆਂ। ਪ੍ਰਧਾਨ ਮੰਤਰੀ ਨੇ ਨਸ਼ਿਆਂ ਨਾਲ ਹੋਈ ਬਰਬਾਦੀ ਦਾ ਜ਼ਿਕਰ ਵੀ ਕੀਤਾ। ਉਹਨਾ ਕਰਤਾਰਪੁਰ ਲਾਂਘੇ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ। ਉਹਨਾ ਇਹ ਵੀ ਕਿਹਾ ਕਿ ਬੰਗਲਾਦੇਸ਼ ਦੀ ਲੜਾਈ ਵਿੱਚ 90,000 ਤੋਂ ਵੱਧ ਪਾਕਿਸਤਾਨੀਆਂ ਨੇ ਆਤਮ-ਸਮਰਪਣ ਕੀਤਾ ਸੀ ਤੇ ਜੇ ਉਹ ਉਸ ਵੇਲੇ ਪ੍ਰਧਾਨ ਮੰਤਰੀ ਹੁੰਦੇ ਤਾਂ ਕਰਤਾਰਪੁਰ ਸਾਹਿਬ ਲੈ ਕੇ ਹੀ ਉਨ੍ਹਾਂ ਫੌਜੀਆਂ ਨੂੰ ਛੱਡਦੇ।

ਪ੍ਰਧਾਨ ਮੰਤਰੀ ਨੇ ਦੇਸ਼ ਅੰਦਰ ਮੁੜ ਸਰਕਾਰ ਬਣਾਉਣ ਲਈ ਗੁਰੂਆਂ ਦੀ ਧਰਤੀ ਤੋਂ ਆਸ਼ੀਰਵਾਦ ਮੰਗਿਆ, ਪਰ ਪਿਛਲੇ ਦਸ ਸਾਲਾਂ 'ਚ ਉਹਨਾਂ ਦੀ ਸਰਕਾਰ ਨੇ ਪੰਜਾਬ ਲਈ ਕੀ ਕੀਤਾ? ਪੰਜਾਬ ਦੇ ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ ਕੀ ਯੋਗਦਾਨ ਪਾਇਆ? ਪੰਜਾਬ ਦੀਆਂ ਸਮੱਸਿਆਵਾਂ ਸਮੇਤ ਦਰਿਆਈ ਪਾਣੀਆਂ ਸੰਬੰਧੀ ਉਹਨਾ ਇੱਕ ਸ਼ਬਦ ਵੀ ਨਾ ਉਚਾਰਿਆ। ਪੰਜਾਬ ਦੀ ਮੰਦੀ ਆਰਥਿਕ ਹਾਲਤ ਦਾ ਜ਼ਿਕਰ ਤਾਂ ਕੀਤਾ, ਪਰ ਉਸ ਦੇ ਹੱਲ ਲਈ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਯਤਨਾਂ ਦਾ ਰਤਾ ਮਾਸਾ ਵੀ ਜ਼ਿਕਰ ਨਾ ਕੀਤਾ। ਉਹਨਾ ਦੋ ਦਿਨਾਂ ਦੌਰ ਦੌਰਾਨ ਕਾਂਗਰਸ, ਆਮ ਆਦਮੀ ਪਾਰਟੀ ਨੂੰ ਨਿੰਦਿਆ। ਪੰਜਾਬ ਦੇ ਮਾੜੇ ਹਾਲਾਤ ਲਈ ਉਹਨਾ ਨੂੰ ਦੋਸ਼ੀ ਗਰਦਾਨਿਆ, ਪਰ ਆਪਣੇ ਪੁਰਾਣੇ ਸਾਥੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਾਰੇ ਚੁੱਪੀ ਸਾਧੀ ਰੱਖੀ। ਉਨ੍ਹਾਂ ਪਟਿਆਲਾ, ਜਲੰਧਰ, ਗੁਰਦਾਸਪੁਰ ਰੈਲੀਆਂ 'ਚ ਕੇਸਰੀ ਦਸਤਾਰ ਸਜਾਈ ਰੱਖੀ ਅਤੇ ਆਪਣੇ ਭਾਸ਼ਣਾਂ 'ਚ ਪੰਜਾਬ, ਪੰਜਾਬੀਅਤ, ਸਿੱਖ ਸਮਾਜ ਅਤੇ ਸਿੱਖ ਧਰਮ ਦਾ ਵੀ ਗੁਣਗਾਨ ਕੀਤਾ।

ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਪੰਜਾਬ ਵਿੱਚ ਚੋਣ ਪ੍ਰਚਾਰ ਦੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਚੋਣ ਮਾਮਲੇ ਨੂੰ ਗੁਰੂ ਸਾਹਿਬ ਦੀ ਸੋਚ ਨਾਲ ਜੋੜਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਵੀ ਬਰਾਬਰੀ ਦੇ ਹੱਕ ਦੀ ਗੱਲ ਕੀਤੀ ਹੈ। ਉਹਨਾ ਭਾਜਪਾ ਦੀ ਸੋਚ ਨੂੰ ਗੁਰੂਆਂ ਦੀ ਸੋਚ 'ਤੇ ਹਮਲਾ ਕਰਾਰ ਦਿੱਤਾ, ਕਿਉਂਕਿ ਭਾਜਪਾ ਭਾਰਤੀ ਸੰਵਿਧਾਨ ਬਦਲਣਾ ਚਾਹੁੰਦੀ ਹੈ ਅਤੇ ਲੋਕਾਂ ਦਾ ਬਰਾਬਰੀ ਦਾ ਹੱਕ ਖੋਹਣਾ ਚਾਹੁੰਦੀ ਹੈ। ਉਹਨਾ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਵੀ ਆਪਣੇ ਭਾਸ਼ਣਾਂ 'ਚ ਦੁਹਰਾਈ।

ਰਾਹੁਲ ਨੇ ਇਹ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਰੂਹਾਨੀਅਤ ਦਾ ਅਜਿਹਾ ਵਿਸ਼ਾਲ ਕੇਂਦਰ ਹੈ ਅਤੇ ਇਸ ਨੂੰ ਵਿਸ਼ਵ ਪੱਧਰ ਦੇ ਸਰਬ-ਸਾਂਝੀਵਾਲਤਾ ਤੇ ਸ਼ਾਂਤੀ ਦੇ ਕੇਂਦਰ ਵਜੋਂ ਵਿਕਸਤ ਕਰਨ ਦੀ ਲੋੜ ਹੈ। ਉਹਨਾ ਕਿਹਾ ਕਿ ਉਹ ਇਸ ਪਵਿੱਤਰ ਕਾਰਜ ਲਈ ਯੋਗਦਾਨ ਪਾ ਕੇ ਆਪਣੇ-ਆਪ ਨੂੰ ਵਡਭਾਗਾ ਸਮਝਣਗੇ। ਉਹਨਾ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦਾ ਦਰਦ ਸਮਝਦੇ ਹਨ, ਤਾਕਤ 'ਚ ਆਉਣ 'ਤੇ ਕਾਂਗਰਸ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤਹਿ ਕਰੇਗੀ।

ਬਸਪਾ ਸੁਪਰੀਮੋ ਮਾਇਆਵਤੀ ਨੇ ਕਿਹਾ ਕਿ ਕਾਂਗਰਸ ਵਾਂਗ ਭਾਜਪਾ ਨੇ ਦੇਸ਼ ਨੂੰ ਲੁੱਟਿਆ ਹੈ। ਕਾਂਗਰਸ ਅਤੇ ਭਾਜਪਾ ਨੇ ਹਮੇਸ਼ਾ ਫਿਰਕੂ ਤਾਕਤਾਂ ਅਤੇ ਜਾਤੀਵਾਦ ਨੂੰ ਸ਼ਹਿ ਦਿੱਤੀ ਹੈ। ਇਨ੍ਹਾਂ ਪਾਰਟੀਆਂ ਦੇ ਰਾਜ 'ਚ ਅਨਿਆਂ ਵਧਿਆ ਹੈ। ਕਿਸਾਨ ਸੜਕਾਂ 'ਤੇ ਰੁਲ ਰਹੇ ਹਨ।

ਕੇਜਰੀਵਾਲ ਨੇ ਮੋਦੀ ਦੀ ਤਾਨਾਸ਼ਾਹੀ ਖ਼ਤਮ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਜੇਕਰ ਮੋਦੀ ਜਿੱਤ ਜਾਣਗੇ ਤਾਂ ਉਹ ਸੰਵਿਧਾਨ ਬਦਲ ਦੇਣਗੇ। ਪੰਜਾਬ ਦੇ ਅਸਲ ਮਸਲਿਆਂ ਬਾਰੇ ਉਹ ਕੁਝ ਨਾ ਬੋਲੇ।

ਪੰਜਾਬ ਦੇ ਚੋਣ ਪ੍ਰਚਾਰ 'ਚ ਅਸਲ ਮੁੱਦਿਆਂ ਦੀ ਥਾਂ ਦੂਸ਼ਣਬਾਜ਼ੀ ਭਾਰੂ ਹੈ। ਛੋਟੇ-ਵੱਡੇ ਨੇਤਾ ਇੱਕ-ਦੂਜੇ ਨੂੰ ਕੋਸ ਰਹੇ ਹਨ। ਲੋਕਾਂ ਦੇ ਮਸਲਿਆਂ 'ਤੇ ਗੱਲ ਕਰਨ ਦੀ ਬਜਾਏ ਭੰਡੀ ਪ੍ਰਚਾਰ ਨੂੰ ਤਰਜੀਹ ਦੇ ਰਹੇ ਹਨ।

ਪੰਜਾਬ ਦੇ ਵੱਡੀ ਗਿਣਤੀ ਲੋਕ ਇਹ ਮਹਿਸੂਸ ਕਰਦੇ ਹਨ ਕਿ ਪੰਜਾਬੀਆਂ ਨੂੰ ਦੇਸ਼ ਹਿੱਤ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ, ਸਰਹੱਦਾਂ ਦੀ ਰਾਖੀ ਲਈ ਵੀ ਅਤੇ ਦੇਸ਼ ਦੇ ਅੰਨ ਭੰਡਾਰ ਭਰਨ ਲਈ ਵੀ, ਪਰ ਪੰਜਾਬੀਆਂ ਨੂੰ ਆਜ਼ਾਦੀ ਤੋਂ ਬਾਅਦ ਜਦੋਂ ਵੱਡੇ ਸੰਕਟਾਂ, ਭਾਵੇਂ ਉਹ ਆਰਥਕ ਸਨ, ਸਮਾਜਕ ਸਨ ਜਾਂ ਧਾਰਮਿਕ, ਉਨ੍ਹਾਂ ਸੰਕਟਾਂ 'ਚ ਦੇਸ਼ ਦੀਆਂ ਵੱਡੀਆਂ ਸਿਆਸੀ ਧਿਰਾਂ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ, ਇਸੇ ਕਰਕੇ ਉਹਨਾ 'ਚ ਰੋਹ ਵਧਦਾ ਗਿਆ। ਸਿੱਟੇ ਵਜੋਂ ਸੂਬੇ 'ਚ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ, ਜਿਸ ਦਾ ਖਮਿਆਜ਼ਾ ਪੰਜਾਬੀਆਂ ਨੂੰ ਹੀ ਭੁਗਤਣਾ ਪਿਆ।

ਸਮੇਂ-ਸਮੇਂ ਵਾਪਰਦੀਆਂ ਇਹਨਾ 'ਦੁਰਘਟਨਾਵਾਂ' ਨੂੰ ਥਾਂ ਸਿਰ ਕਰਨ ਦੀ ਥਾਂ ਸਿਆਸੀ ਪਾਰਟੀਆਂ ਦਾ ਏਜੰਡਾ ਪੰਜਾਬ ਘਟਨਾਵਾਂ ਨੂੰ ਅੱਤਵਾਦ ਨਾਲ ਜੋੜ ਕੇ ਆਪਣੀ ਵੋਟ ਬੈਂਕ ਪੱਕੀ ਕਰਨ ਅਤੇ ਕੇਵਲ ਸੂਬੇ 'ਤੇ ਰਾਜ ਕਰਨ ਦਾ ਰਿਹਾ ਅਤੇ ਪੰਜਾਬ ਦੇ ਹਿੱਤਾਂ ਨੂੰ ਦਰਕਿਨਾਰ ਕਰਦਿਆਂ ਕਦੇ ਰਾਜਸਥਾਨ ਨੂੰ ਸੂਬੇ ਦਾ ਅੱਧਾ ਪਾਣੀ ਦੇ ਦਿੱਤਾ ਗਿਆ ਤਾਂ ਕਿ ਉਥੇ ਚੋਣਾਂ ਜਿੱਤੀਆਂ ਜਾ ਸਕਣ। ਪੰਜਾਬ ਦੇ ਪਾਣੀ ਹਰਿਆਣੇ ਨੂੰ ਦੇਣ ਦੀਆਂ ਵਿਉਂਤਾਂ ਘੜੀਆਂ ਗਈਆਂ। ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਨੂੰ ਅੱਖੋਂ-ਪਰੋਖੇ ਕਰ ਦਿੱਤਾ ਗਿਆ, ਦਰਿਆਈ ਪਾਣੀਆਂ ਦੀ ਵੰਡ ਵੇਲੇ। ਸੂਬੇ ਪੰਜਾਬ ਦੇ 1966 ਦੇ ਪੁਨਰਗਠਨ ਵੇਲੇ ਚੰਡੀਗੜ੍ਹ ਰਾਜਧਾਨੀ ਪੰਜਾਬ ਤੋਂ ਖੋਹ ਲਈ। ਪੰਜਾਬ ਦੇ ਪੁਨਰਗਠਨ ਵੇਲੇ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕਰ ਦਿੱਤੇ ਗਏ, ਹਿਮਾਚਲ 'ਚ ਮਿਲਾ ਦਿੱਤੇ ਗਏ।

ਪੰਜਾਬ ਦੇ ਮੰਦੇ ਹਾਲਾਤ ਦੀ ਤਸਵੀਰ ਮੂੰਹੋਂ ਬੋਲਦੀ ਹੈ। ਪੰਜਾਬ ਸਿਰ ਕਰਜ਼ਾ ਇਸ ਵੇਲੇ 3.42 ਲੱਖ ਕਰੋੜ ਹੈ। ਕਰਜ਼ਾ ਲਗਾਤਾਰ ਵਧ ਰਿਹਾ ਹੈ। ਮੂਲ ਰਕਮ 'ਤੇ ਵਿਆਜ ਦਾ ਭੁਗਤਾਨ ਸੂਬੇ ਨੂੰ ਕਰਜ਼ਾਈ ਕਰ ਰਿਹਾ ਹੈ। 45 ਸਾਲ ਪਹਿਲਾ ਸੂਬਾ ਪੰਜਾਬ ਪ੍ਰਤੀ ਵਿਅਕਤੀ ਆਮਦਨ ਵਿੱਚ ਦੇਸ਼ 'ਚ ਪਹਿਲੀ ਥਾਂ ਸੀ, ਹੁਣ ਇਹ ਦਸਵੇਂ ਥਾਂ 'ਤੇ ਹੈ। ਖੇਤੀ ਪੱਖੋਂ ਪੰਜਾਬ ਦਾ ਦੀਵਾਲਾ ਨਿਕਲਿਆ ਹੋਇਐ। ਨਾ ਕੋਈ ਖੇਤੀ ਨੀਤੀ ਹੈ, ਨਾ ਹੀ ਕਿਸਾਨ ਸਮੱਸਿਆਵਾਂ ਵੱਲ ਕਿਸੇ ਦੀ ਤਵੱਜੋਂ।

ਪੰਜਾਬ 'ਚ ਨਾ ਕੋਈ ਵੱਡਾ ਉਦਯੋਗ ਹੈ ਅਤੇ ਨਾ ਹੀ ਮੌਜੂਦਾ ਉਦਯੋਗ ਨੂੰ ਪ੍ਰਫੁਲਤ ਕਰਨ ਜਾਂ ਕਾਇਮ ਰੱਖਣ ਲਈ ਯੋਜਨਾਵਾਂ। ਮੌਕੇ ਮਿਲਦੇ ਹੀ ਉਦਯੋਗਪਤੀ ਸੂਬੇ ਛੱਡਕੇ ਪੰਜਾਬੋਂ ਭੱਜ ਰਹੇ ਹਨ। ਤਾਂ ਫਿਰ ਲੋਕਾਂ ਨੂੰ ਰੁਜ਼ਗਾਰ ਕਿੱਥੋਂ ਮਿਲੇਗਾ? ਸਰਕਾਰੀ ਖ਼ਜ਼ਾਨਾ ਕਦੇ ਵੀ ਭਰਿਆ ਨਜ਼ਰ ਨਹੀਂ ਆਉਂਦਾ। ਸਿੱਟੇ ਵਜੋਂ ਸੂਬੇ 'ਚ ਹਜ਼ਾਰਾਂ ਦੀ ਗਿਣਤੀ 'ਚ ਅਸਾਮੀਆਂ ਖਾਲੀ ਹਨ।

ਪੰਜਾਬ ਦੀ ਇਸ ਪਤਲੀ ਹਾਲਤ ਦਾ ਦੋਸ਼ ਕੇਂਦਰ ਸਰਕਾਰਾਂ ਵੱਲ ਸੇਧਿਤ ਹੁੰਦਾ ਹੈ, ਜਿਸ ਵੱਲੋਂ ਸੱਤਾ ਦਾ ਕੇਂਦਰੀਕਰਨ ਕਰਕੇ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਦੇਸ਼ ਦਾ ਸੰਘੀ ਢਾਂਚਾ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਰਾਜਪਾਲਾਂ ਦੀ ਭੂਮਿਕਾ ਵਧਾ ਕੇ ਚੁਣੀਆਂ ਸਰਕਾਰਾਂ ਪੰਗੂ ਬਣਾਉਣ ਦਾ ਯਤਨ ਹੋ ਰਿਹਾ ਹੈ।

ਪਿਛਲੇ ਕੁਝ ਸਾਲਾਂ 'ਚ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨਾਲ ਕੀਤੇ ਧੱਕੇ ਦੀਆਂ ਰਿਪੋਰਟਾਂ ਜੱਗ ਜ਼ਾਹਰ ਹਨ। ਕੇਂਦਰੀ ਸੁਰੱਖਿਆ ਏਜੰਸੀ ਬੀ.ਐੱਸ.ਐੱਫ. ਦਾ 5 ਕਿਲੋਮੀਟਰ ਦਾ ਦਾਇਰਾ ਵਧਾਕੇ 50 ਕਿਲੋਮੀਟਰ ਕਰ ਦਿੱਤਾ ਗਿਆ। ਜੀ.ਐੱਸ.ਟੀ. ਲਾਗੂ ਹੋਣ ਨਾਲ ਕੇਂਦਰ ਸਰਕਾਰ ਕੋਲ ਟੈਕਸ ਇਕੱਠੇ ਕਰਨ ਦੀ ਵਿਵਸਥਾ ਹੋ ਗਈ, ਜਿਹੜੀ ਮਰਜ਼ੀ ਨਾਲ ਪੰਜਾਬ ਦਾ ਬਣਦਾ ਹਿੱਸਾ ਰੋਕਦੀ ਰਹੀ। ਕੇਂਦਰ ਵੱਲੋਂ ਪੰਜਾਬ ਨੂੰ ਦਿੱਤੀਆਂ ਗ੍ਰਾਂਟਾਂ ਅਤੇ ਵਿਕਾਸ ਪ੍ਰਾਜੈਕਟਾਂ ਉਤੇ ਟੋਕਾ ਫੇਰ ਦਿੱਤਾ ਗਿਆ।

ਪੰਜਾਬ ਦੇ ਲੋਕਾਂ ਨੇ ਪ੍ਰਸਥਿਤੀਆਂ ਨੂੰ ਸਮਝਦਿਆਂ ਦੇਸ਼ 'ਚ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅਗਵਾਈ ਕੀਤੀ, (ਜੋ ਦੇਸ਼ ਦੇ ਸੰਘੀ ਢਾਂਚੇ ਉਤੇ ਸਿੱਧਾ ਹਮਲਾ ਸੀ) ਅਤੇ ਖੇਤੀ ਕਾਨੂੰਨ ਰੱਦ ਕਰਵਾਏ। ਕਦੇ ਪੰਜਾਬ ਦੇ ਲੋਕ, ਰਾਜਾਂ ਨੂੰ ਵੱਧ ਅਧਿਕਾਰ ਦੇਣ ਹਿੱਤ ਅਨੰਦਪੁਰ ਸਾਹਿਬ ਮਤਾ ਖੁਦਮੁਖਤਿਆਰ ਰਾਜ ਬਣਾਉਣ ਦੀ ਮੰਗ ਲੈ ਕੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ 'ਚ ਲੜੇ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਾਅਦ 'ਚ ਭਾਜਪਾ ਨਾਲ ਗੱਠਜੋੜ ਵੇਲੇ ਇਹ ਮੰਗ ਤਿਆਗ ਹੀ ਦਿੱਤੀ। ਅਕਾਲੀ ਦਲ ਦੇ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲੋਂ ਤੋੜ-ਵਿਛੋੜੇ ਬਾਅਦ ਹੁਣ ਅਕਾਲੀ ਦਲ (ਬ) ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਿੱਥੇ 1984 ਦੇ ਹਮਲੇ ਲਈ ਦੋਸ਼ੀ ਕਾਂਗਰਸ ਨੂੰ ਵੋਟ ਨਾ ਦੇਣ ਦੀ ਵਕਾਲਤ ਕਰ ਰਿਹਾ ਹੈ, ਉੱਥੇ ਭਾਜਪਾ ਉਤੇ ਹਮਲਾਵਰ ਹੁੰਦਿਆਂ ਭਾਜਪਾ ਵੱਲੋਂ ਇੱਕ ਧਰਮ ਨੂੰ ਦੂਜੇ ਧਰਮ ਨਾਲ ਲੜਾ ਕੇ ਵੋਟਾਂ ਹਥਿਆਉਣ ਦੀ ਨੀਤੀ ਦਾ ਵਿਰੋਧ ਕਰ ਰਿਹਾ ਹੈ।

ਇਹ ਸਮਝਦਿਆਂ ਹੋਇਆਂ ਕਿ ਪੰਜਾਬ ਦੇਸ਼ ਦਾ ਮਹੱਤਵਪੂਰਨ ਸਰਹੱਦੀ ਸੂਬਾ ਹੈ। ਇਸ ਸੂਬੇ ਦੇ ਵਾਸੀਆਂ ਦੀ ਦੇਸ਼ ਦੀ ਸੁਰੱਖਿਆ, ਵਿਕਾਸ 'ਚ ਅਹਿਮ ਭੂਮਿਕਾ ਹੈ। ਇਹ ਵੀ ਕਿ ਪੰਜਾਬੀ ਆਪਣੇ ਹੱਕਾਂ ਲਈ ਲੜਨ, ਭਿੜਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਵੀ ਕਿ ਜਦੋਂ ਵੀ ਸਮਾਂ ਆਇਆ ਇਹਨਾ ਦੇਸ਼ ਦੀ ਆਜ਼ਾਦੀ, ਫਿਰ ਸੰਵਿਧਾਨ ਦੀ ਰੱਖਿਆ ਅਤੇ ਸੂਬੇ ਦੇ ਲੋਕਾਂ ਦੇ ਹੱਕਾਂ ਲਈ ਛੋਟੇ, ਵੱਡੇ, ਲੰਬੇ ਅੰਦੋਲਨ ਵੀ ਲੜੇ। ਬੇਅੰਤ ਕੁਰਬਾਨੀਆਂ ਕੀਤੀਆਂ ਅਤੇ ਦਿੱਲੀ ਦੇ ਹਾਕਮਾਂ ਨਾਲ ਜਦੋਂ ਵੀ ਲੋੜ ਪਈ, ਆਢਾ ਲਾਇਆ। ਇਸ ਸਭ ਕੁਝ ਦੀ ਅਹਿਮੀਅਤ ਨੂੰ ਸਮਝਦਿਆਂ ਵੀ ਦੇਸ਼ ਦੀਆਂ ਸਿਆਸੀ ਧਿਰਾਂ ਜਿਵੇਂ ਕਿ ਉਹਨਾਂ ਦੇ ਚੋਣ ਪ੍ਰਚਾਰ ਤੋਂ ਜਾਪਦਾ ਹੈ, ਪੰਜਾਬੀਆਂ ਦੇ ਮਸਲਿਆਂ, ਮੁਸੀਬਤਾਂ, ਸਮੱਸਿਆਵਾਂ ਲਈ ਅੱਗੇ ਨਹੀਂ ਆ ਰਹੀਆਂ, ਸਗੋਂ ਸ਼ਾਤਰ ਚਾਲਾਂ ਨਾਲ ਵੋਟਰਾਂ ਨੂੰ ਭਰਮਾਉਣਾ ਚਾਹੁੰਦੀਆਂ ਹਨ।

ਲੋੜ ਇਹਨਾ ਬਿਆਨਾਂ, ਚਾਲਾਂ ਨੂੰ ਸਮਝਣ ਦੀ ਹੈ। ਲੋੜ ਪੰਜਾਬ ਹਿਤੈਸ਼ੀ, ਸੰਘੀ ਢਾਂਚੇ ਦੇ ਮੁੱਦਈ ਅਤੇ ਪੰਜਾਬੀਆਂ ਦੇ ਦੁੱਖ-ਦਰਦ ਸਮਝਣ ਵਾਲੇ ਅਤੇ ਉਹਨਾਂ ਨੂੰ ਹਰਨ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਦੀ ਹੈ, ਤਾਂ ਕਿ ਪੰਜਾਬ ਮੁੜ ਖੁਸ਼ਹਾਲ ਹੋ ਸਕੇ, ਤਾਂ ਕਿ ਸਾਂਝੀਵਾਲਤਾ, ਸਮਾਜਿਕ ਬਰਾਬਰੀ, ਸੰਵਿਧਾਨਕ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਬੋਲਬਾਲਾ ਹੋਏ ਅਤੇ ਪੰਜਾਬ ਪੂਰੇ ਦੇਸ਼ ਲਈ ਚਾਨਣ-ਮੁਨਾਰਾ ਬਣ ਸਕੇ।

**# ਸੰਪਰਕ : 98158-02070**

# ਮੇਰੀ ਸਰਕਾਰ 'ਡੱਕਾ' ਨਹੀਂ, ਜੋ ਅਮਿਤ ਸ਼ਾਹ ਤੋੜ ਦੇਵੇ : ਭਗਵੰਤ ਮਾਨ

## ਪੰਜਾਬ ਦੀਆਂ ਬੀਬੀਆਂ ਦੇ ਖਾਤੇ 'ਚ 1000 ਨਹੀਂ, ਬਲਕਿ 1100 ਰੁਪਏ ਆਉਣਗੇ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਹੱਕ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਥਾਨਕ ਇੱਕ ਨਿੱਜੀ ਪੈਲੇਸ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੀਤ ਹੇਅਰ ਇੱਕ ਨੌਜਵਾਨ, ਇਮਾਨਦਾਰ ਤੇ ਤਜਰਬੇਕਾਰ ਆਗੂ ਹਨ, ਉਨ੍ਹਾਂ ਨੂੰ ਸਰਕਾਰ ਵਿੱਚ ਯਕੀਨੀ ਤੌਰ 'ਤੇ ਅਹਿਮ ਜ਼ਿੰਮੇਵਾਰੀ ਮਿਲੇਗੀ।ਉਨ੍ਹਾ ਕਿਹਾ ਕਿ 4 ਜੂਨ ਨੂੰ ਕੇਂਦਰ ਵਿੱਚੋਂ ਭਾਜਪਾ ਦਾ ਬੋਰੀਆ ਬਿਸਤਰਾ ਗੋਲ ਹੋ ਰਿਹਾ ਹੈ ਤੇ ਕੇਂਦਰ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੋਵੇਗਾ।ਉਨ੍ਹਾ ਕਿਹਾ ਕਿ ਉਨ੍ਹਾਂ ਨੇ ਅਕਾਲੀਆਂ ਵਾਂਗ ਲੋਕਾਂ ਦੇ ਕਾਰੋਬਾਰ, ਫੈਕਟਰੀਆਂ, ਬੱਸਾਂ, ਢਾਬਿਆਂ ਵਿੱਚ ਹਿੱਸਾ ਪਾਉਣ ਦੀ ਬਜਾਏ ਲੋਕਾਂ ਦੇ ਦੁੱਖ-ਸੁੱਖ ਵਿੱਚ ਹੀ ਹਿੱਸਾ ਪਾਇਆ।ਉਨ੍ਹਾ ਅਹਿਮ ਐਲਾਨ ਕਰਦਿਆਂ ਕਿਹਾ ਕਿ ਔਰਤਾਂ ਦੇ ਖਾਤੇ ਵਿੱਚ 1000 ਰੁਪੈ ਪ੍ਰਤੀ ਮਹੀਨਾ ਵਾਲਾ ਖਾਕਾ ਤਿਆਰ ਹੋ ਚੁੱਕਾ ਹੈ ਤੇ ਅਗਲੇ ਕੁੱਝ ਹੀ ਮਹੀਨਿਆਂ ਵਿੱਚ ਔਰਤਾਂ ਦੇ ਖਾਤੇ ਵਿੱਚ 1000 ਰੁਪੈ ਦੀ ਬਜਾਏ 1100 ਰੁਪੈ ਆਵੇਗਾ।

ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ 75 ਸਾਲਾਂ ਵਿੱਚ ਜਿੰਨਾ ਕੰਮ ਕੀਤਾ, ਉਸ ਤੋਂ ਵੱਧ ਕੰਮ ਮਾਨ ਸਰਕਾਰ ਨੇ ਦੋ ਸਾਲਾਂ ਵਿੱਚ ਕੀਤਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿੱਚ ਮਾਨ ਸਰਕਾਰ ਦੀ ਬੇਮਿਸਾਲ ਕਾਰਗੁਜ਼ਾਰੀ ਦੇ ਆਧਾਰ 'ਤੇ ਉਨ੍ਹਾਂ ਨੂੰ ਆਪਣਾ ਪੁੱਤ ਤੇ ਭਰਾ ਸਮਝ ਕੇ ਵੋਟ ਪਾਉਣ।ਉਨ੍ਹਾ ਕਿਹਾ ਕਿ ਉਹ ਸੰਗਰੂਰ ਦੇ ਸੰਸਦ ਮੈਂਬਰ ਵਜੋਂ ਵੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

ਮਾਨ ਨੇ ਪੰਜਾਬ ਦੀਆਂ ਹੋਰਨਾਂ ਪਾਰਟੀਆਂ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੀ ਹਾਲਤ ਸਭ ਦੇ ਸਾਹਮਣੇ ਹੈ।ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਬਾਦਲ ਖ਼ਤਮ ਹੋ ਚੁੱਕਾ ਹੈ ਤੇ ਕਾਂਗਰਸ ਪੰਜਾਬ ਵਿੱਚ ਉਲਝੀ ਹੋਈ ਹੈ।ਉਨ੍ਹਾ ਕਿਹਾ ਕਿ ਸੁਖਪਾਲ ਖਹਿਰਾ ਭੁੱਲਥ ਨੂੰ ਛੱਡ ਕੇ ਸੰਗਰੂਰ ਤੋਂ ਚੋਣ ਲੜਨ ਲਈ ਗਏ ਹਨ, ਪਿਛਲੀ ਵਾਰ ਉਹ ਬਠਿੰਡਾ ਗਏ ਸਨ, ਪਰ ਹਾਰ ਗਏ। ਇਸ ਵਾਰ ਫਿਰ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਾਰ ਦਾ ਸੁਆਦ ਚੱਖਣਾ ਪਵੇਗਾ।ਉਨ੍ਹਾ ਕਿਹਾ ਕਿ 2012 ਵਿੱਚ ਅਰਵਿੰਦ ਖੰਨਾ ਆਪਣੇ ਕਾਰੋਬਾਰ ਲਈ ਗੱਲਾਂ ਕਹਿ ਕੇ ਧੂਰੀ ਵਾਸੀਆਂ ਨਾਲ ਰਿਸ਼ਤਾ ਤੋੜ ਗਏ ਸੀ, ਪਰ ਹੁਣ ਫਿਰ ਉਨ੍ਹਾਂ ਨੂੰ ਹਲਕੇ ਦੇ ਲੋਕਾਂ ਨਾਲ ਪਿਆਰ ਜਾਗ ਪਿਆ।ਉਨ੍ਹਾ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਲੁਧਿਆਣਾ ਵਿਖੇ ਰੈਲੀ ਦੌਰਾਨ 4 ਜੂਨ ਨੂੰ ਮੇਰੀ ਸਰਕਾਰ ਤੋੜਨ ਦੀ ਗੱਲ ਕਹੀ ਗਈ ਹੈ। ਉਨ੍ਹਾ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਕੋਈ ਡੱਕਾ ਨਹੀਂ, ਜੋ ਟੁੱਟ ਜਾਵੇ।ਉਨ੍ਹਾ ਕਿਹਾ ਕਿ ਭਗਵੰਤ ਮਾਨ ਨਾਲ ਲੋਕਾਂ ਦੇ 92 ਨੁਮਾਇੰਦੇ ਖੜ੍ਹੇ ਹਨ।ਉਨ੍ਹਾ ਕਿਹਾ ਕਿ ਪਟਿਆਲਾ 'ਚ ਨਰਿੰਦਰ ਮੋਦੀ ਦੀ ਰੈਲੀ ਵਿੱਚ ਭਾਜਪਾ ਵਾਲਿਆਂ ਨੇ 400 ਰੁਪਏ ਦਿਹਾੜੀ ਦਾ ਵਾਅਦਾ ਕਰਕੇ ਭੀੜ ਲਿਆਂਦੀ ਹੈ, ਪਰ ਬਾਅਦ ਵਿੱਚ ਉਨ੍ਹਾਂ ਨੇ ਇਹ ਦੇਣ ਤੋਂ ਵੀ ਇਨਕਾਰ ਕਰ ਦਿੱਤਾ।ਉਨ੍ਹਾ ਧੂਰੀ ਵਾਸੀਆਂ ਨੂੰ ਇੰਨਕਲਾਬੀ ਦੱਸਦਿਆਂ ਕਿਹਾ ਕਿ ਧੂਰੀ ਵਿੱਚ ਵੱਡੀ ਲਾਇਬ੍ਰੇਰੀ ਬਣਾਈ ਜਾ ਰਹੀ ਹੈ, ਜਿੱਥੇ ਯੂ.ਪੀ.ਐੱਸ.ਈ. ਦੀ ਪੜ੍ਹਾਈ ਵੀ ਹੋਇਆ ਕਰੇਗੀ।

# ਰੁਜ਼ਗਾਰ ਤੇ ਵਿੱਦਿਆ ਸਰਮਾਏਦਾਰ ਪਾਰਟੀਆਂ ਦੇ ਏਜੰਡੇ ਤੋਂ ਗਾਇਬ : ਕਰਮਵੀਰ ਬੱਧਨੀ



**ਮੋਗਾ (ਇਕਬਾਲ ਸਿੰਘ ਖਹਿਰਾ)**-'ਅੱਜ ਦੇਸ਼ ਦੇ 83% ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਹੈ।ਸਿਰਫ਼ 9 ਕਰੋੜ ਲੋਕਾਂ ਕੋਲ ਹੀ ਪੱਕਾ ਰੁਜ਼ਗਾਰ ਹੈ।ਜੇ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਤਾਂ ਆਮਦਨ ਨਹੀਂ।ਅੱਜ ਰੁਜ਼ਗਾਰ ਲੋੜਾਂ ਦੀ ਲੋੜ ਹੈ, ਪਰ ਬਾਕੀ ਸਰਮਾਏਦਾਰ ਪਾਰਟੀਆਂ ਦੇ ਅਜੰਡੇ ਤੋਂ ਵਿੱਦਿਆ ਤੇ ਰੁਜ਼ਗਾਰ ਗਾਇਬ ਹਨ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਮਵੀਰ ਬੱਧਨੀ ਨੇ ਗੁਰਚਰਨ ਸਿੰਘ ਮਾਨ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਅੱਜ ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਪ੍ਰਚਾਰ ਜ਼ੋਰਾਂ 'ਤੇ ਹੈ। ਇੱਕ ਪਾਸੇ ਅਜਿਹੀਆਂ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਜਿਹੜੀਆਂ ਚਿੱਟਾ, ਸ਼ਰਾਬਾਂ ਵਰਗੇ ਨਸ਼ੇ ਦੀ ਤਸਕਰੀ ਕਰਕੇ, ਜਿੱਥੇ ਦੇਸ਼ ਦੀ ਸੱਤਾ 'ਤੇ ਬਿਰਾਜ਼ਮਾਨ ਹੋਈਆਂ ਹਨ, ਉਥੇ ਪੰਜਾਬ ਦੀ ਰਗ-ਰਗ 'ਚ ਨਸ਼ਾ ਭਰ ਸਾਡੇ ਘਰਾਂ ਨੂੰ ਬਰਬਾਦ ਕਰ, ਆਵਦੇ ਘਰ ਭਰ ਰਹੇ ਹਨ।ਪੰਜਾਬ ਦੀ ਜਵਾਨੀ ਦੀਆਂ ਰਗਾਂ ਵਿੱਚ ਚਿੱਟੇ ਵਰਗਾ ਨਸ਼ਾ ਵਾੜ ਕੇ ਇਨ੍ਹਾਂ ਘਰਾਂ ਵਿੱਚ ਜਵਾਨੀ ਦੇ ਸੱਥਰ ਵਿਛਾਏ ਹਨ।ਅੱਜ ਫੇਰ ਸਾਡੇ ਤੋਂ ਵੋਟਾਂ ਮੰਗ ਰਹੇ ਹਨ, ਪਰ ਉਨ੍ਹਾਂ ਨੇ ਕਦੇ ਵੀ ਨਸ਼ੇ ਖ਼ਿਲਾਫ਼, ਪੰਜਾਬ ਦੀ ਜਵਾਨੀ ਨੂੰ ਰੁਜ਼ਗਾਰ ਮਿਲੇ, ਕਿਸਾਨਾਂ ਦੇ ਸਿਰਾਂ ਤੋਂ ਕਰਜ਼ੇ ਦੀ ਪੰਡ ਹੌਲੀ ਹੋਵੇ, ਪੰਜਾਬ ਦੇ ਬਜ਼ੁਰਗਾਂ ਨੂੰ ਪੂਰੀ ਉਮਰ ਕੀਤੇ ਕੰਮ ਦਾ ਮਾਣ ਮਿਲੇ, ਇਸਤਰੀਆਂ ਸੁਰੱਖਿਅਤ ਰਹਿਣ ਲਈ ਦੇਸ਼ ਦੀ ਪਾਰਲੀਮੈਂਟ 'ਚ ਆਪਣੀ ਆਵਾਜ਼ ਨਹੀਂ ਉਠਾਈ। ਉਨ੍ਹਾਂ ਨੇ ਨਸ਼ੇ ਦੇ ਤਸਕਰਾਂ, ਸਮੱਗਲਰਾਂ ਨੂੰ ਗ੍ਰਿਫਤਾਰ ਕਰਵਾਉਣ, ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਕਦੇ ਧਰਨਾ ਨਹੀਂ ਲਗਾਇਆ।ਉਨ੍ਹਾ ਕਿਹਾ ਕਿ ਦੂਜੇ ਪਾਸੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਰਤੀ ਕਮਿਊਨਿਸਟ ਪਾਰਟੀ ਤੇ ਖੱਬੀਆਂ ਪਾਰਟੀਆਂ ਦੇ ਸਾਂਝੇ ਉਮੀਦਵਾਰ ਗੁਰਚਰਨ ਸਿੰਘ ਮਾਨ, ਜਿਨ੍ਹਾਂ ਦਾ ਚੋਣ ਨਿਸ਼ਾਨ ਦਾਤੀ ਸਿੱਟਾ ਹੈ, ਜੋ ਆਪਣੇ ਦਿਮਾਗ ਨੂੰ ਗਿਆਨ ਨਾਲ ਲੈਸ ਕਰਨ ਲਈ ਕਿਤਾਬਾਂ ਪੜ੍ਹਨ ਤੇ ਪੜ੍ਹਾਉਣ ਦਾ ਸ਼ੌਕ ਰੱਖਦਾ।ਉਹ ਪੇਸ਼ੇ ਵਜੋਂ ਇੱਕ ਰਿਟਾਇਰ ਪ੍ਰਿੰਸੀਪਲ ਹਨ, ਉਹ ਸੋਚਦੇ ਹਨ ਕਿ ਪਿੰਡ ਪਿੰਡ ਲਾਇਬ੍ਰੇਰੀਆਂ ਹੋਣੀਆਂ ਚਾਹੀਦੀਆਂ, ਜਿੱਥੇ ਹਰ ਤਰ੍ਹਾਂ ਦੀ ਕਿਤਾਬ, ਰਸਾਲੇ ਅਖ਼ਬਾਰਾਂ ਆਦਿ ਮੁਹੱਈਆ ਹੋਣ।ਉਹਦਾ ਸੁਪਨਾ ਦੇਸ਼/ਪੰਜਾਬ ਦੀ ਜਵਾਨੀ ਨੂੰ ਨਸ਼ਾ ਨਹੀਂ, ਹੱਥ 'ਚ ਕਿਤਾਬ ਦੇ ਕੇ ਬਚਾਇਆ ਜਾ ਸਕਦਾ ਹੈ। ਆਓ! ਫ਼ੈਸਲਾ ਕਰੀਏ ਸਾਡੀ ਵੋਟ ਦਾ ਹੱਕਦਾਰ ਚਿੱਟਾ, ਸ਼ਰਾਬਾਂ ਵਰਗੇ ਨਸ਼ੇ ਦੀ ਤਸਕਰੀ ਵਾਲਾ ਉਮੀਦਵਾਰ ਹੈ ਜਾਂ ਕਿਤਾਬਾਂ ਵਾਲਾ? ਸਹੀ ਸੋਚ ਦੇ ਹਾਮੀ ਗੁਰਚਰਨ ਸਿੰਘ ਮਾਨ ਨੂੰ ਆਪਣਾ ਵੋਟ ਦੇ ਕੇ ਦੇਸ਼ ਦੀ ਪਾਰਲੀਮੈਂਟ ਵਿੱਚ ਭੇਜੀਏ।ਇਸ ਸਮੇਂ ਉਨ੍ਹਾਂ ਨਾਲ ਸ਼ੇਰ ਸਿੰਘ ਦੌਲਤਪੁਰਾ, ਜਸਵੀਰ ਸਿੰਘ ਮੱਲੀਆਂ, ਮਲਕੀਤ ਸਿੰਘ ਚੜਿੱਕ ਆਦਿ ਹਾਜ਼ਰ ਸਨ।

# ਲੋਕਾਂ ਅੰਦਰ ਸਦਭਾਵਨਾ ਬਣਾਈ ਰੱਖਣ ਲਈ ਪੁਲਸ ਵੱਲੋਂ ਫਲੈਗ ਮਾਰਚ

## ਲੋਕ ਆਪਣੀ ਵੋਟ ਦਾ ਇਸਤੇਮਾਲ ਬਿਨਾਂ ਡਰ-ਭੈਅ ਤੋਂ ਕਰਨ : ਚਾਹਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਅੱਜ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਜ਼ਿਲ੍ਹਾ ਪੁਲਸ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੀਆਂ ਸਾਰੀਆਂ ਸਬ-ਡਵੀਜ਼ਨਾਂ, ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਵਿੱਚ ਫਲੈਗ ਮਾਰਚ ਕੱਢਿਆ ਗਿਆ।ਇਸ ਫਲੈਗ ਮਾਰਚ ਵਿੱਚ ਕਮਲਪ੍ਰੀਤ ਸਿੰਘ ਚਾਹਲ ਐੱਸ ਪੀ (ਐੱਚ), ਸਤਨਾਮ ਸਿੰਘ ਡੀ.ਐੱਸ.ਪੀ (ਸ੍ਰੀ ਮੁਕਤਸਰ ਸਾਹਿਬ), ਜਸਪਾਲ ਸਿੰਘ ਡੀ.ਐੱਸ.ਪੀ. (ਡੀ), ਫ਼ਤਿਹ ਸਿੰਘ ਬਰਾੜ ਡੀ.ਐੱਸ.ਪੀ (ਲੰਬੀ), ਪਵਨਜੀਤ ਡੀ.ਐੱਸ.ਪੀ (ਮਲੋਟ), ਜਸਬੀਰ ਸਿੰਘ ਡੀ.ਐੱਸ.ਪੀ. (ਗਿੱਦੜਬਾਹਾ), ਜ਼ਿਲ੍ਹੇ ਦੇ ਸਮੂਹ ਮੁੱਖ ਅਫਸਰਾਨ ਤੋਂ ਇਲਾਵਾ ਪੁਲਸ ਅਧਿਕਾਰੀ ਤੇ ਕਰਮਚਾਰੀ ਸਮੇਤ ਪੈਰਾਮਿਲਟਰੀ ਫੋਰਸ ਅਤੇ ਬੀ.ਐੱਸ.ਐੱਫ. ਫੋਰਸ ਹਾਜ਼ਰ ਸੀ। ਇਸੇ ਤਰ੍ਹਾਂ ਦੀ ਸਿਟੀ ਸ੍ਰੀ ਮੁਕਤਸਰ ਸਾਹਿਬ ਏਰੀਏ ਵਿੱਚ ਕਮਲਪ੍ਰੀਤ ਸਿੰਘ ਚਾਹਲ ਐੱਸ ਪੀ (ਐੱਚ) ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ ਇਹ ਫਲੈਗ ਮਾਰਚ ਰੈਡ ਕਰਾਸ ਭਵਨ ਸ੍ਰੀ ਮੁਕਤਸਰ ਸਾਹਿਬ ਤੋਂ ਸ਼ੁਰੂ ਹੋ ਕੇ ਮਸੀਤਵਾਲਾ ਚੌਕ, ਘਾਹ ਮੰਡੀ ਚੌਕ, ਸ਼ੇਰ ਸਿੰਘ ਚੌਂਕ, ਮੰਗੇ ਦਾ ਪੰਪ ਤੋਂ ਕੋਟਕਪੂਰਾ ਚੌਕ, ਭਾਈ ਕੇਹਰ ਸਿੰਘ ਚੌਕ, ਗੌਰਮਿੰਟ ਕਾਲਜ ਤੋਂ ਸੂਏ ਦੇ ਨਾਲ ਨਾਲ ਹੁੰਦੇ ਹੋਏ ਟਿੱਬੀ ਸਾਹਿਬ ਰੋਡ ਜਲਾਲਾਬਾਦ ਰੋਡ ਤੋਂ ਵਾਪਸ ਮਸੀਤ ਵਾਲਾ ਚੌਕ ਤੋਂ ਰੈਂਡ ਕਰਾਸ ਵਿਖੇ ਸਮਾਪਤ ਹੋਇਆ। ਇਸ ਮੌਕੇ ਕਮਲਪ੍ਰੀਤ ਸਿੰਘ ਚਾਹਲ ਐੱਸ ਪੀ (ਐੱਚ) ਨੇ ਜਾਣਕਾਰੀ ਦਿੰਦੇ ਕਿਹਾ ਕਿ ਅੱਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਦੀਆਂ ਸਾਰੀਆਂ ਸਬ ਡਵੀਜ਼ਨਾਂ ਅੰਦਰ ਲੋਕਾਂ ਵਿੱਚ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਰੱਖਿਆ ਦੀ ਸਦਭਾਵਨਾ ਬਣਾਈ ਰੱਖਣ ਦੇ ਲਈ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਫਲੈਗ ਮਾਰਚ ਕੱਢਿਆ ਗਿਆ। ਉਨ੍ਹਾਂ ਕਿਹਾ ਕਿ 01 ਜੂਨ ਨੂੰ ਚੋਣਾਂ ਹੋਣ ਜਾ ਰਹੀਆਂ ਹਨ ਜਿਸ ਦੇ ਤਹਿਤ ਜ਼ਿਲ੍ਹੇ ਅੰਦਰ ਪੁਲਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਫਲੈਗ ਕੱਢ ਕੇ ਸ਼ਰਾਰਤੀ ਅਨਸਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਕਿਸੇ ਨੂੰ ਵੀ ਕਾਨੂੰਨ ਦੀ ਉਲੰਘਣਾ ਕਰਨ ਨਹੀਂ ਦਿੱਤੀ ਜਾਵੇਗੀ, ਜੇਕਰ ਕੋਈ ਵੀ ਕਾਨੂੰਨ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇਗੀ।

## ਕਾਤਰਾਂ

### ਰਾਹੁਲ ਗਾਂਧੀ ਦਾਖਾ ਮੰਡੀ 'ਚ ਅੱਜ



**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਫਰੀਦਕੋਟ ਤੋਂ ਅਮਰਜੀਤ ਕੌਰ ਸਾਹੂਕੇ ਤੇ ਹੁਸ਼ਿਆਰਪੁਰ ਤੋਂ ਜਿੰਮੀ ਗਰੋਵਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਕਾਂਗਰਸ ਪਾਰਟੀ ਦੇ ਨੇਤਾ ਰਾਹੁਲ ਗਾਂਧੀ ਅੱਜ ਸਵੇਰੇ 10 ਵਜੇ ਦਾਖਾ ਦੀ ਅਨਾਜ ਮੰਡੀ ਵਿੱਚ ਜਨ ਸਭਾ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੇ ਹਨ।

### ਲਾਪਤਾ ਵਿਅਕਤੀ ਦੀ ਸੜੀ ਹੋਈ ਲਾਸ਼ ਮਿਲੀ



ਮ੍ਰਿਤਕ ਦੀ ਫਾਈਲ ਫੋਟੋ

**ਸੁਨਾਮ ਊਧਮ ਸਿੰਘ ਵਾਲਾ(ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਸੰਗਰੂਰ ਜ਼ਿਲ੍ਹੇ ਦੇ ਪਿੰਡ ਮਹਿਲਾ ਵਿਖੇ ਇੱਕ ਵਿਅਕਤੀ ਕਰਮਜੀਤ ਸਿੰਘ, ਜੋ ਕਈ ਦਿਨਾਂ ਤੋਂ ਘਰੋਂ ਲਾਪਤਾ ਸੀ, ਘਰ ਵਾਲਿਆਂ ਵੱਲੋਂ ਮਹਿਲਾ ਚੌਕੀ 'ਚ ਇਸ ਦੀ ਇਤਲਾਹ ਦਿੱਤੀ ਸੀ ਅਤੇ ਆਪਣੀ ਰਿਸ਼ਤੇਦਾਰੀ ਵਿੱਚ ਲੱਭ ਰਹੇ ਸੀ।ਅੱਜ ਅਚਾਨਕ ਜਦੋਂ ਉਸ ਦਾ ਭਾਈ ਖੇਤਾਂ ਵਿੱਚ ਗਿਆ ਤਾਂ ਉਸ ਨੂੰ ਕੁੱਤੇ ਭੌਂਕਦੇ ਹੋਏ ਦਿਖਾਈ ਦਿੱਤੇ ਤਾਂ ਉਸ ਨੇ ਦੇਖਿਆ ਕਿ ਇੱਕ ਲਾਸ਼ 95% ਜਲੀ ਹੋਈ ਖੇਤਾਂ ਵਿੱਚ ਪਈ ਹੈ ਅਤੇ ਪਤਾ ਲੱਗਿਆ ਕਿ ਉਹ ਉਸ ਦਾ ਲਾਪਤਾ ਭਾਈ ਹੈ, ਜਿਸ ਨੂੰ ਲੈ ਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਸਿਰਸਾ ਖੇਤਰ 'ਚ ਵਧਦੀ ਗਰਮੀ ਕਾਰਨ ਲੋਕ ਬੇਹਾਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ 'ਚ ਦਿਨ ਦਾ ਤਾਪਮਾਨ 48.4 ਡਿਗਰੀ ਸੈਲਸੀਅਸ ਦਰਜ ਹੋਣ 'ਤੇ ਇਸ ਸੀਜ਼ਨ ਦਾ ਸਭ ਤੋਂ ਗਰਮ ਦਿਨ ਸੀ।ਦਿਨ ਵੇਲੇ ਕੜਾਕੇ ਦੀ ਗਰਮੀ ਤੇ ਰਾਤ ਦੇ ਸਮੇਂ ਵੀ ਗਰਮੀ ਦਾ ਕਹਿਰ ਦਿਖਾਈ ਦੇਣ ਲੱਗਾ ਹੈ।ਮੌਸਮ ਵਿਭਾਗ ਦੇ ਮੁਖੀ ਡਾ: ਮਦਨ ਖਿੱਚੜ ਨੇ ਦੱਸਿਆ ਕਿ ਰੋਜ਼ਾਨਾ ਤਾਪਮਾਨ ਵਧਣ ਦੀ ਸੰਭਾਵਨਾ ਹੈ, ਜਿਸ ਕਾਰਨ ਵੱਧ ਤੋਂ ਵੱਧ ਤਾਪਮਾਨ 49 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ।ਮੌਸਮ ਵਿਭਾਗ ਦੇ ਮੁਖੀ ਨੇ ਦੱਸਿਆ ਕਿ ਮੌਸਮ ਦੇ ਅੱਜ ਤੱਕ ਖੁਸ਼ਕ ਤੇ ਗਰਮ ਰਹਿਣ ਦੀ ਸੰਭਾਵਨਾ ਹੈ। ਗਰਮੀ ਦੇ ਨਾਲ-ਨਾਲ ਬਿਜਲੀ ਦੀ ਖਪਤ ਵੀ ਵਧ ਰਹੀ ਹੈ, ਜਿਸ ਕਾਰਨ ਟਰਾਂਸਫਾਰਮਰ ਓਵਰਲੋਡ ਹੋਣ ਕਾਰਨ ਅਣਐਲਾਨੇ ਬਿਜਲੀ ਕੱਟ ਲੱਗ ਰਹੇ ਹਨ, ਜਿਸ ਕਾਰਨ ਇਸ ਕੜਾਕੇ ਦੀ ਗਰਮੀ ਵਿੱਚ ਲੋਕਾਂ ਦਾ ਜੀਣਾ ਮੁਸ਼ਕਲ ਹੋ ਗਿਆ ਹੈ।ਸਿਰਸਾ ਦੇ ਜ਼ਿਲ੍ਹਾ ਹਸਪਤਾਲ ਦੇ ਬਾਲ ਰੋਗ ਮਾਹਰ ਡਾਕਟਰ ਭਾਰਤ ਭੂਸ਼ਣ ਮਿੱਤਲ ਦਾ ਕਹਿਣਾ ਹੈ ਕਿ ਗਰਮੀ ਕਾਰਨ ਬਜ਼ੁਰਗਾਂ ਤੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਲੋੜੀਂਦੀ ਮਾਤਰਾ ਵਿੱਚ ਪਾਣੀ ਪੀਤਾ ਜਾਵੇ ਅਤੇ ਤੇਜ਼ ਧੁੱਪ ਵਿੱਚ ਬਾਹਰ ਜਾਣ ਤੋਂ ਪਰਹੇਜ਼ ਕੀਤਾ ਜਾਵੇ।

# ਪਤਨੀ ਤੇ ਸਹੁਰਿਆਂ ਤੋਂ ਤੰਗ ਆ ਕੇ ਕੀਤੀ ਆਤਮ ਹੱਤਿਆ, ਮਾਮਲਾ ਦਰਜ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਸ਼ਹਿਰ ਦੇ ਇੱਕ ਨੌਜਵਾਨ ਵੱਲੋਂ ਸਹੁਰਿਆਂ ਤੋਂ ਤੰਗ ਆ ਕੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲੈਣ ਦੀ ਖਬਰ ਹੈ।ਮ੍ਰਿਤਕ ਦੇ ਚਾਚਾ ਬਲਦੇਵ ਕ੍ਰਿਸ਼ਨ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਾ ਭਤੀਜਾ ਰੋਹਿਤ ਸ਼ਰਮਾ ਉਰਫ਼ ਰੌਕੀ (27) ਪੁੱਤਰ ਜਗਦੀਸ਼ ਰਾਏ ਨਗਰ ਕੌਂਸਲ ਧੂਰੀ ਵਿਖੇ ਸੈਨੀਟੇਸ਼ਨ ਵਿਭਾਗ ਦਾ ਕਰਮਚਾਰੀ ਸੀ ਅਤੇ ਡੇਢ ਕੁ ਸਾਲ ਪਹਿਲਾਂ ਉਸ ਦਾ ਵਿਆਹ ਮਾਨਸਾ ਦੀ ਰਸ਼ਮੀ ਸ਼ਰਮਾ ਨਾਮੀਂ ਲੜਕੀ ਨਾਲ ਹੋਇਆ ਸੀ ਅਤੇ ਉਸ ਦੀ ਪਤਨੀ ਸਮੇਤ ਉਸ ਦੀ ਸੱਸ ਤੇ ਸਹੁਰਾ ਉਸ ਨੂੰ ਉਦੋਂ ਤੋਂ ਹੀ ਲਗਾਤਾਰ ਤੰਗ-ਪ੍ਰੇਸ਼ਾਨ ਕਰਦੇ ਆ ਰਹੇ ਸੀ, ਜਿਸ ਕਾਰਨ ਉਸ ਨੇ ਲੰਘੇ ਸ਼ਨੀਵਾਰ ਨੂੰ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ ਅਤੇ ਉਸ ਨੂੰ ਗੰਭੀਰ ਹਾਲਤ 'ਚ ਸਿਵਲ ਹਸਪਤਾਲ ਧੂਰੀ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਹਾਲਤ ਦੇਖਦਿਆਂ ਪਟਿਆਲਾ ਵਿਖੇ ਰੈਫਰ ਕਰ ਦਿੱਤਾ ਅਤੇ ਦੌਰਾਨੇ ਇਲਾਜ ਪਟਿਆਲਾ ਦੇ ਅਮਰ ਹਸਪਤਾਲ ਵਿਖੇ ਮੌਤ ਹੋ ਗਈ।ਉਨ੍ਹਾਂ ਦੱਸਿਆ ਕਿ ਆਤਮ ਹੱਤਿਆ ਕਰਨ ਤੋਂ ਪਹਿਲਾਂ ਉਸ ਨੇ ਆਪਣੀ ਵੀਡੀਓ ਰਿਕਾਰਡਿੰਗ ਵੀ ਕੀਤੀ ਸੀ, ਜਿਸ ਵਿੱਚ ਉਸ ਨੇ ਆਤਮ ਹੱਤਿਆ ਲਈ ਮਜਬੂਰ ਕਰਨ ਲਈ ਆਪਣੀ ਪਤਨੀ, ਸੱਸ ਤੇ ਸਹੁਰੇ 'ਤੇ ਦੋਸ਼ ਲਗਾਏ ਸੀ।ਸੰਪਰਕ ਕਰਨ 'ਤੇ ਥਾਣਾ ਸਿਟੀ ਧੂਰੀ ਦੀ ਪੁਲਸ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੇ ਚਾਚਾ ਬਲਦੇਵ ਕ੍ਰਿਸ਼ਨ ਦੇ ਬਿਆਨ 'ਤੇ ਮੁਕੱਦਮਾ ਦਰਜ ਕਰ ਲਿਆ ਹੈ।ਦੇਰ ਸ਼ਾਮ ਪੁਲਸ ਨੇ ਮ੍ਰਿਤਕ ਦੀ ਦੇਹ ਦਾ ਸਥਾਨਕ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸ਼ਾਂ ਦੇ ਹਵਾਲੇ ਕਰ ਦਿੱਤੀ।

# ਕਿਸਾਨਾਂ ਵੱਲੋਂ ਹੰਸ ਰਾਜ ਹੰਸ ਦੇ ਘਰ ਦਾ ਘਿਰਾਓ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਫਰੀਦਕੋਟ ਵਿਖੇ ਬੀ ਕੇ ਯੂ ਸਿੱਧੂਪੁਰ ਦੇ ਬੋਹੜ ਸਿੰਘ ਰੁਪੱਈਆਂ ਵਾਲਾ ਜ਼ਿਲ੍ਹਾ ਪ੍ਰਧਾਨ, ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ, ਰਾਣਾ ਰਣਜੀਤ ਸਿੰਘ ਸੂਬਾ ਜਨਰਲ ਸਕੱਤਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਮਾਸਟਰ ਲਾਲ ਸਿੰਘ ਸੂਬਾ ਸੀਨੀਅਰ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਅਗਵਾਈ ਵਿੱਚ ਬੀਜੇਪੀ ਦੇ ਉਮੀਦਵਾਰਾਂ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੇ ਘਰਾਂ ਦਾ ਘਿਰਾਓ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ 13 ਫਰਵਰੀ ਤੋਂ ਬਾਰਡਰਾਂ ਉੱਪਰ ਸ਼ਾਂਤਮਈ ਅੰਦੋਲਨ ਚੱਲ ਰਿਹਾ ਹੈ, ਪ੍ਰੰਤੂ ਭਾਜਪਾ ਦੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਰਿਆਣਾ ਸਰਕਾਰ ਵੱਲੋਂ ਆਪਣੇ ਹੀ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਉੱਪਰ ਉਹ ਹਰ ਇੱਕ ਤਰ੍ਹਾਂ ਦਾ ਜ਼ੁਲਮ ਢਾਹਿਆ ਗਿਆ, ਜੋ ਕੋਈ ਦੁਸ਼ਮਣ ਦੇਸ਼ ਜੰਗ ਵਿੱਚ ਵੀ ਨਹੀਂ ਢਾਹੁੰਦਾ ਅਤੇ ਬੇਕਸੂਰ ਨੌਜਵਾਨਾਂ ਨੂੰ ਲੋਕਾਂ ਦੀ ਆਵਾਜ਼ ਦਬਾਉਣ ਲਈ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਹੈ। ਉਨ੍ਹਾਂ ਬੇਕਸੂਰ ਨੌਜਵਾਨਾਂ ਦੀ ਰਿਹਾਈ ਲਈ ਤੇ ਸ਼ਹੀਦ ਸ਼ੁਭਕਰਨ ਸਿੰਘ, ਸੁਰਿੰਦਰਪਾਲ ਸਿੰਘ ਆਕੜੀ ਦੇ ਕਾਤਲਾਂ ਉੱਪਰ ਕਾਰਵਾਈ ਤੇ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋਏ ਪ੍ਰੀਤਪਾਲ ਸਿੰਘ ਤੇ ਹਰਿਆਣਾ ਪੁਲਸ ਦੇ ਅੱਤਿਆਚਾਰ ਦੌਰਾਨ ਅੱਖਾਂ ਦੀ ਰੋਸ਼ਨੀ ਗੁਆ ਚੁੱਕੇ ਨੌਜਵਾਨ ਦੇ ਇਨਸਾਫ ਲਈ ਅਤੇ ਅਨੇਕਾਂ ਹੀ ਉਹ ਕਿਸਾਨ, ਮਜ਼ਦੂਰ ਜਿੰਨਾ ਉੱਪਰ ਭਾਜਪਾ ਦੀ ਸਰਕਾਰ ਵੱਲੋਂ ਅੱਤਿਆਚਾਰ ਕੀਤਾ ਗਿਆ ਹੈ ਉਸ ਦੇ ਇਨਸਾਫ ਲਈ ਆਵਾਜ਼ ਬੁਲੰਦ ਕਰਨ ਵਾਸਤੇ ਭਾਜਪਾ ਦੇ ਐਮ.ਪੀ ਉਮੀਦਵਾਰ ਅਤੇ ਜਿਲਾ ਪ੍ਰਧਾਨਾਂ ਦੇ ਘਰਾਂ ਦਾ ਅੱਜ ਘਿਰਾਓ ਕੀਤਾ ਗਿਆ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਬੀਜੇਪੀ ਵੱਲੋਂ ਸਮਾਜ ਵਿੱਚ ਪਾੜਾ ਪਾਉਣ ਵਾਲੇ ਤੇ ਭਾਈਚਾਰਕ ਸਾਂਝ ਨੂੰ ਤੋੜਨ ਵਾਲੀ ਭੜਕਾਊ ਬਿਆਨਬਾਜ਼ੀ ਕੀਤੀ ਜਾ ਹੈ ਅਤੇ ਬੀਜੇਪੀ ਦੇ ਉਮੀਦਵਾਰ ਹੰਸ ਰਾਜ ਹੰਸ ਤੇ ਰਵਨੀਤ ਬਿੱਟੂ ਅਤੇ ਬੀਜੇਪੀ ਦੇ ਹੋਰ ਉਮੀਦਵਾਰਾਂ ਤੇ ਆਗੂਆਂ ਦੇ ਧਮਕੀ ਭਰੇ ਬਿਆਨਾਂ ਤੋਂ ਬੀਜੇਪੀ ਦੀ ਉਸ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਪਤਾ ਲੱਗਦਾ ਹੈ ਕਿ ਬੀਜੇਪੀ ਦੀ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਪ੍ਰਤੀ ਕੀ ਸੋਚ ਹੈ? ਇਸ ਮੌਕੇ ਉਨ੍ਹਾਂ ਨਾਲ ਅੰਗਰੇਜ਼ ਸਿੰਘ ਕਾਲਾ ਜ਼ਿਲ੍ਹਾ ਪ੍ਰਧਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਬਲਦੇਵ ਸਿੰਘ ਸੁੱਖਣ ਵਾਲਾ ਜ਼ਿਲ੍ਹਾ ਜਨਰਲ ਸਕੱਤਰ ਭਾਰਤੀ ਕ੍ਰਾਂਤੀਕਾਰੀ ਯੂਨੀਅਨ, ਜਸਵੀਰ ਸਿੰਘ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਜਸਵੰਤ ਸਿੰਘ ਬੱਲ ਬਲਾਕ ਪ੍ਰਧਾਨ ਸਾਦਿਕ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਰਜਿੰਦਰ ਸਿੰਘ ਬਲਾਕ ਪ੍ਰਧਾਨ ਸਾਦਿਕ, ਸੁਖਚਰਨ ਸਿੰਘ ਬਲਾਕ ਪ੍ਰਧਾਨ ਗੋਲੇਵਾਲਾ, ਚਰਨਜੀਤ ਸਿੰਘ ਬਲਾਕ ਪ੍ਰਧਾਨ ਫਰੀਦਕੋਟ, ਬਲਜਿੰਦਰ ਸਿੰਘ ਬਾੜਾ ਭਾਈਕਾ ਬਲਾਕ ਪ੍ਰਧਾਨ ਬਾਜਾਖਾਨਾ, ਸ਼ਿੰਦਰਪਾਲ ਸਿੰਘ ਬਲਾਕ ਪ੍ਰਧਾਨ ਜੈਤੋ ਆਦਿ ਜ਼ਿਲ੍ਹਾ ਬਲਾਕ ਤੇ ਪਿੰਡ ਇਕਾਈਆਂ ਦੇ ਆਗੂ ਹਾਜ਼ਰ ਸਨ।

## ਕਾਕਾ ਬਰਾੜ ਦੇ ਹੱਕ 'ਚ ਡੋਰ-ਟੂ-ਡੋਰ ਪ੍ਰਚਾਰ ਨੂੰ ਭਰਵਾਂ ਹੁੰਗਾਰਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਨਿਰਦੇਸ਼ਾਂ ਹੇਠ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਦੇ ਹੱਕ ਵਿੱਚ ਟੀਮਾਂ ਬਣਾ ਕੇ ਡੋਰ ਟੂ ਡੋਰ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਆਪ ਆਗੂ ਬਲਰਾਜ ਸਿੰਘ ਸੰਧੂ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਦਲਜੀਤ ਸਿੰਘ ਬਾਬਾ ਉਪ ਪ੍ਰਧਾਨ, ਸੁਰਿੰਦਰ ਕੁਮਾਰ ਸੋਨੂ ਸੇਠੀ, ਸੰਦੀਪ ਸੋਨੀ ਤੇ ਸਾਜਨ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਕਸਬਾ ਮਮਦੋਟ ਦੇ ਵੱਖ-ਵੱਖ ਵਾਰਡਾਂ ਵਿੱਚ ਡੋਰ ਟੂ ਡੋਰ ਪ੍ਰੋਗਰਾਮ ਤਹਿਤ ਘਰ ਘਰ ਜਾ ਕੇ ਚੋਣ ਪ੍ਰਚਾਰ ਕਰਦਿਆਂ ਮਮਦੋਟ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮਮਦੋਟ ਟੀਮ ਵੱਲੋਂ ਡੋਰ ਟੂ ਡੋਰ ਪ੍ਰੋਗਰਾਮ ਤਹਿਤ ਕੀਤੇ ਜਾ ਰਹੇ ਪ੍ਰਚਾਰ ਦੇ ਬੜੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਤੇ ਕਸਬੇ ਦੇ ਲੋਕਾਂ ਵੱਲੋਂ ਇਸ ਕੰਮ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ।

## ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਪਾ ਕੇ 'ਆਪ' ਨੂੰ ਸਬਕ ਸਿਖਾਓ : ਸੁਖਬੀਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਹੱਕ ਵਿੱਚ ਹਲਕਾ ਲੰਬੀ ਦੇ ਪਿੰਡਾਂ ਵਿੱਚ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ। ਉਨ੍ਹਾ ਹਲਕੇ ਦੇ ਪਿੰਡ ਬੀਦੋਵਾਲੀ, ਮਾਨ, ਸਿੰਘੇ ਵਾਲਾ, ਭਾਗੂ ਆਦਿ ਪਿੰਡਾਂ ਵਿੱਚ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਦੂਜੀਆਂ ਪਾਰਟੀਆਂ 'ਤੇ ਸ਼ਬਦੀ ਹਮਲੇ ਕਰਦੇ ਹੋਏ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਬੋਲਦੇ ਕਿਹਾ ਕਿ ਇਨ੍ਹਾਂ ਨੇ ਝੂਠ ਮਾਰ ਕੇ ਸਰਕਾਰ ਬਣਾ ਲਈ ਅਤੇ ਸੂਬੇ ਦੇ ਲੋਕਾਂ ਦਾ ਕੁੱਝ ਨਹੀਂ ਕੀਤਾ। ਅਕਾਲੀ ਦਲ ਵੇਲੇ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ, ਇਸ ਲਈ ਹੁਣ ਇਨ੍ਹਾਂ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ। ਇਨ੍ਹਾਂ ਵੋਟਾਂ ਵਿੱਚ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰੋ।

# ਸੁਖਬੀਰ ਨੇ ਸਾਬਕਾ ਭਾਜਪਾ ਆਗੂ ਖੰਗੂੜਾ ਨੂੰ ਸਿਰੋਪਾ ਪਾ ਕੇ ਪਾਰਟੀ 'ਚ ਕੀਤਾ ਸ਼ਾਮਲ



**ਨਾਭਾ (ਵਰਿੰਦਰ ਵਰਮਾ)**-ਪਟਿਆਲਾ ਲੋਕ ਸਭਾ ਹਲਕੇ ਤੋਂ 2019 ਵਿੱਚ ਅਜ਼ਾਦ ਚੋਣ ਲੜ ਚੁੱਕੇ ਸਾਬਕਾ ਭਾਜਪਾ ਕਿਸਾਨ ਮੋਰਚਾ ਪੰਜਾਬ ਦੇ ਉੱਪ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਪਟਿਆਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਵਿਸ਼ਾਲ ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਪਟਿਆਲਾ ਲੋਕ ਸਭਾ ਹਲਕਾ ਤੋਂ ਚੋਣ ਲੜ ਰਹੇ ਐੱਨ ਕੇ ਸ਼ਰਮਾ, ਬਾਬੂ ਕਬੀਰ ਦਾਸ ਤੇ ਜਸਪਾਲ ਸਿੰਘ ਬਿੱਟੂ ਚੱਠਾ, ਮੱਖਣ ਸਿੰਘ ਲਾਲਕਾ, ਗੁਰਦਿਆਲ ਇੰਦਰ ਸਿੰਘ ਬਿੱਲੂ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਨਾਭਾ ਯੂਥ ਅਕਾਲੀ ਦਲ ਤੇ ਕੌਮੀ ਆਗੂ ਅਮਿਤ ਰਾਠੀ ਤੇ ਗੁਰਤੇਜ ਸਿੰਘ ਕੌਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉੱਪ ਮੁੱਖ ਮੰਤਰੀ ਪੰਜਾਬ ਸ. ਸੁਖਬੀਰ ਸਿੰਘ ਬਾਦਲ ਤੋਂ ਸਿਰੋਪਾ ਪਵਾ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।ਸ਼ਾਮਲ ਕਰਨ ਉਪਰੰਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮਿਹਨਤੀ ਤੇ ਇਮਾਨਦਾਰ ਵਰਕਰਾਂ ਦਾ ਪਾਰਟੀ ਨੇ ਹਮੇਸ਼ਾ ਸਨਮਾਨ ਕੀਤਾ ਹੈ ਅਤੇ ਉਨ੍ਹਾਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।ਇਸ ਮੌਕੇ ਰਣਧੀਰ ਸਿੰਘ ਖੰਗੂੜਾ ਨੇ ਕਿਹਾ ਕਿ ਉਹ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਕੈਬਨਿਟ ਮੰਤਰੀ ਸਵ: ਰਾਜਾ ਨਰਿੰਦਰ ਸਿੰਘ ਨਾਲ ਅਕਾਲੀ-ਭਾਜਪਾ ਗੱਠਜੋੜ ਦੌਰਾਨ ਕੰਮ ਕਰਦੇ ਰਹੇ ਹਨ।ਇਸ ਲਈ ਭਾਜਪਾ ਜੋ ਕਿ ਮੌਜੂਦਾ ਸਮੇਂ ਕਿਸਾਨਾਂ ਦੇ ਨਾਲ ਬੇਇਨਸਾਫੀ ਤੇ ਧੱਕਾ ਕਰ ਰਹੀ ਹੈ, ਇਸ ਨੂੰ ਦੇਖਦੇ ਹੋਏ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਸ਼ਵਾਸ ਦਿਵਾਇਆ ਕਿ ਲੋਕ ਸਭਾ ਪਟਿਆਲਾ ਉਮੀਦਵਾਰ ਐੱਨ ਕੇ ਸ਼ਰਮਾ ਲਈ ਦਿਨ-ਰਾਤ ਮਿਹਨਤ ਕਰਾਂਗੇ ਤੇ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ।

# ਮਹਿੰਗਾਈ ਤੇ ਤਾਨਾਸ਼ਾਹੀ ਖਿਲਾਫ ਵੋਟ ਨੂੰ ਲੋਕ ਹਥਿਆਰ ਵਜੋਂ ਵਰਤਣ : ਅਨਮੋਲ

## ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀਵਾਲਾ ਦੀ ਅਗਵਾਈ 'ਚ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਸਮਾਨ ਛੂਹ ਰਹੀ ਮਹਿੰਗਾਈ ਤੇ ਭਾਜਪਾ ਦੀ ਤਾਨਾਸ਼ਾਹੀ ਤੋਂ ਛੁਟਕਾਰਾ ਪਾਉਣ ਲਈ ਲੋਕਾਂ ਨੂੰ ਵੋਟ ਦੇ ਅਧਿਕਾਰ ਨੂੰ ਹਥਿਆਰ ਬਣਾ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਪਰੋਕਤ ਵਿਚਾਰ ਆਮ ਆਦਮੀ ਪਾਰਟੀ (ਆਪ) ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਅਨਮੋਲ ਨੇ ਹਲਕਾ ਮੋਗਾ ਤੋਂ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸਾਬਕਾ ਕੌਂਸਲਰ ਪ੍ਰੇਮ ਚੰਦ ਚੱਕੀ ਵਾਲਾ ਦੀ ਅਗਵਾਈ ਹੇਠ ਕਰਵਾਈ ਚੋਣ ਮੀਟਿੰਗ ਦੌਰਾਨ ਵੱਡੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ 'ਆਪ' ਹਲਕਾ ਮੋਗਾ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਚੰਦ ਚੱਕੀਵਾਲਾ ਦੀ ਅਗਵਾਈ ਹੇਠ ਹੋਈ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ। ਇਸ ਮੌਕੇ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਖਤਮ ਕਰਨ ਦੇ ਵਾਅਦੇ ਨਾਲ ਸੱਤਾ 'ਚ ਆਈ ਮੋਦੀ ਸਰਕਾਰ ਬਾਬਾ ਸਾਹਿਬ ਡਾ: ਅੰਬੇਡਕਰ ਦੇ ਸੰਵਿਧਾਨ ਨੂੰ ਢਾਹ ਲਾਉਣ 'ਤੇ ਲੱਗੀ ਹੋਈ ਹੈ। ਅਨਮੋਲ ਨੇ ਚਿਤਾਵਨੀ ਦਿੱਤੀ ਕਿ ਜੇਕਰ ਮੋਦੀ ਸਰਕਾਰ ਗਲਤੀ ਨਾਲ ਸੱਤਾ 'ਚ ਵਾਪਸ ਆ ਗਈ ਤਾਂ ਦੇਸ਼ 'ਚੋਂ ਜਮਹੂਰੀਅਤ ਦਾ ਖਾਤਮਾ ਹੋ ਜਾਵੇਗਾ ਤੇ ਤਾਨਾਸ਼ਾਹੀ ਸ਼ਾਸਨ ਯਕੀਨੀ ਤੌਰ 'ਤੇ ਸਥਾਪਤ ਹੋ ਜਾਵੇਗਾ। ਇਸ ਲਈ ਇਹ ਚੋਣ ਕੋਈ ਆਮ ਚੋਣ ਨਹੀਂ ਸਗੋਂ ਸ਼ਹੀਦ ਭਗਤ ਸਿੰਘ ਵਰਗੇ ਸੂਰਬੀਰ ਯੋਧਿਆਂ ਤੇ ਬਾਬਾ ਸਾਹਿਬ ਦੇ ਸੰਵਿਧਾਨ ਦੁਆਰਾ ਲਿਆਂਦੇ ਲੋਕਤੰਤਰ ਨੂੰ ਬਚਾਉਣ ਦੀ ਫੈਸਲਾਕੁੰਨ ਲੜਾਈ ਹੈ, ਜਿਸ ਲਈ ਭਾਜਪਾ ਵਰਗੀਆਂ ਵਪਾਰੀ, ਕਿਸਾਨ ਤੇ ਮਜ਼ਦੂਰ ਵਿਰੋਧੀ ਫਿਰਕਾਪ੍ਰਸਤ ਪਾਰਟੀਆਂ ਨੂੰ ਡਟਣਾ ਪਵੇਗਾ। ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਲਈ 13 ਵਿੱਚੋਂ 13 ਸੀਟਾਂ ਜਿੱਤਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਹਲਕਾ ਮੋਗਾ ਤੋਂ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਦੋ ਸਾਲਾਂ 'ਚ ਸਰਕਾਰ ਨੇ ਕਈ ਵਾਅਦੇ ਪੂਰੇ ਕੀਤੇ ਹਨ, ਜਿਨ੍ਹਾਂ 'ਚ ਹਰ ਘਰ ਨੂੰ 300 ਯੂਨਿਟ ਮੁਫਤ ਬਿਜਲੀ ਪ੍ਰਤੀ ਮਹੀਨਾ, ਬਿਹਤਰ ਸਿਹਤ ਤੇ ਵਿੱਦਿਅਕ ਸਹੂਲਤਾਂ, ਨਹਿਰੀ ਪਾਣੀ ਆਦਿ ਸ਼ਾਮਲ ਹਨ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਤਿੰਨ ਸਾਲਾਂ ਵਿੱਚ ਚੋਣ ਮੈਨੀਫੈਸਟੋ ਦੇ ਸਾਰੇ ਵਾਅਦੇ ਪੂਰੇ ਕਰਕੇ ਮੈਦਾਨ ਵਿੱਚ ਉਤਰੇਗੀ। ਉਨ੍ਹਾ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ 1 ਜੂਨ ਨੂੰ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਝਾੜੂ ਦਾ ਬਟਨ ਦਬਾ ਕੇ ਕਰਮਜੀਤ ਅਨਮੋਲ ਦੇ ਹੱਥ ਮਜ਼ਬੂਤ ਕਰਨ। ਅੰਤ 'ਚ 'ਆਪ' ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀਵਾਲਾ ਨੇ ਚੋਣ ਮੀਟਿੰਗ ਨੂੰ ਸਫਲ ਬਣਾਉਣ ਲਈ 'ਆਪ' ਉਮੀਦਵਾਰ ਕਰਮਜੀਤ ਅਨਮੋਲ, ਹਲਕਾ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਵੱਖ-ਵੱਖ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਦਾ ਤਾਜ਼ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੇਅਰ ਬਲਜੀਤ ਸਿੰਘ ਚੰਨੀ, ਰਾਕੇਸ਼ ਸਿਤਾਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ, ਅਹੁਦੇਦਾਰ ਤੇ ਵਲੰਟੀਅਰ, ਮੁਹੱਲਾ ਨਿਵਾਸੀ ਹਾਜ਼ਰ ਸਨ।

## ਟਰੈਕਟਰ-ਟਰਾਲੀ ਚੋਰ ਗ੍ਰਿਫ਼ਤਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਾੜੇ ਅਨਸਰਾਂ ਵਿਰੁੱਧ ਅਰੰਭੀ ਮੁਹਿੰਮ ਤਹਿਤ ਐੱਸ ਐੱਚ ਓ ਮਹਿਲ ਕਲਾਂ ਇੰਸਪੈਕਟਰ ਹੀਰਾ ਸਿੰਘ ਦੀ ਅਗਵਾਈ ਹੇਠ ਟਰੈਕਟਰ-ਟਰਾਲੀ ਚੋਰਾਂ ਨੂੰ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 11 ਤੇ 12 ਮਈ 2024 ਦੀ ਦਰਮਿਆਨੀ ਰਾਤ ਨੂੰ ਸਰਬਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਕ੍ਰਿਪਾਲ ਸਿੰਘ ਵਾਲਾ ਦਾ ਸੋਨਾਲੀਕਾ ਟਰੈਕਟਰ ਸਮੇਤ ਟਰਾਲੀ, ਜਿਸ 'ਚ ਕਰੀਬ 6 ਹਜ਼ਾਰ ਇੱਟ ਭਰੀ ਹੋਈ ਸੀ, ਨੂੰ ਕੋਈ ਅਣਪਛਾਤੇ ਵਿਅਕਤੀ ਚੋਰੀ ਕਰ ਕੇ ਲੈ ਗਏ ਸਨ।ਇਸ ਸਬੰਧੀ ਪੀੜਤ ਵਿਅਕਤੀ ਸਰਬਜੀਤ ਸਿੰਘ ਦੇ ਬਿਆਨਾਂ 'ਤੇ ਥਾਣਾ ਮਹਿਲ ਕਲਾਂ ਵਿਖੇ ਅਣਪਛਾਤੇ ਵਿਅਕਤੀ ਖਿਲਾਫ਼ ਪਰਚਾ ਦਰਜ ਕੀਤਾ ਗਿਆ ਸੀ।ਇਸ ਦੀ ਭਾਲ ਸਬੰਧੀ ਸਪੈਸ਼ਲ ਟੀਮ, ਜਿਸ ਵਿੱਚ ਤਕਨੀਕੀ ਮਾਹਰ ਹੌਲਦਾਰ ਗੁਰਪ੍ਰੀਤ ਸਿੰਘ ਵੱਲੋਂ ਟੈਕਨੀਕਲ ਵਿੰਗ ਬਰਨਾਲਾ ਦੀਆਂ ਸੇਵਾਵਾਂ ਨਾਲ ਗੁਰਪ੍ਰੀਤ ਸਿੰਘ ਗੁਰੀ ਪੁੱਤਰ ਸਵਰਨ ਸਿੰਘ ਵਾਸੀ ਗੰਗੋਹਰ ਤੇ ਯਾਦਵਿੰਦਰ ਸਿੰਘ ਉਰਫ ਯਾਦ ਪੁੱਤਰ ਸੁਖਵਿੰਦਰ ਸਿੰਘ ਵਾਸੀ ਜਾਮੀਆ ਕਲਾਂ (ਲੁਧਿਆਣਾ) ਨੂੰ ਨਾਮਜ਼ਦ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਤੋਂ ਕੀਤੀ ਗਈ ਪੁੱਛ-ਗਿੱਛ ਦੌਰਾਨ ਚੋਰੀ ਕੀਤੇ ਗਏ ਟਰੈਕਟਰ-ਟਰਾਲੀ ਨੂੰ ਬਰਾਮਦ ਕਰ ਕਬਜ਼ੇ 'ਚ ਲੈ ਲਿਆ ਹੈ।

## ਸੀ ਆਈ ਆਈ ਸੀ ਨੇ ਲਵਾਇਆ ਕੈਨੇਡਾ ਦਾ ਵੀਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਚੱਕੀ ਵਾਲੀ ਗਲੀ ਸਥਿਤ ਚੰਡੀਗੜ੍ਹ ਆਈਲਟਸ ਐਂਡ ਇਮੀਗ੍ਰੇਸ਼ਨ ਸੰਸਥਾ ਨੇ ਭੁਪਿੰਦਰ ਸਿੰਘ ਦਾ ਕੈਨੇਡਾ ਦਾ ਵੀਜ਼ਾ 5 ਵਾਰ ਨਾਂਹ ਹੋਣ 'ਤੇ ਲਗਵਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਆਈ.ਆਈ.ਸੀ. ਚੇਅਰਮੈਨ ਰਾਘਵ ਸ਼ਰਮਾ ਨੇ ਦੱਸਿਆ ਕਿ ਭੁਪਿੰਦਰ ਸਿੰਘ ਦਾ ਕੇਸ ਪੰਜ ਵਾਰ ਰੱਦ ਹੋ ਚੁੱਕਾ ਹੈ, ਜਿਸ ਨੇ ਸੰਸਥਾ ਵਿੱਚ ਆ ਕੇ ਵੀਜ਼ਾ ਦੀ ਸਾਰੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਤੋਂ ਬਾਅਦ ਸੰਸਥਾ ਵੱਲੋਂ ਉਸ ਨੂੰ ਕੈਨੇਡਾ ਦਾ ਕਿਸਾਨ ਵੀਜ਼ਾ ਲਗਵਾ ਕੇ ਭੁਪਿੰਦਰ ਸਿੰਘ ਦਾ ਵਿਦੇਸ਼ ਜਾਣ ਦਾ ਸੁਪਨਾ ਪੂਰਾ ਹੋ ਗਿਆ। ਭੁਪਿੰਦਰ ਸਿੰਘ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਪੈਨਸ਼ਨਰਜ਼ ਜਥੇਬੰਦੀਆਂ ਵੱਲੋਂ ਖੱਬੇ-ਪੱਖੀ ਤੇ ਧਰਮ ਨਿਰਪੱਖ ਪਾਰਟੀਆਂ ਨੂੰ ਜਿਤਾਉਣ ਦਾ ਸੱਦਾ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਦੇ ਸੂਬਾਈ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ, ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਚਾਨੀ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਵਰਕਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ ਤੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਵਾਂ, ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਰਾਧੇ ਸ਼ਿਆਮ, ਸੂਬਾਈ ਆਗੂ ਚੰਦ ਸਿੰਘ ਡੋਡ, ਜ਼ਿਲ੍ਹਾ ਫਰੀਦਕੋਟ ਦੇ ਆਗੂ ਅਸ਼ੋਕ ਸੇਠੀ, ਰਮੇਸ਼ ਕੌਸ਼ਲ ਤੇ ਇੰਦਰਜੀਤ ਸਿੰਘ ਗਿੱਲ, ਪੀ ਆਰ ਟੀ ਸੀ ਪੈਨਸ਼ਨਰ ਭਾਈਚਾਰਾ ਯੂਨੀਅਨ ਦੇ ਸੂਬਾਈ ਆਗੂ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਮੁਹੰਮਦ ਖਲੀਲ, ਜ਼ਿਲ੍ਹਾ ਫਰੀਦਕੋਟ ਦੇ ਆਗੂ ਸੁਖਚਰਨ ਸਿੰਘ, ਗੁਰਦੀਪ ਭੋਲਾ, ਲਾਭ ਸਿੰਘ ਤੇ ਵਿਨੋਦ ਕੁਮਾਰ ਨੇ ਪੰਜਾਬ ਸਰਕਾਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ, ਪੀ.ਆਰ.ਟੀ.ਸੀ. ਮੁਲਾਜ਼ਮਾਂ ਦੀ ਮੈਨੇਜਮੈਂਟ 'ਤੇ ਦੋਸ਼ ਲਾਇਆ ਹੈ ਕਿ ਲਗਾਤਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਗਿਆ ਹੈ, ਜਿਵੇਂ ਕਿ ਵੱਖ-ਵੱਖ ਸਰਕਾਰੀ ਵਿਭਾਗਾਂ, ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਕੰਮ ਕੱਚੇ, ਠੇਕਾ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੂਰੀਆਂ ਤਨਖਾਹਾਂ ਦੇ ਕੇ ਰੈਗੂਲਰ ਨਹੀਂ ਕੀਤਾ ਜਾ ਰਿਹਾ, ਆਊਟ ਸੋਰਸ ਅਧੀਨ ਭਰਤੀ ਦੀ ਨੀਤੀ ਨੂੰ ਬਹੁਤ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਤੇ ਸੋਧੀ ਹੋਈ ਲੀਵ ਇਨ-ਕੈਸ਼ਮਿੰਟ ਨਹੀਂ ਦਿੱਤੀ ਜਾ ਰਹੀ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਮਹਿੰਗਾਈ ਭੱਤੇ ਦੀਆਂ 12 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਤਿੰਨ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ, ਆਸ਼ਾ ਵਰਕਰਜ਼, ਮਿੱਡ ਡੇ ਮੀਲ ਵਰਕਰਜ਼ ਤੇ ਆਂਗਣਵਾੜੀ ਵਰਕਰਜ਼ ਦਾ ਮਾਣ ਭੱਤਾ ਦੁੱਗਣਾ ਕਰਨ ਅਤੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ ਦਾ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਚੋਣ ਵਾਅਦਾ ਅਤੇ ਹੋਰ ਚੋਣ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ, ਪਿਛਲੀ ਸਰਕਾਰ ਵੱਲੋਂ ਬੰਦ ਕੀਤੇ ਗਏ ਵੱਖ ਵੱਖ ਕਿਸਮ ਦੇ 37 ਭੱਤੇ ਬਹਾਲ ਨਹੀਂ ਕੀਤੇ ਜਾ ਰਹੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨਾਲ ਗੱਲਬਾਤ ਦੇ ਦਰਵਾਜ਼ੇ ਬੰਦ ਕਰਕੇ ਰੱਖੇ ਹੋਏ ਹਨ ਅਤੇ ਕਈ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਬਾਅਦ ਵਿੱਚ ਮੁੱਕਰ ਗਏ ਹਨ, ਹੱਕ ਮੰਗਦੇ ਸੰਘਰਸ਼ਸ਼ੀਲ ਲੋਕਾਂ 'ਤੇ ਪੁਲਸ ਲਾਠੀਚਾਰਜ ਕਰਨਾ ਤੇ ਘਰਾਂ ਵਿੱਚ ਨਜ਼ਰਬੰਦ ਕਰਨਾ ਆਦਿ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਰਤਾਰਾ ਹਰ ਰੋਜ਼ ਵਾਪਰ ਰਿਹਾ ਹੈ।

ਇਨ੍ਹਾਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਨਿਰਣਾ ਲਿਆ ਗਿਆ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਦੌਰਾਨ ਆਪਣੇ ਵੋਟ ਦੇ ਹੱਕ ਦੀ ਵੱਧ ਤੋਂ ਵੱਧ ਵਰਤੋਂ ਕਰਨਗੇ। ਕੇਂਦਰੀ ਹੁਕਮਰਾਨ ਭਾਜਪਾ ਤੇ ਪੰਜਾਬ ਵਿੱਚ ਹੁਕਮਰਾਨ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਨਜ਼ਰ ਅੰਦਾਜ਼ ਕਰਨ ਕਰਕੇ ਸਾਡੇ ਕੋਲ ਵੀ ਇਨ੍ਹਾਂ ਪਾਰਟੀਆਂ ਲਈ ਵੋਟਾਂ ਨਹੀਂ ਹਨ।ਫੈਸਲਾ ਕੀਤਾ ਗਿਆ ਕਿ ਕੇਂਦਰ ਤੇ ਪੰਜਾਬ ਦੀਆਂ ਹੁਕਮਰਾਨ ਪਾਰਟੀਆਂ ਦੀਆਂ ਲਗਾਤਾਰ ਲੋਕ, ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਕਾਰਨ ਇਨ੍ਹਾਂ ਹੁਕਮਰਾਨ ਪਾਰਟੀਆਂ ਨੂੰ ਪੰਜਾਬ ਵਿੱਚ ਤਕੜੀ ਹਾਰ ਦੇ ਕੇ ਸਬਕ ਸਿਖਾਉਣਗੇ, ਖੱਬੇ ਪੱਖੀ ਉਮੀਦਵਾਰਾਂ ਤੇ ਧਰਮ ਨਿਰਪੱਖ ਅਤੇ ਜਮਹੂਰੀ ਤਾਕਤਾਂ ਦੇ ਹੱਥ ਮਜ਼ਬੂਤ ਕੀਤੇ ਜਾਣਗੇ।

# ਮਜ਼ਦੂਰਾਂ-ਕਿਸਾਨਾਂ ਦੀ ਆਰਥਿਕ ਹਾਲਤ ਸੁਧਰਨ 'ਤੇ ਹੀ ਦੇਸ਼ ਤਰੱਕੀ ਕਰੇਗਾ : ਖੋਸਾ, ਢੁੱਡੀਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਭਾਰਤੀ ਕਮਿਊਨਿਸਟ ਪਾਰਟੀ ਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਾਂਝੇ ਉਮੀਦਵਾਰ ਮਾ. ਗੁਰਚਰਨ ਸਿੰਘ ਮਾਨ ਦੇ ਹੱਕ ਵਿੱਚ ਚੋਣ ਜਲਸੇ ਪਿੰਡ ਬਹੋਨਾ, ਧੂੜਕੋਟ ਚੜਤ ਸਿੰਘ ਵਾਲਾ ਆਦਿ ਪਿੰਡਾਂ ਵਿੱਚ ਕੀਤੇ ਗਏ। ਗੱਲਬਾਤ ਕਰਦੇ ਹੋਏ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ ਤੇ ਸੀ.ਪੀ.ਆਈ. ਬਲਾਕ ਮੋਗਾ-1 ਦੇ ਸਕੱਤਰ ਸਵਰਾਜ ਢੁੱਡੀਕੇ ਨੇ ਕਿਹਾ ਕਿ ਮਜ਼ਦੂਰਾਂ-ਕਿਸਾਨਾਂ ਦੀ ਆਰਥਿਕ ਹਾਲਾਤ ਸੁਧਰਨ ਤੇ ਹੀ ਦੇਸ਼ ਤਰੱਕੀ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਮਜ਼ਦੂਰਾਂ ਦੀ ਘੱਟੋ-ਘੱਟ ਮਹੀਨਾ ਉਜ਼ਰਤ 26000 ਹੋਵੇ, ਦੇਸ਼ ਅੰਦਰ ਫੈਲ ਰਹੀ ਬੇਰੁਜ਼ਗਾਰੀ ਨੂੰ ਨੱਥ ਪਾਉਣ ਲਈ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ (ਬਨੇਗਾ) ਬਣੇ ਤਾਂ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਮਿਲ ਸਕੇ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਦੇਸ਼ ਦੇ ਆਰਥਿਕ ਹਾਲਾਤ ਬਹੁਤ ਪਿੱਛੇ ਹੋ ਗਏ ਨੇ। ਦੇਸ਼ ਵਿੱਚ ਫੈਲ ਰਹੀ ਮਹਿੰਗਾਈ ਉਦੋਂ ਹੀ ਕੰਟਰੋਲ ਹੋਵੇਗੀ, ਜਦੋਂ ਕਮਿਊਨਿਸਟ ਪਾਰਟੀਆਂ ਦੇ ਉਮੀਦਵਾਰ ਜਿੱਤ ਕੇ ਸੰਸਦ ਵਿੱਚ ਜਾਣਗੇ। ਇਸ ਮੌਕੇ ਕਾਮਰੇਡ ਵੀਰ ਸਿੰਘ, ਅਜੈਬ ਸਿੰਘ ਬਹੋਨਾ, ਭਾਨ ਸਿੰਘ ਬਹੋਨਾ, ਕਾਮਰੇਡ ਪਾਲ ਸਿੰਘ ਧੂੜਕੋਟ, ਸਤਨਾਮ ਸਿੰਘ ਤੇ ਸੁਖਵਿੰਦਰ ਕੌਰ ਆਦਿ ਆਗੂ ਹਾਜ਼ਰ ਸਨ।


**BHANDARI HOSIERY EXPORTS LIMITED**

Regd. Office : Bhandari House, Village Meharban, Rahon Road, Ludhiana-141007 (Punjab) (India)
Phones 88720-16410, Fax 0161-2690394, CIN: L17115PB1993PLC013930
E-mail : bhandari@bhandariexport.com; Web: www.bhandariexport.com

31.03.2024 ਨੂੰ ਖਤਮ ਹੋਈ ਤਿਮਾਹੀ/ਸਾਲ ਦੇ ਸਟੈਂਡਲੋਨ ਪੜਤਾਲੇ ਵਿੱਤੀ ਨਤੀਜੇ (ਰੁਪਏ ਲੱਖਾਂ 'ਚ)

| | ਵੇਰਵੇ | ਤਿਮਾਹੀ ਖਤਮ 31.03.2024 | ਤਿਮਾਹੀ ਖਤਮ 31.12.2023 | ਤਿਮਾਹੀ ਖਤਮ 31.03.2023 | ਸਾਲ ਖਤਮ 31.03.2024 | ਸਾਲ ਖਤਮ 31.03.2023 |
|---|---|---|---|---|---|---|
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 8911.75 | 6030.11 | 11047.65 | 26705.58 | 28331.13 |
| 2 | ਸਮੇਂ ਲਈ ਸ਼ੁੱਧ ਲਾਭ/(ਘਾਟਾ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ ਜਾਂ ਗੈਰ ਸਧਾਰਨ ਆਇਟਮਾਂ) | 264.01 | 215.27 | 237.35 | 873.53 | 789.02 |
| 3 | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/(ਘਾਟਾ) (ਅਸਧਾਰਨ ਆਈਟਮਾਂ ਮਗਰੋਂ) | 264.01 | 215.27 | 237.35 | 873.53 | 789.02 |
| 4 | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ/(ਘਾਟਾ) (ਅਸਧਾਰਨ ਆਈਟਮਾਂ ਮਗਰੋਂ) | 163.83 | 177.27 | 156.98 | 653.35 | 650.64 |
| 5 | ਪੇਡ ਅਪ ਇਕੁਇਟੀ ਸ਼ੇਅਰ ਕੈਪੀਟਲ (ਫੇਸ ਵੈਲਿਊ ਰੁਪਏ ਇੱਕ ਪ੍ਰਤੀ) | 1634.38 | 1634.38 | 1465.27 | 1634.38 | 1465.27 |
| 6 | ਸਮੇਂ ਲਈ ਕੁੱਲ ਵਿਆਪਕ ਆਮਦਨ (ਸਮੇਂ ਲਈ ਲਾਭ/ਘਾਟਾ ਅਤੇ ਹੋਰ ਵਿਆਪਕ ਆਮਦਨ (ਟੈਕਸ ਮਗਰੋਂ) | 154.39 | 177.27 | 148.03 | 643.91 | 641.69 |
| 7 | ਰਿਜ਼ਰਵਜ਼ (ਰੀਵੈਲਿਊਏਸ਼ਨ ਰਿਜ਼ਰਵ ਤੋਂ ਬਗੈਰ) ਜੋ ਪਿਛਲੇ ਖਤਮ ਹੋਏ ਸਾਲ ਦੀ ਆਡਿਟ ਬੈਲੈਂਸ ਸ਼ੀਟ 'ਚ ਦਰਸਾਏ ਗਏ। | | | | 8324.33 | 7247.02 |
| 8 | ਕਮਾਈ ਪ੍ਰਤੀ ਸ਼ੇਅਰ (ਰੁ. 1/- ਹਰੇਕ) | | | | | |
| | ਬੇਸਿਕ : | 0.09 | 0.11 | 0.10 | 0.40 | 0.44 |
| | ਡਿਲਿਊਟਡ : | 0.09 | 0.11 | 0.10 | 0.42 | 0.44 |

ਨੋਟ : (i) ਉਪਰੋਕਤ ਨਤੀਜੇ, ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਤਹਿਤ ਖਤਮ ਹੋਈ ਤਿਮਾਹੀ/ਸਾਲਾਨਾ ਵਿੱਤੀ ਨਤੀਜਿਆਂ ਦੀ ਸਟਾਕ ਐਕਸਚੇਂਜ਼ ਕੋਲ ਦਾਖਲ ਵਿਸਥਾਰਤ ਫਾਰਮਟ ਦਾ ਸਾਰ ਹੈ। ਤਿਮਾਹੀ/ਸਾਲਾਨਾ ਵਿੱਤੀ ਨਤੀਜਿਆਂ ਦਾ ਪੂਰਨ ਫਾਰਮੈਟ ਬੀ ਐੱਸ ਈ/ਐੱਨ ਐੱਸ ਈ ਦੀ ਵੈੱਬਸਾਈਟ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈੱਬਸਾਈਟ www.bhandariexport.com 'ਤੇ ਉਪਲੱਬਧ ਹੈ। (ii) ਜਿੱਥੇ ਕਿਤੇ ਵੀ ਜ਼ਰੂਰੀ ਹੋਇਆ ਪਿਛਲੇ ਅੰਕੜਿਆਂ ਨੂੰ ਵਰਗੀਕ੍ਰਿਤ ਅਤੇ ਮੁੜ ਸੰਗਠਿਤ ਕੀਤਾ ਗਿਆ ਹੈ। (iii) 31.03.2024 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਦੇ ਉਪਰੋਕਤ ਪੜਤਾਲੇ ਵਿੱਤੀ ਨਤੀਜਿਆਂ ਨੂੰ ਮੁੜ ਵਿਚਾਰਿਆ ਗਿਆ ਅਤੇ 28.05.2024 ਨੂੰ ਆਡਿਟ ਕਮੇਟੀ ਦੀ ਮੀਟਿੰਗ 'ਚ ਸਿਫਾਰਸ਼ ਕੀਤੇ ਗਏ ਅਤੇ ਉਹੀ 28.05.2024 ਨੂੰ ਹੋਈ ਮੀਟਿੰਗ 'ਚ ਡਾਇਰੈਕਟਰਾਂ ਦੇ ਬੋਰਡ ਵੱਲੋਂ ਪ੍ਰਵਾਨਿਤ ਕੀਤੇ ਗਏ ਹਨ ਅਤੇ ਰਿਕਾਰਡ 'ਚ ਰੱਖੇ ਗਏ।

ਵਾਸਤੇ ਭੰਡਾਰੀ ਹੌਜ਼ਰੀ ਐਕਸਪੋਰਟਸ ਲਿਮਟਿਡ
ਸਹੀ/-
ਮਿਤੀ : 28.05.2024
ਸਥਾਨ : ਲੁਧਿਆਣਾ
ਨਿਤਿਨ ਭੰਡਾਰੀ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ
(DIN : 01385065)

AXIS BANK LTD.

ਪਿਛਲੇ ਸਫੇ ਤੋਂ ਅੱਗੇ

| ਲੜੀ ਨੰ. | ਕਰਜ਼ਦਾਰ ਦਾ ਨਾਂਅ/ਪਤਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਰਜ਼ਾ ਰਕਮ | ਡਿਮਾਂਡ ਨੋਟਿਸ 'ਚ ਰਕਮ | ਸਕਿਉਰਡ ਐੱਸਟ ਦਾ ਵੇਰਵਾ 1. ਖਾਤਾ ਨੰ. 2. ਮਾਡਲ 3. ਰਜਿਸਟਰੇਸ਼ਨ ਨੰ. 4. ਇੰਜਣ ਨੰ. 5. ਚੈਸੀ ਨੰ. |
|---|---|---|---|---|---|---|
| 110 | ਜਗਪ੍ਰੀਤ ਸਿੰਘ ਪਤਾ-ਪਿੰਡ ਕਲੇਰ ਘੁੰਮਣ, ਡਾਕ. ਧਿਆਨਪੁਰ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ, ਪੰਜਾਬ-143201, ਕੰਮ ਦਾ ਪਤਾ-ਸੀ ਆਈ ਡੀ ਆਫਿਸ, ਪੁਲਸ ਸਟੇਸ਼ਨ ਕਰਤਾਰਪੁਰ, ਨੇੜੇ ਮੇਨ ਡਾਕ. ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144801, ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 13-07-2021 | 30-03-2024 | Rs. 950000/- ਨੌਂ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ | Rs. 1279788/- ਬਾਰਾਂ ਲੱਖ, ਇਨਾਸੀ ਹਜ਼ਾਰ, ਸੱਤ ਸੌ ਅਠਾਸੀ ਰੁਪਏ ਕੇਵਲ | 1 AUR068505575498 2-HYUNDAI CAT C - CRETA 1.5 E DSL 3-PB02EA9524 4-D4FALM108449 5-MALPA813LLM085698 |
| 111 | ਦੀਵਾਕਰ ਮਹਿਤਾ ਪਤਾ-ਪਿੰਡ ਸਿੰਘਪੁਰ, ਡਾਕ. ਨਰੋਟ ਜੈਮਲ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਪੰਜਾਬ-1450120, ਕੰਮ ਦਾ ਪਤਾ-ਮੈਸਰਜ਼ ਮਹਿਤਾ ਟਰੇਡਰਜ਼ ਕੰਪਨੀਪਿੰਡ ਸਿੰਘਪੁਰ, ਡਾਕ. ਨਰੋਟ ਜੈਮਲ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਪੰਜਾਬ-1450120 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 31-08-2021 | 30-03-2024 | Rs. 2047250/- ਵੀਹ ਲੱਖ ਸਨਤਾਲੀ ਹਜ਼ਾਰ ਦੋ ਸੌ ਪੰਜਾਹ ਰੁਪਏ ਕੇਵਲ | Rs. 1682661/- ਸੋਲਾਂ ਲੱਖ ਬਿਆਸੀ ਹਜ਼ਾਰ ਛੇ ਸੌ ਇਕਾਹਠ ਰੁਪਏ ਕੇਵਲ | 1 AUR068503731871 2-BMW CAT D - BMW 3X5 30D DPE 3-PB06AV0005 4-0004Y163 5-WBAKS4706J0Y21585 |
| 112 | ਪੂਨਮ ਪੰਜਾਬ ਪਤਾ-ਪਤਨੀ ਕਮਲ ਕੁਮਾਰ ਸਹਿਗਲ, ਮਕਾਨ ਨੰ. 341, ਗਲੀ ਨੰ. 7, ਦਿਲਬਾਗ ਸਿੰਘ ਨਗਰ ਐਕਸਟੇਨਸ਼ਨ, ਜਲੰਧਰ-1, ਪੰਜਾਬ-144002, ਭਾਰਤ ਕੰਮ ਦਾ ਪਤਾ-ਸਰਕਾਰੀ ਪ੍ਰਾਇਮਰੀ ਸਕੂਲ, ਬਸਤੀ ਦਾਨਿਸ਼ਮੰਦਾਂ ਜਲੰਧਰ, ਪੰਜਾਬ-144001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-09-2020 | 30-03-2024 | Rs. 1189183/- ਗਿਆਰਾਂ ਲੱਖ ਉਨਾਨਵੇਂ ਹਜ਼ਾਰ ਇੱਕ ਸੌ ਤਰਿਆਸੀ ਰੁਪਏ ਕੇਵਲ | Rs. 1748205/- ਸਤਾਰਾਂ ਲੱਖ ਅਠਤਾਲੀ ਹਜ਼ਾਰ ਦੋ ਸੌ ਪੰਜ ਰੁਪਏ ਕੇਵਲ | 1 AUR015504388990 2-SKODA CAT C - RAPID AMBITION 1.5 TDI 3-PB08EJ5065 4-CWX208696 5-TMBBVFNA2KG014829 |
| 113 | ਲਖਵਿੰਦਰ ਸਿੰਘ ਪਤਾ-ਮਕਾਨ ਨੰ. 10891, ਗਲੀ ਨੰ. 10, ਕੋਟਰਾਮਦਾਸ ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਪੰਜਾਬ-143001, ਕੰਮ ਦਾ ਪਤਾ-ਲਖਵਿੰਦਰ ਗੋਲਡ, ਸੀਮਤ 10891, ਗਲੀ ਨੰ. 10, ਕੋਟਰਾਮਦਾਸ ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਪੰਜਾਬ-143001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 02-04-2021 | 30-03-2024 | Rs. 1994240/- ਉੱਨੀ ਲੱਖ ਚੁਰਾਨਵੇਂ ਹਜ਼ਾਰ ਦੋ ਸੌ ਚਾਲੀ ਰੁਪਏ ਕੇਵਲ | Rs. 2817932/- ਅਠਾਈ ਲੱਖ ਸਤਾਰਾਂ ਹਜ਼ਾਰ ਨੌਂ ਸੌ ਬੱਤੀ ਰੁਪਏ ਕੇਵਲ | 1 AUR068505454365 2-TOYOTA CATEGORY C PLUS - INNOVA CRYSTA V MT 8STR 3-PB32AA0789 4-2GDA431276 5-MBJGB8EM5020773510820 |
| 114 | ਜਗਤਾਰ ਸਿੰਘ ਪਤਾ-ਮਕਾਨ ਨੰ. 139, ਗਲੀ ਨੰ. 4, ਜੁਲਕਾ ਮਾਰਕਿਟ, ਭੱਟਾ ਇੰਦਰਜੀਤ ਬਟਾਲਾ ਸ਼ਹਿਰ, ਗੁਰਦਾਸਪੁਰ, ਪੰਜਾਬ-143505 ਭਾਰਤ, ਕੰਮ ਦਾ ਪਤਾ-ਨੇੜੇ ਸੰਨੀ ਹੋਟਲ ਵਾਲੀ ਗਲੀ, ਬਟਾਲਾ ਗੁਰਦਾਸਪੁਰ, ਪੰਜਾਬ-143505 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 01-04-2022 | 30-03-2024 | Rs. 1044868/- ਦਸ ਲੱਖ ਚੁਤਾਲੀ ਹਜ਼ਾਰ ਅੱਠ ਸੌ ਅਠਾਹਠ ਰੁਪਏ ਕੇਵਲ | Rs. 1108898/- ਗਿਆਰਾਂ ਲੱਖ, ਅੱਠ ਹਜ਼ਾਰ ਅੱਠ ਸੌ ਅਠਾਨਵੇਂ ਰੁਪਏ ਕੇਵਲ | 1 AUR068504876250 2-HYUNDAI CAT C - VERNA SX 1.6 3-PB18W6409 4-MALBM51BLLM817106 5-G4LALM646907 -MDL |
| 115 | ਹਰਿੰਦਰ ਸਿੰਘ ਪਤਾ-ਮਕਾਨ ਨੰ.143, ਡਿਫੈਂਸ ਇਨਕਲੇਵ, ਅਜਨਾਲਾ ਰੋਡ, ਅੰਮ੍ਰਿਤਸਰ, ਪੰਜਾਬ-143001 ਭਾਰਤ, ਕੰਮ ਦਾ ਪਤਾ, ਕਾਨਟਰੈਕਟਰ ਮਕਾਨ ਨੰ. 143, ਡਿਫੈਂਸ ਇਨਕਲੇਵ, ਅਜਨਾਲਾ ਰੋਡ, ਅੰਮ੍ਰਿਤਸਰ, ਪੰਜਾਬ-143001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-10-2022 | 30-03-2024 | Rs. 1173000/- ਗਿਆਰਾਂ ਲੱਖ ਤਿਹੱਤਰ ਹਜ਼ਾਰ ਰੁਪਏ ਕੇਵਲ | Rs. 1078011/- ਦਸ ਲੱਖ ਅਠੱਤਰ ਹਜ਼ਾਰ ਗਿਆਰਾਂ ਰੁਪਏ ਕੇਵਲ | 1 AUR068505707651 2-HONDA CAT C - HONDA CITY ZX CVT P 3-PB02EC2372 4-L15ZD1209376 5-MAKGN266ML4003192 |
| 116 | ਦਵਿੰਦਰ ਕੌਰ ਪਤਾ-ਮਜੀਠਾ ਰੋਡ, ਪੰਡੋਰੀ ਵੜੈਚ, ਅੰਮ੍ਰਿਤਸਰ ਪੰਜਾਬ-143008 ਭਾਰਤ, ਕੰਮ ਦਾ ਪਤਾ-ਦਵਿੰਦਰ ਕੌਰ ਮਜੀਠਾ ਰੋਡ, ਪੰਡੋਰੀ ਵੜੈਚ, ਅੰਮ੍ਰਿਤਸਰ ਪੰਜਾਬ-143008 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 09-09-2021 | 30-03-2024 | Rs. 963071/- ਨੌਂ ਲੱਖ ਤਿਰੇਹਠ ਹਜ਼ਾਰ ਇਕੱਤਰ ਰੁਪਏ ਕੇਵਲ | Rs. 1279812/- ਬਾਰਾਂ ਲੱਖ ਉਨਾਸੀ ਹਜ਼ਾਰ ਅੱਠ ਸੌ ਬਾਰਾਂ ਰੁਪਏ ਕੇਵਲ | 1 AUR068505697619 2-HYUNDAI CAT C - CRETA EX CRDI 1.5 MT 3-PB02EB7733 4-D4FALM149164 5-MALPA813LLM107277 |
| 117 | ਸੰਦੀਪ ਗੋਇਲ ਪਤਾ-ਮਕਾਨ ਨੰ. 284-100, ਜੇ ਬਲਾਕ, ਭਾਈ ਰਣਧੀਰ ਸਿੰਘ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ-141012, ਕੰਮ ਦਾ ਪਤਾ-ਮੈਸਰਜ਼ ਓਮ ਸਤ ਜਿਊਲਰਜ਼, ਮੇਨ ਮਾਰਕਿਟ ਕੁਹਾੜਾ ਰੋਡ, ਸਾਹਨੇਵਾਲ, ਲੁਧਿਆਣਾ, ਪੰਜਾਬ-141120 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 02-05-2022 | 30-03-2024 | Rs. 824670/- ਅੱਠ ਲੱਖ ਚੌਵੀਂਹਜ਼ਾਰ ਛੇ ਸੌ ਸੱਤਰ ਰੁਪਏ ਕੇਵਲ | Rs. 1134787/- ਗਿਆਰਾਂ ਲੱਖ ਚੌਤੀ ਹਜ਼ਾਰ ਸੱਤ ਸੌ ਸਤਾਸੀ ਰੁਪਏ ਕੇਵਲ | 1 UCR004206832752 2-HYUNDAI CAT C - HYUNDAI CRETA 3-PB13AT8887 4-D4FBGM057707 5-MALC381ULGM090954 |
| 118 | ਗੁਰਜੀਤ ਸਿੰਘ ਪਤਾ-ਮਾਨਕਵਾਲ ਗਿੱਲ ਲੁਧਿਆਣਾ, ਪੰਜਾਬ-141116 ਭਾਰਤ, ਕੰਮ ਦਾ ਪਤਾ-ਦੁੱਗਰੀ-2, ਜੀ ਐੱਨ ਈ ਕਾਲਜ ਰੋਡ, ਨੇੜੇ ਪੰਜਾਬ ਪੈਲੇਸ ਲੁਧਿਆਣਾ, ਪੰਜਾਬ-141003 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 05-04-2022 | 30-03-2024 | Rs. 876683/- ਅੱਠ ਲੱਖ ਛਿਹੱਤਰ ਹਜ਼ਾਰ ਛੇ ਸੌ ਤਿਰਆਸੀ ਰੁਪਏ ਕੇਵਲ | Rs. 1097248/- ਦਸ ਲੱਖ ਸਤਾਨਵੇਂ ਹਜ਼ਾਰ ਦੋ ਸੌ ਅਠਤਾਲੀ ਰੁਪਏ ਕੇਵਲ | 1 AUR004206663573 2-HYUNDAI CAT C - I 20 SPORTS DSL 3-PB10HR3249 4-D4FAMM398810 5-MALBH514LMM101812 |
| 119 | ਸਤਿੰਦਰ ਕੌਰ ਪਤਾ-ਤਲਵੰਡੀ ਮਲਦੁਆਲ, ਅੰਮ੍ਰਿਤਸਰ, ਪੰਜਾਬ-143116 ਭਾਰਤ, ਕੰਮ ਦਾ ਪਤਾ-ਖੇਤੀਬਾੜੀ, ਪਿੰਡ ਤਲਵੰਡੀ ਮਲਦੁਆਲ, ਅੰਮ੍ਰਿਤਸਰ, ਪੰਜਾਬ-143116 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 08-02-2022 | 30-03-2024 | Rs. 990792/- ਨੌਂ ਲੱਖ ਨੱਬੇ ਹਜ਼ਾਰ ਸੱਤ ਸੌ ਬਾਨਵੇਂ ਰੁਪਏ ਕੇਵਲ | Rs. 1257203/- ਬਾਰਾਂ ਲੱਖ ਸਤਵੰਜਾ ਹਜ਼ਾਰ ਦੋ ਸੌ ਤਿੰਨ ਰੁਪਏ ਕੇਵਲ | 1 AUR068506355743 2-MAHINDRA CAT C - MAHINDRA XUV 300 W8 3-PB02ED9616 4-EUMZE52001 5-MA1NM2EU1M2F72242 |
| 120 | ਲਖਵੀਰ ਸਿੰਘ ਪਤਾ- ਪੁੱਤਰ ਅਜੈਬ ਸਿੰਘ, ਬੱਗੋਵਾਲ, ਗੁਰਦਾਸਪੁਰ, ਪੰਜਾਬ-143511 ਭਾਰਤ, ਕੰਮ ਦਾ ਪਤਾ-ਬੱਗੋਵਾਲ, ਗੁਰਦਾਸਪੁਰ, ਪੰਜਾਬ-143511 ਭਾਰਤ ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 08-10-2022 | 30-03-2024 | Rs. 1117807/- ਗਿਆਰਾਂ ਲੱਖ ਸਤਾਰਾਂ ਹਜ਼ਾਰ ਅੱਠ ਸੌ ਸੱਤ ਰੁਪਏ ਕੇਵਲ | 1175349/- Rupees ਗਿਆਰਾਂ ਲੱਖ ਪਚੱਤਰ ਹਜ਼ਾਰ ਤਿੰਨ ਸੌ ਉਨੰਜਾ ਰੁਪਏ ਕੇਵਲ | 1 AUR068506447138 2-MAHINDRA CAT C - SCORPIO S5 3-PB06BA2907 4-XMM4G15236 5-MA1TA2XM2M2G20948 |
| 121 | ਦਲਵੀਰ ਸਿੰਘ ਪਤਾ-ਮਕਾਨ ਨੰ. 341, ਹੈਬਨਸਿਟੀ, ਜੀ ਟੀ ਰੋਡ, ਦਬੁਰਜੀ, ਅੰਮ੍ਰਿਤਸਰ, ਪੰਜਾਬ-143001, ਕੰਮ ਦਾ ਪਤਾ-ਦਲਵੀਰ ਮੋਬਾਇਲ ਟਰੇਡਿੰਗ ਨੰ. 341, ਹੈਬਨਸਿਟੀ, ਜੀ ਟੀ ਰੋਡ, ਦਬੁਰਜੀ, ਅੰਮ੍ਰਿਤਸਰ, ਪੰਜਾਬ-143001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 02-05-2022 | 30-03-2024 | Rs. 1010000/- ਦਸ ਲੱਖ ਦਸ ਹਜ਼ਾਰ ਰੁਪਏ ਕੇਵਲ | Rs. 1212520/- ਬਾਰਾਂ ਲੱਖ ਬਾਰਾਂ ਹਜ਼ਾਰ ਪੰਜ ਸੌ ਵੀਹ ਰੁਪਏ ਕੇਵਲ | 1 AUR068506489847 2-MARUTI CAT C - S CROSS ZETA 3-PB02EE4989 4-K15BN1215028 5-MA3ENGL1S00265894 |
| 122 | ਰਜਨੀ ਸ਼ਰਮਾ, ਪਤਾ-ਪਤਨੀ ਸੰਦੀਪ ਸ਼ਰਮਾ, ਮਕਾਨ ਨੰ. 81, ਦਾਦਾ ਕਾਲੋਨੀ, ਇੰਡਸਟਰੀਅਲ ਏਰੀਆ, ਪੰਜਾਬ-144004, ਕੰਮ ਦਾ ਪਤਾ-ਰਿਹਾਇਸ਼ ਕੰਮ ਦਫਤਰ, ਕਰੇਸ਼ਨ ਨੰ. 81, ਦਾਦਾ ਕਾਲੋਨੀ, ਇੰਡਸਟਰੀਅਲ ਏਰੀਆ, ਪੰਜਾਬ-144004 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-11-2022 | 30-03-2024 | Rs. 1210000/- ਬਾਰਾਂ ਲੱਖ ਦਸ ਹਜ਼ਾਰ ਰੁਪਏ ਕੇਵਲ | Rs. 1287551/- ਬਾਰਾਂ ਲੱਖ ਸਤਾਸੀ ਹਜ਼ਾਰ ਪੰਜ ਸੌ ਇਕਵੰਜਾ ਰੁਪਏ ਕੇਵਲ | 1 AUR015506688575 2-HONDA CAT C - HONDA CITY VMT 3-PB09AF3333 4-N15A21102445 5-MAKGN452KM4000706 |
| 123 | ਜਸਵੀਰ ਸਿੰਘ ਪਤਾ-ਪੁੱਤਰ ਮਹਿੰਦਰ ਸਿੰਘ, ਤਹਿਸੀਲ ਬਸੀ ਪਠਾਣਾਂ, ਫਹਿਤਗੜ੍ਹ ਸਾਹਿਬ, ਪੰਜਾਬ-140406 ਭਾਰਤ, ਕੰਮ ਦਾ ਪਤਾ-ਈ ਐੱਸ ਆਈ, ਐੱਸ ਸੀ ਨੰ. 3, ਸੈਕਟਰ-19-ਏ, ਚੰਡੀਗੜ੍ਹ-160019 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-12-2022 | 30-03-2024 | Rs. 1850000/- ਅਠਾਰਾਂ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ | Rs. 1858369/- ਅਠਾਰਾਂ ਲੱਖ ਅੱਠਵੰਜਾ ਹਜ਼ਾਰ ਤਿੰਨ ਸੌ ਉਨੱਤਰ ਰੁਪਏ ਕੇਵਲ | 1 AUR004106959700 2-TOYOTA CATEGORY C PLUS - INNOVA GX 7 AT 3-CH01CH3939 4-2GDA587305 5-MBJJB8EMX016135000122 |
| 124 | ਨਵਜੋਤ ਕੌਰ ਪਤਾ-ਮਕਾਨ ਨੰ. 214, ਮਜੀਠਾ ਰੋਡ, ਤੁਗਬਾਲਾ ਗੇਟ, ਸਰਦਾਰ ਐਵੇਨਿਊ, ਅੰਮ੍ਰਿਤਸਰ, ਪੰਜਾਬ-143001 ਭਾਰਤ, ਕੰਮ ਦਾ ਪਤਾ-ਮੈਸਰਜ਼ ਸਟਾਇਲ ਬਿਊਟਿਕ, 214, ਮਜੀਠਾ ਰੋਡ, ਤੁਗਬਾਲਾ ਗੇਟ, ਸਰਦਾਰ ਐਵੇਨਿਊ, ਅੰਮ੍ਰਿਤਸਰ, ਪੰਜਾਬ-143001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 08-08-2022 | 30-03-2024 | Rs. 956226/- ਨੌਂ ਲੱਖ ਛਿਪੰਜਾ ਹਜ਼ਾਰ ਦੋ ਸੌ ਛੱਬੀ ਰੁਪਏ ਕੇਵਲ | Rs. 1139032/- ਗਿਆਰਾਂ ਲੱਖ ਉਨਤਾਲੀ ਹਜ਼ਾਰ ਬੱਤੀ ਰੁਪਏ ਕੇਵਲ | 1 AUR068506974829 2-VOLKSWAGEN CAT B - POLO GT 3-PB02EG2373 4-DSH036717 5-MEXA22600NT020702 |
| 125 | ਚੰਦ ਗਿਆਨ ਚੰਦ ਪਤਾ-ਪੁੱਤਰ ਗਿਆਨ ਪੁੱਤਰ ਗਿਆਨ ਚੰਦ, ਪੀ ਡਬਲਯੂ ਡੀ ਰੈਸਟ ਹਾਊਸ, ਮਾਡਲ ਟਾਊਨ, ਫਗਵਾੜਾ, ਕਪੂਰਥਲਾ-144401 ਭਰਤ, ਕੰਮ ਦਾ ਪਤਾ-ਐਕਸੀਅਨ, ਕੰਸਟਰੱਕਸ਼ਨ ਨੰ. 2, ਪੀ ਡਬਲਯੂ ਡੀ ਬੀ ਐਂਡ ਆਰ, ਬਰਾਂਚ ਕਪੂਰਥਲਾ-144001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-05-2022 | 30-03-2024 | Rs. 877705/- ਸਤਾਸੀ ਲੱਖ ਸੱਤ ਹਜ਼ਾਰ ਸੱਤ ਸੌ ਪੰਜ ਰੁਪਏ ਕੇਵਲ | Rs. 1088826/- ਦਸ ਲੱਖ ਅਠਾਸੀ ਹਜ਼ਾਰ ਅੱਠ ਸੌ ਛੱਬੀ ਰੁਪਏ ਕੇਵਲ | 1 AUR015507061003 2-HYUNDAI CAT C - HYUNDAI I20 3-PB36K0563 4-D4FAMM467821 5-MALBH514LNM115649 |
| 126 | ਰਸਲ ਸਿੰਘ ਪਤਾ-ਸੈਦੋ ਤਰਨ ਤਾਰਨ, ਪਿੰਨ ਕੋਡ-143416, ਤਰਨ ਤਾਰਨ, ਪੰਜਾਬ-143402 ਭਾਰਤ ਸਹਿ-ਬਿਨੈਕਾਰ ਦਾ ਨਾਂਅ/ਪਤਾ :-ਕਸ਼ਮੀਰ ਸਿੰਘ ਪਤਾ-ਸੈਦੋ ਤਰਨ ਤਾਰਨ, ਪਿੰਨ ਕੋਡ-143402 | 31-10-2021 | 30-03-2024 | Rs. 800000/- ਅੱਠ ਲੱਖ ਰੁਪਏ ਕੇਵਲ | Rs. 1022711/- ਦਸ ਲੱਖ ਬਾਈ ਹਜ਼ਾਰ ਸੱਤ ਸੌ ਗਿਆਰਾਂ ਰੁਪਏ ਕੇਵਲ | 1 AUR068505529044 2-HYUNDAI CAT C - VENUE SX (O) DIESEL 3-PB46AF0704 4-D4FALM098330 5-MALFE81DLLM146972K |
| 127 | ਗੁਰਦੇਵ ਸਿੰਘ ਪਤਾ-ਪੁੱਤਰ ਦਰਸ਼ਨ ਸਿੰਘ, ਦਸ਼ਮੇਸ਼ ਅਕੈਡਮੀ ਰੋਡ, ਵਾਰਡ ਨੰ. 6, ਅਨੰਦਪੁਰ ਸਾਹਿਬ, ਰੋਪੜ, ਪੰਜਾਬ-ਖਰੜ ਪੰਜਾਬ-140118, ਕੰਮ ਦਾ ਪਤਾ-ਹਜ਼ਾਰੀਆ ਸਕਿਉਰਿਟੀ ਸਰਵਿਸ਼, ਟੀ ਡੀ ਆਈ ਸਿਟੀ, ਬਿਜ਼ਨੈੱਸ ਸੈਂਟਰ, ਮਕਾਨ ਨੰ. 1, ਮੁਹਾਲੀ, ਖਰੜ, ਪੰਜਾਬ-140301 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਐੱਨ ਏ | 30-05-2022 | 30-03-2024 | Rs. 996915/- ਨੌਂ ਲੱਖ ਛਿਆਨਵੇਂ ਹਜ਼ਾਰ ਨੌਂ ਸੌ ਪੰਦਰਾਂ ਰੁਪਏ ਕੇਵਲ | Rs. 1066108/- ਦਸ ਲੱਖ ਛਿਆਹਠ ਹਜ਼ਾਰ ਇੱਕ ਸੌ ਅੱਠ ਰੁਪਏ ਕੇਵਲ | 1 AUR004104098846 2-FORD CAT C - ECOSPORT AMBIENTE DIESEL 3-PB12AF3482 4-KK39170 5-MAJAXXMRKAKK39170 |
| 128 | ਗੁਰਵਿੰਦਰ ਸਿੰਘ ਪਤਾ-ਮਕਾਨ ਨੰ. 64, ਸੁਲਤਾਨਵਿੰਡ ਰੋਡ, ਕੋਟ ਸਾਲਿਕਗਰਾਮ, ਅੰਮ੍ਰਿਤਸਰ, ਪੰਜਾਬ-143001, ਕੰਮ ਦਾ ਪਤਾ-ਗੁਰਵਿੰਦਰ ਟਰਾਂਸਪੋਟ, ਮਕਾਨ ਨੰ. 64, ਸੁਲਤਾਨਵਿੰਡ ਰੋਡ, ਕੋਟ ਸਾਲਿਕਗਰਾਮ, ਅੰਮ੍ਰਿਤਸਰ, ਪੰਜਾਬ-143001 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਕਿਰਨਦੀਪ ਕੌਰ ਪਤਾ-ਮਕਾਨ ਨੰ. 64, ਕੋਟ ਸਾਲਿਕਗਰਾਮ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਪੰਜਾਬ-143001 | 11-03-2022 | 30-03-2024 | Rs. 910932/- ਨੌਂ ਲੱਖ ਦਸ ਹਜ਼ਾਰ ਨੌਂ ਸੌ ਬੱਤੀ ਰੁਪਏ ਕੇਵਲ | Rs. 1132459/- ਗਿਆਰਾਂ ਲੱਖ ਬੱਤੀ ਹਜ਼ਾਰ ਚਾਰ ਸੌ ਉਨਾਹਠ ਰੁਪਏ ਕੇਵਲ | 1 AUR068506440911 2-MARUTI CAT C - VITARA BREZZA ZXI + 3-PB02EE2449 4-K15BN1227928 5-MA3NYFJ1SMH825911 |
| 129 | ਸੁਖਰਾਜ ਸਿੰਘ ਪਤਾ-ਪੁੱਤਰ ਮਿਲਖਾ ਸਿੰਘ ਕੋਹਲੀ, ਅੰਮ੍ਰਿਤਸਰ, ਪੰਜਾਬ-143109, ਕੰਮ ਦਾ ਪਤਾ-ਖੇਤੀਬਾੜੀ, ਪੁੱਤਰ ਮਿਲਖਾ ਸਿੰਘ ਕੋਹਲੀ, ਅੰਮ੍ਰਿਤਸਰ, ਪੰਜਾਬ-143109 ਸਹਿ-ਬਿਨੈਕਾਰ ਦਾ ਨਾਂਅ/ਪਤਾ :-ਰਣਜੀਤ ਕੌਰ ਪਤਨੀ ਮਿਲਖਾ ਸਿੰਘ ਕੋਹਲੀ, ਅੰਮ੍ਰਿਤਸਰ, ਪੰਜਾਬ-143109 | 09-07-2022 | 30-03-2024 | Rs. 1010036/- ਦਸ ਲੱਖ ਦਸ ਹਜ਼ਾਰ ਛੱਤੀ ਰੁਪਏ ਕੇਵਲ | Rs. 1311950/- ਤੇਰਾਂ ਲੱਖ ਗਿਆਰਾਂ ਹਜ਼ਾਰ ਨੌਂ ਸੌ ਪੰਜਾਹ ਰੁਪਏ ਕੇਵਲ | 1 UCR024206749427 2-HYUNDAI CAT C - CRETA 3-PB02ED2309 4-D4FAMM265389 5-MALPC813MMM175063 |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਦਾ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਰ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕੀਤਾ ਜਾ ਸਕਦਾ।

ਮਿਤੀ : 29.05.2024 ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ


# ਬੌੜਾਂ ਗੇਟ ਨਾਭਾ ਵਿਖੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਰੋਡ ਜਾਮ

## ਪ੍ਰਸ਼ਾਸਨ ਵੱਲੋਂ ਚੋਣਾਂ ਤੋਂ ਬਾਅਦ ਨਿਸ਼ਾਨਦੇਹੀ ਕਰਵਾ ਕੇ ਨਜਾਇਜ਼ ਕਬਜ਼ੇ ਛਡਾਉਣ ਦਾ ਭਰੋਸਾ ਦੇਣ 'ਤੇ ਚੁੱਕਿਆ ਧਰਨਾ



**ਨਾਭਾ (ਵਰਿੰਦਰ ਵਰਮਾ)**-ਨਾਭਾ ਨੇੜਲੇ ਪਿੰਡ ਨਰਮਾਣੇ ਵਿਖੇ ਕਬਜ਼ੇ ਹੇਠਲੀ ਸਕੂਲ ਗਰਾਊਂਡ ਦੀ ਜ਼ਮੀਨ ਦੀ ਮਿਣਤੀ ਨਾ ਹੋਣ ਦੇ ਰੋਸ ਵਜੋਂ ਬੌੜਾਂ ਗੇਟ ਵਿਖੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਝੰਡੇ ਥੱਲੇ ਜਾਮ ਲਗਾਇਆ ਗਿਆ।ਤਿੰਨ ਰਸਤੇ ਪੂਰੀ ਤਰ੍ਹਾਂ ਮੁਕੰਮਲ ਬੰਦ ਕੀਤੇ ਗਏ।ਇਸ ਮਸਲੇ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਆਗੂ ਧਰਮਵੀਰ ਹਰੀਗੜ੍ਹ ਇਕਾਈ ਆਗੂ, ਨਿਰਮਲ ਸਿੰਘ ਨਰਮਾਣਾ ਨੇ ਕਿਹਾ ਕਿ ਪਿੰਡ ਨਰਮਾਣਾ ਦੀ ਨਜਾਇਜ਼ ਕਬਜ਼ੇ ਵਿੱਚ ਪਈ 600 ਵਿੱਘੇ ਜ਼ਮੀਨ ਪੰਚਾਇਤੀ ਜ਼ਮੀਨ ਦਾ ਕੇਸ ਡੀਡੀਪੀਓ ਪਟਿਆਲਾ ਦੀ ਅਦਾਲਤ ਵਿੱਚ ਚੱਲ ਰਿਹਾ ਹੈ, ਜਿਸ ਦੀ ਪੈਰਵਾਈ ਪਿੰਡ ਦਾ ਮਜ਼ਦੂਰਾਂ ਭਾਈਚਾਰਾ ਕਰ ਰਿਹਾ ਹੈ।ਉਸ ਵਿੱਚੋਂ ਕੁਝ ਹਿੱਸੇ ਦਾ ਕਬਜ਼ਾ ਵਰੰਟ ਜਾਰੀ ਹੋ ਚੁੱਕਾ ਹੈ ਤੇ ਨਿਸ਼ਾਨਦੇਹੀ ਹੋਣੀ ਹੈ।ਇਕ ਸਾਲ ਦੀ ਕੋਸ਼ਿਸ਼ ਕਰਨ ਤੋਂ ਬਾਅਦ ਜਦੋਂ ਕਾਨੂੰਗੋ ਸਤਪ੍ਰੀਤ ਨੇ ਨਿਸ਼ਾਨਦੇਹੀ ਕਰਨ ਦੀ ਤਾਰੀਖ 27 ਮਈ ਦਿੱਤੀ ਤਾਂ ਮਜ਼ਦੂਰਾਂ ਨੂੰ ਆਪਣੀ ਮਿਹਨਤ ਨੂੰ ਬੂਰ ਪੈਂਦਾ ਦਿਖਾਈ ਦਿੱਤਾ, ਪਰ ਜਦੋਂ ਮੌਕੇ 'ਤੇ ਆ ਕੇ ਕਾਨੂੰਗੋ ਵੱਲੋਂ ਗੈਰ-ਕਾਬਜ਼ਕਾਰਾਂ ਦੇ ਦਬਾਅ ਹੇਠ ਆ ਕੇ ਪਹਿਲਾਂ ਇਲੈਕਸ਼ਨ ਡਿਊਟੀ ਤੇ ਫਿਰ ਪੁਲਸ ਪ੍ਰਸ਼ਾਸਨ ਨਾ ਹੋਣ ਦਾ ਬਹਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਦਕਿ ਮਜ਼ਦੂਰ ਆਗੂਆਂ ਵੱਲੋਂ ਨਿਸ਼ਾਨਦੇਹੀ ਦੀ ਤਾਰੀਖ ਦੇ ਸਮੇਂ ਹੀ ਪੁਲਸ ਸਹਾਇਤਾ ਲੈਣ ਦੀ ਮੰਗ ਕੀਤੀ ਗਈ ਸੀ।ਉਸ ਮੌਕੇ ਕਾਨੂੰਗੋ ਸਾਹਿਬ ਨੇ ਕਿਹਾ ਕਿ ਪੁਲਸ ਦੀ ਜ਼ਰੂਰਤ ਨਹੀਂ ਹੈ।ਇਸ ਕੇਸ 'ਤੇ ਪਿੰਡ ਦੇ ਮਜ਼ਦੂਰਾਂ ਵੱਲੋਂ ਕਾਫੀ ਮਿਹਨਤ, ਸਮਾਂ ਤੇ ਪੈਸਾ ਲੱਗਿਆ ਹੈ, ਇਸ ਲਈ ਜਦੋਂ ਕਾਨੂੰਗੋ ਮਜ਼ਦੂਰਾਂ ਦੀ ਮਿਹਨਤ 'ਤੇ ਪਾਣੀ ਫੇਰਦੇ ਹੋਏ ਕਿਹਾ ਕਿ ਨਿਸ਼ਾਨਦੇਹੀ ਨਹੀਂ ਹੋ ਸਕਦੀ ਤਾਂ ਰੋਸ ਨਾਲ ਭਰੇ ਮਜ਼ਦੂਰ ਔਰਤਾਂ, ਨੌਜਵਾਨਾਂ ਤੇ ਬਜ਼ੁਰਗਾਂ ਨੇ ਬੌੜਾਂ ਗੇਟ ਨਾਭਾ ਦੇ ਚੌਰਾਹੇ 'ਤੇ ਜਾਮ ਲਗਾ ਦਿੱਤਾ ਤੇ ਮਾਲ ਮਹਿਕਮੇ ਤੇ ਹੋਰ ਸਬੰਧਤ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਨਿਸ਼ਾਨਦੇਹੀ ਕਰਾ ਕੇ ਨਜਾਇਜ਼ ਕਬਜ਼ਾ ਛੁਡਾਉਣ ਦੀ ਮੰਗ ਕੀਤੀ।ਲਗਭਗ ਡੇਢ ਘੰਟਾ ਰੋਡ ਜਾਮ ਰੱਖਣ ਤੋਂ ਬਾਅਦ ਤਹਿਸੀਲਦਾਰ ਮੈਡਮ ਖੁਸ਼ਵਿੰਦਰ ਕੌਰ ਨੇ ਇਲੈਕਸ਼ਨ ਤੋਂ ਬਾਅਦ ਪੁਲਸ ਪ੍ਰਸ਼ਾਸਨ ਦੀ ਸਹਾਇਤਾ ਲੈ ਕੇ ਨਿਸ਼ਾਨਦੇਹੀ ਕਰਵਾਉਣ ਤੇ ਨਜਾਇਜ਼ ਕਬਜ਼ਾ ਛੁਡਾਉਣ ਦਾ ਭਰੋਸਾ ਦੇਣ 'ਤੇ ਜਾਮ ਖੋਲ੍ਹਿਆ ਗਿਆ।ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਜੇਕਰ ਮੁੜ ਵਾਅਦਾ ਖਿਲਾਫੀ ਕੀਤੀ ਤਾਂ ਸਿੱਟੇ ਭੁਗਤਣ ਲਈ ਤਿਆਰ ਰਹੇ। ਮਜ਼ਦੂਰਾਂ ਵੱਲੋਂ ਅੱਜ ਤੋਂ ਹੀ ਅਗਲੇ ਸੰਘਰਸ਼ ਦੀ ਰੂਪ ਰੇਖਾ ਬਣਾ ਤਿਆਰੀ ਸ਼ੁਰੂ ਕੀਤੀ ਜਾਵੇਗੀ।

ਇਸ ਮੌਕੇ ਮੈਡਮ ਤਹਿਸੀਲਦਾਰ ਨੂੰ ਮਾਮਲੇ ਸਬੰਧੀ ਮੰਗ ਪੱਤਰ ਦਿੱਤਾ ਗਿਆ ਤੇ ਉਨ੍ਹਾਂ ਦੇ ਵਿਸ਼ਵਾਸ ਦਿਵਾਉਣ 'ਤੇ ਧਰਨੇ ਨੂੰ ਸਮਾਪਤ ਕੀਤਾ ਗਿਆ।ਇਸ ਮੌਕੇ ਹੋਰ ਆਗੂ ਮਨੀ ਮੱਲੇਵਾਲ, ਗੁਰਪ੍ਰੀਤ ਮੰਡੌਰ, ਪ੍ਰਗਟ ਸਿੰਘ ਮੰਡੌਰ, ਚਰਨਜੀਤ ਕੌਰ, ਰਾਜਵੀਰ ਸਿੰਘ, ਕਰਮਜੀਤ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

# ਦੇਸ਼ 'ਚ ਇੰਡੀਆ ਗੱਠਜੋੜ ਦੀ ਸਰਕਾਰ ਬਣੀ ਤਾਂ ਕਿਸਾਨਾਂ ਨੂੰ ਮੁੱਢਲੇ ਆਧਾਰ 'ਤੇ ਦਿਆਂਗੇ ਐੱਮ ਐੱਸ ਪੀ : ਖਹਿਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਪਿੰਡ ਛਿੰਨੀਵਾਲ, ਵਜੀਦਕੇ ਕਲਾਂ ਵਿਖੇ ਲੋਕਾਂ ਦੇ ਜੁੜੇ ਇਕੱਠਾਂ ਸਮੇਂ ਆਪਣੇ ਲਈ ਵੋਟਾਂ ਦੇ ਭਰਵੇਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਉਮੀਦਵਾਰ ਖਹਿਰਾ ਨੇ ਕਿਹਾ ਕਿ ਜੇਕਰ ਦੇਸ਼ 'ਚ ਕਾਂਗਰਸ ਤੇ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਕਿਸਾਨਾਂ ਨੂੰ ਐੱਮ ਐੱਸ ਪੀ ਤਰਜੀਹ ਦੇ ਆਧਾਰ 'ਤੇ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਦੇ ਅੰਨਦਾਤਾ ਨੂੰ ਸੜਕਾਂ 'ਤੇ ਰੁਲਣ ਲਈ ਮਜਬੂਰ ਕੀਤਾ ਹੈ।ਹੁਣ ਸਮਾਂ ਆ ਗਿਆ ਹੈ ਕਿ ਤਾਨਾਸ਼ਾਹੀ ਕੇਂਦਰ ਸਰਕਾਰ ਨੂੰ ਮੁੜ ਸੱਤਾ ਤੋਂ ਆਉਣ ਤੋਂ ਰੋਕਿਆ ਜਾਵੇ। ਭਾਜਪਾ ਨੇ ਕੇਂਦਰ ਸਰਕਾਰ ਅਧੀਨ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਹੈ ਤੇ ਦੇਸ਼ ਦੇ ਸਨਅਤਕਾਰਾਂ ਨੂੰ ਅਮੀਰ ਕਰਕੇ ਲੋਕਾਂ ਨੂੰ ਕੰਗਾਲ ਕਰ ਦਿੱਤਾ ਹੈ।ਜੇਕਰ ਦੇਸ਼ 'ਚ ਕਾਂਗਰਸ ਦੇ ਸਹਿਯੋਗ ਨਾਲ ਇੰਡੀਆ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਕਿਸਾਨਾਂ ਨੂੰ ਐੱਮ ਐੱਸ ਪੀ ਤਰਜੀਹ ਦੇ ਆਧਾਰ 'ਤੇ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਦੇਸ਼ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ ਤੇ ਸਾਡੀ ਸਰਕਾਰ ਆਉਂਦੇ ਹੀ ਭਾਰਤੀ ਫੌਜ ਵਿੱਚ ਅਗਨੀ ਵੀਰ ਦੀ ਭਰਤੀ ਬੰਦ ਕਰਕੇ ਪਹਿਲਾਂ ਵਾਂਗ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਤੇ ਫ਼ੌਜ 'ਚ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਪੈਨਸ਼ਨ ਵੀ ਬਹਾਲ ਕੀਤੀ ਜਾਵੇਗੀ।ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ 'ਆਪ' ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਹ ਅਜੇ ਤੱਕ ਪੂਰੇ ਨਹੀਂ ਹੋਏ। ਪੰਜਾਬ ਵਿੱਚ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਦਿੱਲੀ ਅੰਦੋਲਨ ਦੌਰਾਨ ਦੇਸ਼ ਦੇ ਅੰਨਦਾਤਾ ਨੂੰ ਕਈ ਮਹੀਨਿਆਂ ਤੱਕ ਸੜਕਾਂ 'ਤੇ ਰੋਲਿਆ ਤੇ ਸੈਂਕੜੇ ਕਿਸਾਨ ਆਪਣੇ ਹੱਕ ਮੰਗਦੇ ਹੋਏ ਸ਼ਹੀਦੀਆਂ ਪਾ ਗਏ।ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਖ਼ਰਾਬ ਕਰਨ ਵਾਲੀ ਮੋਦੀ ਸਰਕਾਰ ਹੁਣ ਕਿਸ ਮੂੰਹ ਨਾਲ ਵੋਟ ਮੰਗ ਰਹੀ ਹੈ। ਉਨ੍ਹਾ ਕਿਹਾ ਕਿ ਸਾਰਿਆਂ ਨੂੰ ਇਸ ਤਾਨਾਸ਼ਾਹੀ ਰਾਜ ਪ੍ਰਬੰਧ ਖ਼ਿਲਾਫ਼ ਮੁਹਿੰਮ ਚਲਾ ਕੇ ਭਾਜਪਾ ਵਿਰੁੱਧ ਫਤਵਾ ਦਿੰਦਿਆਂ ਕਿਸਾਨ ਵੀਰਾਂ ਨਾਲ ਹੋਈਆਂ ਧੱਕੇਸ਼ਾਹੀਆਂ ਦਾ ਮੂੰਹਤੋੜ ਜਵਾਬ ਦੇਣਾ ਚਾਹੀਦਾ ਹੈ।ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਸਾਬਕਾ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਸੀਨੀਅਰ ਆਗੂ ਗੁਰਮੇਲ ਸਿੰਘ ਮੌੜ, ਪੀਪੀਸੀਸੀ ਮੈਂਬਰ ਐਡਵੋਕੇਟ ਬਲਦੇਵ ਸਿੰਘ ਪੇਧਨੀ, ਕਿਸਾਨ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਮਹੰਤ ਗੁਰਮੀਤ ਸਿੰਘ ਠੀਕਰੀਵਾਲਾ, ਬਲਵੰਤ ਸ਼ਰਮਾ ਹਮੀਦੀ, ਸਾਬਕਾ ਬਲਾਕ ਸੰਮਤੀ ਮੈਂਬਰ ਜਰਨੈਲ ਸਿੰਘ ਭੋਲਾ ਠੁੱਲੀਵਾਲ ਸਾਬਕਾ ਬਲਾਕ ਪ੍ਰਧਾਨ ਜਗਰੂਪ ਸਿੰਘ, ਸਰਪੰਚ ਬਲਜਿੰਦਰ ਸਿੰਘ ਮਿਸਰ, ਸਾਬਕਾ ਸਰਪੰਚ ਸ਼ਿੰਗਾਰ ਸਿੰਘ ਵਜੀਦਕੇ, ਮਾਰਕੀਟ ਕਮੇਟੀ ਸਾਬਕਾ ਚੇਅਰਮੈਨ ਬਾਬੂ ਰੋਸ਼ਨ ਲਾਲ ਬਾਂਸਲ ਤੋਂ ਇਲਾਵਾ ਹੋਰ ਵੱਖ ਵੱਖ ਪਿੰਡਾਂ ਨਾਲ ਸੰਬੰਧਤ ਵਰਕਰ ਤੇ ਆਗੂ ਹਾਜ਼ਰ ਸਨ।

# ਅਚਾਨਕ ਲੱਗੀ ਅੱਗ ਨਾਲ ਤੂੜੀ ਦੇ ਸੱਤ ਕੁੱਪ ਸੜੇ

## ਦੋ ਘੰਟੇ ਬਾਅਦ ਦੂਸਰੇ ਜ਼ਿਲ੍ਹੇ 'ਚੋਂ ਪੁੱਜੀ ਅੱਗ ਬੁਝਾਊ ਗੱਡੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਸਧਾਰਨਪੁਰ ਵਿਖੇ ਅਚਾਨਕ ਅੱਗ ਲੱਗ ਗਈ, ਜਿਸ ਨਾਲ ਕਿਸਾਨਾਂ ਵੱਲੋਂ ਇਕੱਠੀ ਕਰ ਕੇ ਬੰਨ੍ਹੀ ਹੋਈ ਤੂੜੀ ਦੇ ਸੱਤ ਕੁੱਪ ਸੜ ਕੇ ਸੁਆਹ ਹੋ ਗਏ। ਕਿਸਾਨਾਂ ਵੱਲੋਂ ਫਾਇਰ ਵਿਭਾਗ ਨੂੰ ਸੂਚਿਤ ਕਰਨ ਦੇ ਤਕਰੀਬਨ ਦੋ ਘੰਟੇ ਬਾਅਦ ਅੱਗ ਬੁਝਾਉਣ ਵਾਲੀ ਗੱਡੀ ਪਹੁੰਚੀ, ਉਦੋਂ ਤੱਕ ਕਿਸਾਨ ਦੀ ਲੱਖਾਂ ਰੁਪਏ ਦੀ ਤੂੜੀ ਸੜ ਕੇ ਸੁਆਹ ਹੋ ਚੁੱਕੀ ਸੀ। ਸਧਾਰਨਪੁਰ ਵਾਸੀ ਅਜੈਬ ਸਿੰਘ ਮੱਲ੍ਹੀ ਨੇ ਦੱਸਿਆ ਕਿ ਭੁਪਿੰਦਰ ਸਿੰਘ, ਦਰਸ਼ਨ ਸਿੰਘ, ਗਗਨ ਸਿੰਘ ਤਿੰਨਾਂ ਭਰਾਵਾਂ ਵੱਲੋਂ ਇੱਕ ਖੇਤ ਵਿੱਚ ਲਗਭਗ ਡੇਢ ਸੌ ਟਰਾਲੀਆਂ ਤੂੜੀ ਦੀਆਂ ਇਕੱਠੀਆਂ ਕਰਕੇ ਤੂੜੀ ਦੇ ਕੁੱਪ ਬਣਵਾਏ ਹੋਏ ਸਨ, ਜਿਨ੍ਹਾਂ ਨੂੰ ਅਚਾਨਕ ਅੱਗ ਲੱਗ ਗਈ।ਪਿੰਡ ਵਾਸੀਆਂ ਤੇ ਲਾਗਲੇ ਕਿਸਾਨਾਂ ਮਜ਼ਦੂਰਾਂ ਵੱਲੋਂ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਤੂੜੀ ਦੀ ਅੱਗ ਦੇ ਸੇਕ ਅੱਗੇ ਸਭ ਯਤਨ ਫੇਲ੍ਹ ਹੋ ਗਏ।ਉਨ੍ਹਾਂ ਵੱਲੋਂ ਅੱਗ ਲੱਗਣ ਸਾਰ ਫਾਇਰ ਬ੍ਰਿਗੇਡ ਵਿਭਾਗ ਨੂੰ ਸੂਚਿਤ ਕਰ ਦਿੱਤਾ ਗਿਆ, ਪਰ ਪਾਤੜਾਂ ਵਿੱਚ ਫਾਇਰ ਬ੍ਰਿਗੇਡ ਦੀ ਕੋਈ ਗੱਡੀ ਨਾ ਹੋਣ ਕਾਰਨ ਦੂਸਰੇ ਜ਼ਿਲ੍ਹੇ ਸੰਗਰੂਰ ਦੇ ਖਨੌਰੀ ਤੋਂ ਅੱਗ ਬੁਝਾਉਣ ਵਾਲੀ ਗੱਡੀ ਪਹੁੰਚੀ, ਜਿਹੜੀ ਕਿ ਅੱਗ ਲੱਗਣ ਦੇ ਤਕਰੀਬਨ ਦੋ ਘੰਟੇ ਬਾਅਦ ਪਹੁੰਚੀ, ਪਰ ਓਨਾ ਚਿਰ ਤੱਕ ਤੂੜੀ ਦੇ ਸੱਤ ਕੁੱਪ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਸਨ, ਜਿਸ ਕਾਰਨ ਪੰਜ ਤੋਂ ਛੇ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ।

# ਟਰੱਕ ਯੂਨੀਅਨ ਦਾ ਸਾਬਕਾ ਪ੍ਰਧਾਨ 'ਆਪ' ਛੱਡ ਕਾਂਗਰਸ 'ਚ ਸ਼ਾਮਲ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਚੋਣ ਹਲਕਾ ਧੂਰੀ ਵਿੱਚ 'ਆਪ' ਨੂੰ ਉਸ ਵੇਲੇ ਝਟਕਾ ਲੱਗਿਆ, ਜਦੋਂ ਟਰੱਕ ਯੂਨੀਅਨ ਧੂਰੀ ਦੇ ਸਾਬਕਾ ਪ੍ਰਧਾਨ ਕਮਲ ਸਿੰਘ ਧੂਰਾ ਤੇ ਟਰਾਂਸਪੋਰਟ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਦੀ ਅਗਵਾਈ ਹੇਠ 'ਆਪ' ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ, ਜਿਨ੍ਹਾਂ ਦਾ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਸਵਾਗਤ ਕਰਦਿਆਂ ਜੀ ਆਇਆਂ ਕਿਹਾ।

ਇਸ ਮੌਕੇ ਸੁਖਪਾਲ ਖਹਿਰਾ ਨੇ ਕਿਹਾ ਕਿ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦਾ ਹਰ ਵਰਗ ਦੁਖੀ ਹੈ।ਉਨ੍ਹਾ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਚੋਣਾਂ ਸਮੇਂ ਕੀਤੇ ਵਾਅਦਿਆਂ 'ਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਤੇ ਪੰਜਾਬ ਦੇ ਨੌਜਵਾਨ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵੱਲ ਨੂੰ ਜਾ ਰਹੇ ਹਨ, ਜਿਸ ਦੀ ਮੁੱਖ ਜ਼ਿੰਮੇਵਾਰ ਪੰਜਾਬ ਦੀ 'ਆਪ' ਸਰਕਾਰ ਹੈ।ਉਨ੍ਹਾ ਕਿਹਾ ਕਿ ਇਨ੍ਹਾਂ ਲੋਕ ਸਭਾ ਚੋਣਾਂ 'ਚ ਲੋਕ ਸਭਾ ਹਲਕਾ ਸੰਗਰੂਰ ਦੇ ਲੋਕ ਆਮ ਆਦਮੀ ਪਾਰਟੀ ਤੇ ਹੋਰਨਾਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਨਕਾਰਦੇ ਹੋਏ ਕਾਂਗਰਸ ਦੇ ਹੱਕ ਵਿੱਚ ਰਿਕਾਰਡ ਤੋੜ ਵੋਟਾਂ ਪਾਉਣਗੇ।

# ਸਫਲਤਾ ਦੀ ਪ੍ਰਾਪਤੀ ਲਈ ਗਿਆਨ ਦੀ ਜ਼ਰੂਰਤ ਹੁੰਦੀ ਹੈ : ਸ਼ਿਸ਼ ਸਾਧਵੀ



**ਜਲਾਲਾਬਾਦ (ਜੀਤ ਕੁਮਾਰ)**-ਦਿਵਯ ਜਯੋਤੀ ਜਾਗਰਤੀ ਸੰਸਥਾਨ ਦੇ ਜਲਾਲਾਬਾਦ ਆਸ਼ਰਮ ਵਿੱਚ ਸਪਤਾਹਿਕ ਸਤਿਸੰਗ ਕੀਤਾ ਗਿਆ, ਜਿਸ ਵਿੱਚ ਆਈ ਹੋਈ ਸੰਗਤ ਨੂੰ ਸਰਵਸ਼੍ਰੀ ਆਸ਼ੁਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਨੇ ਦੱਸਿਆ ਕਿ ਜੀਵਨ ਵਿੱਚ ਸਫਲ ਹੋਣ ਲਈ ਮਨੁੱਖ ਆਪਣਾ ਮਾਰਗ ਦਰਸ਼ਨ ਆਪ ਕਰਦਾ ਹੈ। ਸਫਲਤਾ ਦੀ ਪ੍ਰਾਪਤੀ ਲਈ ਗਿਆਨ ਦੀ ਜ਼ਰੂਰਤ ਹੁੰਦੀ ਹੈ, ਗਿਆਨ ਪ੍ਰਾਪਤੀ ਦਾ ਇੱਕ ਪ੍ਰਮੁੱਖ ਮਾਰਗ ਅਨੁਭਵ ਹੁੰਦਾ ਹੈ, ਜਿਸ ਦੁਆਰਾ ਅਸੀਂ ਅਪਣੇ ਜੀਵਨ ਦੀ ਕਿਸ਼ਤੀ ਪਾਰ ਲਗਾਉਂਦੇ ਹਾਂ। ਅਸਲ ਵਿੱਚ ਅਨੁਭਵ ਉਹ ਸਿੱਖਿਆ ਹੈ, ਜੋ ਹਰ ਵਿਅਕਤੀ ਆਪਣੀਆਂ ਭੁੱਲਾਂ ਤੋਂ ਪ੍ਰਾਪਤ ਕਰਦਾ ਹੈ। ਅਸੀਂ ਸਾਰੇ ਆਪਣੇ ਜੀਵਨ ਵਿੱਚ ਔਖੀ ਪ੍ਰੀਖਿਆ ਵਿੱਚੋਂ ਗੁਜ਼ਰਦੇ ਰਹਿੰਦੇ ਹਾਂ ਕਈ ਵਾਰ ਗਲਤੀਆਂ ਹੁੰਦੀਆਂ ਹਨ ਤੇ ਅਕਸਰ ਅਸੀਂ ਫੇਲ੍ਹ ਹੋ ਜਾਂਦੇ ਹਾਂ। ਅਸੀਂ ਆਪਣੇ ਜੀਵਨ ਵਿੱਚ ਕੁਝ ਅਜਿਹੀਆਂ ਗ਼ਲਤੀਆਂ ਕਰਦੇ ਹਾਂ ਜੋ ਸਾਨੂੰ ਲੰਬੇ ਸਮੇਂ ਦਾ ਅਨੁਭਵ ਦਿੰਦੀਆਂ ਹਨ, ਪਰ ਆਉਣ ਵਾਲੇ ਜੀਵਨ ਵਿੱਚ ਚੰਗੀਆਂ ਯਾਦਾਂ ਨੂੰ ਮਧੁਰ ਬਣਾਉਣ ਦਾ ਅਧਾਰ ਬਣਦੀਆਂ ਹਨ। ਅਸਲ ਵਿੱਚ ਉਨ੍ਹਾਂ ਤੋਂ ਪ੍ਰਾਪਤ ਅਨੁਭਵ ਦੇ ਆਧਾਰ 'ਤੇ ਅਸੀਂ ਗਲਤੀਆਂ ਤੋਂ ਬਚਦੇ ਹਾਂ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਗਲਤੀ ਕਰਨਾ ਮੂਰਖਤਾ ਨਹੀਂ, ਬਲਕਿ ਗਲਤੀ ਨੂੰ ਦੁਹਰਾਉਣਾ ਵੱਡੀ ਮੂਰਖਤਾ ਹੈ। ਅਨੁਭਵ ਹੀ ਅਜਿਹੀ ਗਲਤੀਆਂ ਤੋਂ ਬਚਾਉਣ ਲਈ ਸਹਾਇਕ ਸਿੱਧ ਹੁੰਦਾ ਹੈ। ਉਨ੍ਹਾਂ ਕਿਹਾ ਕਿ ਗਲਤੀ ਕਰਕੇ ਹੀ ਸਿੱਖਿਆ ਜਾਂਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਜੀਵਨ ਭਰ ਗਲਤੀਆਂ ਹੀ ਕਰਦੇ ਰਹੋ। ਅਤੀਤ ਤੋਂ ਸਬਕ ਲੈ ਕੇ ਉਸ ਵਿੱਚ ਸੁਧਾਰ ਕੀਤਾ ਜਾਏ ਤੇ ਜੀਵਨ ਵਿੱਚ ਅੱਗੇ ਵਧਿਆ ਜਾਏ। ਅੰਤ ਵਿੱਚ ਸਾਧਵੀ ਭਾਰਤੀ ਨੇ ਮਧੁਰ ਭਜਨ ਕੀਰਤਨ ਦਾ ਗਿਆਨ ਕੀਤਾ ਤੇ ਆਈ ਹੋਈ ਸੰਗਤ ਨੂੰ ਪ੍ਰਸ਼ਾਦ ਵੰਡਿਆ ਗਿਆ।

# ਪਿੰਡਾਂ ਦਾ ਚੌਤਰਫਾ ਵਿਕਾਸ ਕਰਵਾ ਕੇ ਨੁਹਾਰ ਬਦਲੀ ਜਾਵੇਗੀ : ਰਵਨੀਤ ਬਿੱਟੂ

## ਵੱਖ-ਵੱਖ ਪਿੰਡਾਂ 'ਚ ਰੋਡ ਸ਼ੋਅ ਕੱਢ ਕੇ ਚੋਣ ਮੁਹਿੰਮ ਭਖਾਈ



**ਜਗਰਾਉਂ (ਅਮਿਤ ਖੰਨਾ)**-ਲੋਕ ਚੋਣਾਂ ਦੇ ਆਖਰੀ ਹਫਤੇ 'ਚ ਲੁਧਿਆਣਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਪ੍ਰਚਾਰ 'ਚ ਤੇਜ਼ੀ ਲਿਆਉਂਦੇ ਹੋਏ ਵਿਧਾਨ ਸਭਾ ਹਲਕਾ ਜਗਰਾਉਂ ਦੇ ਵੱਖ-ਵੱਖ ਪਿੰਡਾਂ 'ਚ ਰੋਡ ਸ਼ੋਅ ਕੱਢ ਕੇ ਚੋਣ ਮੁਹਿੰਮ ਨੂੰ ਭਖਾਇਆ, ਜਿੱਥੇ ਵੱਖ-ਵੱਖ ਪਿੰਡਾਂ ਰਾਮਗੜ੍ਹ ਭੁੱਲਰ, ਤੱਪੜ, ਸ਼ੇਰਪੁਰ ਕਲਾਂ, ਗਾਲਿਬ ਕਲਾਂ, ਪਿੰਡ ਲੀਲਾ ਮੇਘ ਸਿੰਘ, ਕਾਉਂਕੇ ਕਲਾਂ ਵਾਰਡ ਨੰਬਰ-2 ਵਿਖੇ ਰਵਨੀਤ ਬਿੱਟੂ ਦਾ ਭਰਵਾਂ ਸਵਾਗਤ ਕੀਤਾ ਗਿਆ, ਜਿੱਥੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ 'ਚ ਲੋਕ ਭਾਜਪਾ 'ਚ ਸ਼ਾਮਲ ਹੋਏ। ਰਵਨੀਤ ਬਿੱਟੂ ਨੇ ਇਸ ਮੌਕੇ ਸ੍ਰੀ ਕ੍ਰਿਸ਼ਨਾ ਗਊਸ਼ਾਲਾ 'ਚ ਮੱਥਾ ਟੇਕਿਆ। ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ, ਕੈਪਟਨ ਕੁਲਦੀਪ ਸਿੰਘ, ਗੁਰਦਿਆਲ ਸਿੰਘ ਮੰਡਲ ਪ੍ਰਧਾਨ, ਮਹਿਲਾ ਪ੍ਰਧਾਬ ਗੁਰਜੀਤ ਕੌਰ, ਰਾਜੇਸ ਲੂੰਬਾ ਆਦਿ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਰਵਨੀਤ ਬਿੱਟੂ ਨੇ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਹਮੇਸ਼ਾ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਦਿੱਤਾ ਅਤੇ ਅੱਜ ਵੀ ਉਹ ਪਿਆਰ ਪਹਿਲਾਂ ਦੀ ਤਰ੍ਹਾਂ ਬਰਕਰਾਰ ਹੈ। ਉਨ੍ਹਾ ਕਿਹਾ ਕਿ ਉਹ ਲੁਧਿਆਣਾ ਵਾਸੀਆਂ ਦੇ ਸਹਿਯੋਗ ਨਾਲ 10 ਸਾਲ ਸਾਂਸਦ ਰਹੇ ਹਨ, ਪਰ ਕਾਂਗਰਸ ਪਾਰਟੀ ਦੇ ਨਾ-ਪੱਖੀ ਰਵੱਈਏ ਨੇ ਸੰਸਦ 'ਚ ਸਿਵਾਏ ਨਾਅਰੇਬਾਜ਼ੀ ਤੋਂ ਕੁਝ ਨਹੀਂ ਹੋਣ ਦਿੱਤਾ। ਉਨ੍ਹਾ ਕਿਹਾ ਕਿ ਮੇਰਾ ਸੁਪਨਾ ਹੈ ਕਿ ਲੁਧਿਆਣਾ 'ਚ ਏਮਜ਼, ਪੀਜੀਆਈ ਵਰਗਾ ਹਸਪਤਾਲ ਹੋਵੇ, ਵਧੀਆ ਸਿੱਖਿਆ ਸੰਸਥਾਨ, ਰੋਜ਼ਗਾਰ ਦੇ ਸਾਧਨ ਤੇ ਪਿੰਡਾਂ ਦਾ ਵਿਕਾਸ ਕਰਵਾਇਆ ਜਾਵੇ। ਰਵਨੀਤ ਬਿੱਟੂ ਨੇ ਕਿਹਾ ਕਿ ਤੁਸੀਂ ਸਾਰਿਆਂ ਨੂੰ ਮੌਕਾ ਦੇ ਕੇ ਦੇਖ ਲਿਆ, ਇੱਕ ਮੌਕਾ ਭਾਜਪਾ ਨੂੰ ਵੀ ਦਿਓ, ਫਿਰ ਦੇਖਿਓ ਕਿਵੇਂ ਲੁਧਿਆਣਾ ਦੇ ਪਿੰਡਾਂ ਚੌਤਰਫਾ ਵਿਕਾਸ ਕਰਵਾ ਕੇ ਨੁਹਾਰ ਬਦਲੀ ਜਾਵੇਗੀ।

# ਡੀ ਬੀ ਯੂ ਦੇ ਸਕੂਲ ਆਫ਼ ਫਾਰਮੇਸੀ ਵੱਲੋਂ ਫਾਰਮਾਸਿਊਟੀਕਲ ਕੰਪਨੀ ਦਾ ਦੌਰਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਫਾਰਮੇਸੀ ਵੱਲੋਂ ਨਾਭਾ ਵਿੱਚ ਸਥਿਤ ਇੱਕ ਪ੍ਰਮੁੱਖ ਫਾਰਮਾਸਿਊਟੀਕਲ ਕੰਪਨੀ ਤਨਪਾਲ ਫਾਰਮਾਸਿਊਟੀਕਲਜ਼ ਦਾ ਇੱਕ ਗਿਆਨ ਭਰਪੂਰ ਉਦਯੋਗਿਕ ਦੌਰਾ ਕੀਤਾ ਗਿਆ।ਇਸ ਦੌਰੇ ਦਾ ਸੰਚਾਲਨ ਫੈਕਲਟੀ ਦੇ ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਨੇ ਕੀਤਾ ਅਤੇ ਉਨ੍ਹਾਂ ਦੇ ਨਾਲ ਐਸੋਸੀਏਟ ਪ੍ਰੋ. ਡਾ. ਦਿਨੇਸ਼ ਕੁਮਾਰ, ਸਹਾਇਕ ਪ੍ਰੋ. ਵਿਸ਼ਾਲ ਤੇ ਕੀਰਤੀ ਸਮੇਤ ਯੂਨੀਵਰਸਿਟੀ ਦੇ ਫੈਕਲਟੀ ਦੇ ਮੈਂਬਰ ਸਨ।ਇਸ ਉਦਯੋਗਿਕ ਦੌਰੇ ਦਾ ਉਦੇਸ਼ ਵਿਦਿਆਰਥੀਆਂ ਦੇ ਨੈੱਟਵਰਕਿੰਗ ਤੇ ਭਵਿੱਖ ਦੇ ਕੈਰੀਅਰ ਦੀ ਤਰੱਕੀ ਲਈ ਗਿਆਨ ਨੂੰ ਵਧਾਉਣਾ, ਉਨ੍ਹਾਂ ਨੂੰ ਅਸਲ-ਸੰਸਾਰ ਦੇ ਉਦਯੋਗਿਕ ਵਾਤਾਵਰਨਾਂ ਨਾਲ ਜਾਣੂ ਕਰਵਾਉਣਾ, ਉਦਯੋਗ ਤੇ ਅਕਾਦਮਿਕ ਵਿਚਕਾਰ ਸਬੰਧਾਂ ਨੂੰ ਵਧਾਉਣਾ, ਉਦਯੋਗ ਵਿੱਚ ਸਿਹਤ, ਸੁਰੱਖਿਆ ਤੇ ਵਾਤਾਵਰਣ ਦੇ ਪਹਿਲੂਆਂ ਦੀ ਸਮਝ ਨੂੰ ਉਤਸ਼ਾਹਤ ਕਰਨਾ ਸੀ।ਇਸ ਮੌਕੇ ਬੀ. ਫਾਰਮੇਸੀ ਦੇ ਆਖਰੀ ਸਾਲ ਦੇ 50 ਵਿਦਿਆਰਥੀਆਂ ਤੇ ਤਿੰਨ ਫੈਕਲਟੀ ਮੈਂਬਰਾਂ ਨੂੰ ਟੈਬਲੈੱਟ ਤੇ ਕੈਪਸੂਲ ਖੁਰਾਕ ਫਾਰਮਾਂ ਦੇ ਨਿਰਮਾਣ ਲਈ ਮਸ਼ਹੂਰ ਤਨਪਾਲ ਫਾਰਮਾਸਿਊਟੀਕਲਜ਼ ਦੀਆਂ ਸਹੂਲਤਾਂ ਦੀ ਪੜਚੋਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਦੌਰੇ ਦੌਰਾਨ ਵਿਦਿਆਰਥੀਆਂ ਨੂੰ ਕੰਪਨੀ ਦੇ ਵਿਭਿੰਨ ਫਾਰਮਾਸਿਊਟੀਕਲ ਪੋਰਟਫੋਲੀਓ ਨੂੰ ਦਰਸਾਉਂਦੇ ਹੋਏ, ਤਨਪਾਲ ਫਾਰਮਾਸਿਊਟੀਕਲਜ਼ ਦੁਆਰਾ ਨਿਰਮਿਤ ਵੱਖ-ਵੱਖ ਉਤਪਾਦਾਂ ਨਾਲ ਜਾਣੂ ਕਰਵਾਇਆ ਗਿਆ।ਇਸ ਦੌਰੇ ਵਿੱਚ ਫਾਰਮਾਸਿਊਟੀਕਲ ਪਲਾਂਟ ਦੇ ਅੰਦਰ ਜ਼ਰੂਰੀ ਖੇਤਰਾਂ ਜਿਵੇਂ ਕਿ ਵੇਅਰਹਾਊਸ, ਕਿਊ ਸੀ ਡਿਪਾਰਟਮੈਂਟ, ਟੈਬਲੇਟ ਪੰਚਿੰਗ ਮਸ਼ੀਨ, ਟੈਬਲਿਟ ਗ੍ਰੈਨੂਲੇਸ਼ਨ ਮਸ਼ੀਨ, ਸਟ੍ਰਿਪ ਪੈਕੇਜਿੰਗ ਮਸ਼ੀਨ, ਬਲਿਸਟ ਪੈਕੇਜਿੰਗ ਮਸ਼ੀਨ, ਡਿਸਸੋਲਿਊਸ਼ਨ ਉਪਕਰਨ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੇ ਕੱਚੇ ਮਾਲ ਦੇ ਇਕਸਾਰ ਤੇ ਕੁਸ਼ਲ ਮਿਸ਼ਰਣ ਨੂੰ ਯਕੀਨੀ ਬਣਾਉਣ ਲਈ ਗ੍ਰੇਨੂਲੇਸ਼ਨ ਪ੍ਰਕਿਰਿਆ ਨੂੰ ਦੇਖਿਆ।ਉਨ੍ਹਾਂ ਨੂੰ ਗੋਲੀਆਂ, ਕੈਪਸੂਲ ਤੇ ਹੋਰ ਫਾਰਮਾਸਿਊਟੀਕਲ ਉਤਪਾਦਾਂ ਲਈ ਵਰਤੀ ਜਾਣ ਵਾਲੀ ਉੱਨਤ ਪੈਕੇਜਿੰਗ ਤਕਨਾਲੋਜੀ ਤੋਂ ਵੀ ਜਾਣੂ ਕਰਵਾਇਆ ਗਿਆ।

# ਭਾਰਤ ਵਿਕਾਸ ਪ੍ਰੀਸ਼ਦ ਪਰਵਾਰ ਮਿਲਨ ਸਮਾਰੋਹ



ਪਰਿਵਾਰ ਮਿਲਨ ਸਮਾਰੋਹ 'ਚ ਭਾਰਤ ਮਾਤਾ ਦੀ ਵੰਦਨਾ ਕਰਦੇ ਪ੍ਰੀਸ਼ਦ।

**ਬੁਢਲਾਡਾ (ਅਸ਼ੋਕ ਲਾਕੜਾ)**-ਮਾਨਵਤਾ ਦੀ ਸੇਵਾ ਨੂੰ ਸਮਰਪਤ ਭਾਰਤ ਵਿਕਾਸ ਪ੍ਰੀਸ਼ਦ ਲੰਬੇ ਸਮੇਂ ਤੋਂ ਸੇਵਾ ਕਰਦੀ ਆ ਰਹੀ ਹੈ।ਸਥਾਨਕ ਸ਼ਹਿਰ ਵਿੱਚ ਪ੍ਰੀਸ਼ਦ ਵੱਲੋਂ ਪਰਿਵਾਰ ਮਿਲਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਵਿਚਾਰ ਚਰਚਾ ਕੀਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਚੰਡ ਦੀ ਰਸਮ ਸੀਨੀਅਰ ਅਹੁਦੇਦਾਰਾਂ ਵੱਲੋਂ ਕੀਤੀ ਗਈ ਤੇ ਵੰਦੇ ਮਾਤਰਮ ਦੀ ਰਸਮ ਅਦਾ ਕਰਨ ਤੋਂ ਬਾਅਦ ਪ੍ਰਧਾਨ ਅਮਿਤ ਜਿੰਦਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਪਰਿਵਾਰਾਂ ਨੂੰ ਆਪਣੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਰੱਖਿਆ ਜਾਂਦਾ ਹੈ, ਜਿਸ ਵਿੱਚ ਪਰਿਵਾਰਾਂ ਦੀ ਆਪਸੀ ਜਾਣ ਪਛਾਣ ਵੱਧਦੀ ਹੈ।ਪ੍ਰੀਸ਼ਦ ਦਾ ਮੁੱਖ ਉਦੇਸ਼ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਹੈ। ਮਹਿਲਾ ਪ੍ਰਮੁੱਖ ਸੰਗੀਤਾ ਤਨੇਜਾ ਦੀ ਅਗਵਾਈ ਹੇਠ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਬੱਚਿਆਂ, ਮਹਿਲਾਵਾਂ ਤੇ ਪੁਰਸ਼ਾਂ ਦੀਆਂ ਖੇਡਾਂ ਦਾ ਆਯੋਜਨ ਕੀਤਾ ਗਿਆ।ਲੱਕੀ ਡਰਾਅ ਰਾਹੀਂ ਲੱਕੀ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ।ਦੀਪਕ ਕੁਮਾਰ ਨੇ ਆਮ ਗਿਆਨ ਦੇ ਪ੍ਰਸ਼ਨ ਪੁੱਛੇ ਤੇ ਸਹੀ ਜਵਾਬ ਦੇਣ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ।ਮੰਚ ਸੰਚਾਲਨ ਬਿਮਲ ਜੈਨ ਨੇ ਸ਼ਾਨਦਾਰ ਢੰਗ ਨਾਲ ਕੀਤਾ। ਕ੍ਰਿਸ਼ਨ ਕੁਮਾਰ ਬੱਬੂ ਵੱਲੋਂ ਧਾਰਮਿਕ ਗੀਤ ਗਾਇਆ ਗਿਆ।ਸਟੇਟ ਮੈਂਬਰ ਰਾਜ ਮਿੱਤਲ (ਸੀ ਏ) ਨੇ ਤੰਬੋਲਾ ਖੇਡ ਦੀ ਮੇਜ਼ਬਾਨੀ ਕੀਤੀ ਤੇ ਜੇਤੂਆਂ ਨੂੰ ਇਨਾਮ ਦਿੱਤੇ।ਇਸ ਮੌਕੇ ਕੈਸ਼ੀਅਰ ਸਤੀਸ਼ ਕੁਮਾਰ, ਸੀਨੀਅਰ ਵਾਇਸ ਪ੍ਰਧਾਨ ਬੌਬੀ ਬਾਂਸਲ, ਜ਼ਿਲ੍ਹਾ ਕੋਆਰਡੀਨੇਟਰ ਰਾਜ ਕਾਸਲ, ਸੀਨੀਅਰ ਮੈਂਬਰ ਸ਼ਿਵ ਕਾਸਲ, ਜਸਵੰਤ ਰਾਏ, ਦੇਸ ਰਾਜ ਬਾਂਸਲ, ਅਸ਼ੋਕ ਤਨੇਜਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਹੁਦੇਦਾਰਾਂ ਤੇ ਮੈਂਬਰਾਂ ਨੇ ਪਰਿਵਾਰ ਸਮੇਤ ਭਾਗ ਲਿਆ।

# ਭਾਜਪਾ ਕਿਸਾਨ ਵਿੰਗ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੁੱਖਾ ਧਾਲੀਵਾਲ ਕਾਂਗਰਸ 'ਚ ਸ਼ਾਮਲ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ (ਕਿਸਾਨ ਵਿੰਗ) ਮਾਲੇਰਕੋਟਲਾ ਸੁਖਬੀਰ ਸਿੰਘ (ਸੁੱਖਾ ਧਾਲੀਵਾਲ) ਦਸੌਂਧਾ ਸਿੰਘ ਵਾਲਾ ਨੇ ਆਪਣੇ ਸਾਥੀਆਂ ਸਮੇਤ ਭਾਜਪਾ ਦੇ ਫੁੱਲ ਨੂੰ ਛੱਡ ਕਾਂਗਰਸ ਦਾ ਹੱਥ ਫੜ ਕੇ ਘਰ ਵਾਪਸੀ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਸੁਖਪਾਲ ਖਹਿਰਾ ਨੇ ਕਿਹਾ ਕਿ ਸੁੱਖਾ ਧਾਲੀਵਾਲ ਦਾ ਕਾਂਗਰਸ ਪਾਰਟੀ ਨਾਲ ਜੁੜਨ ਨਾਲ ਚੋਣ ਮੁਹਿੰਮ ਨੂੰ ਵੱਡਾ ਹੁਲਾਰਾ ਮਿਲੇਗਾ।ਸੁਖਪਾਲ ਖਹਿਰਾ ਨੇ ਕਿਹਾ ਕਿ ਆਪ ਦਾ 13-0 ਦਾ ਫਲਸਫਾ ਜ਼ੀਰੋ ਸਾਬਿਤ ਹੋਵੇਗਾ, ਕਿਉਂਕਿ ਪੰਜਾਬ ਦੇ ਲੋਕਾਂ ਦਾ ਕਾਂਗਰਸ ਪਾਰਟੀ 'ਤੇ ਭਰੋਸਾ ਹੈ ਤੇ ਕਾਂਗਰਸ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ। ਉਨ੍ਹਾ ਕਿਹਾ ਕਿ ਦੇਸ਼ ਦੀ ਜਨਤਾ ਭਾਜਪਾ ਨੂੰ ਵੀ ਅਜਮਾ ਚੁੱਕੀ ਹੈ, ਜਿਸ ਨੇ ਮਹਿੰਗਾਈ ਤੋਂ ਸਿਵਾਏ ਕੁਝ ਨਹੀਂ ਕੀਤਾ ਤੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦਿੱਤਾ।ਵਰਣਨਯੋਗ ਹੈ ਕਿ ਧਾਲੀਵਾਲ ਕਿਸੇ ਜਾਣ ਪਹਿਚਾਣ ਦੇ ਮੁਥਾਜ਼ ਨਹੀਂ ਹਨ, ਸੁੱਖਾ ਧਾਲੀਵਾਲ ਪਿਛਲੇ ਕੁਝ ਸਮੇਂ ਤੋਂ ਹਲਕੇ ਅੰਦਰ ਲੋਕਾਂ ਦੇ ਦੁੱਖ ਸੁੱਖ 'ਚ ਬੀ ਜੇ ਪੀ ਦੇ ਆਗੂ ਵਜੋਂ ਸ਼ਰੀਕ ਹੋ ਕੇ ਰਹੇ ਸਨ।ਸਾਬਕਾ ਕੈਬਨਿਟ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਦੇ ਅਤੀ ਨਜ਼ਦੀਕੀ ਸਾਥੀਆਂ ਵਿੱਚੋਂ ਇੱਕ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਸੁੱਖਾ ਧਾਲੀਵਾਲ ਟਰੱਕ ਯੂਨੀਅਨ ਸੰਦੌੜ ਦੇ ਪ੍ਰਧਾਨ ਵੀ ਰਹੇ ਹਨ।ਇਨ੍ਹਾਂ ਦੇ ਮਾਤਾ ਮਹਿੰਦਰ ਕੌਰ ਧਾਲੀਵਾਲ ਮੈਂਬਰ ਬਲਾਕ ਸੰਮਤੀ ਹਨ।ਸੁੱਖਾ ਧਾਲੀਵਾਲ ਨੇ ਅੱਜ ਘਰ ਵਾਪਸੀ ਉਪਰੰਤ ਕਿਹਾ ਕਿ ਉਹ ਸ੍ਰ. ਖਹਿਰਾ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦੇਣਗੇ।ਇਸ ਮੌਕੇ ਵੱਡੀ ਗਿਣਤੀ 'ਚ ਵਰਕਰ ਤੇ ਆਗੂ ਹਾਜ਼ਰ ਸਨ।

# ਚੇਅਰਮੈਨ ਅਮਰਜੀਤ ਤੇ ਗੋਇਲ ਨੇ ਰਾਜਵਿੰਦਰ ਦੇ ਚੋਣ ਪ੍ਰਚਾਰ ਦੀ ਕਮਾਂਡ ਸੰਭਾਲੀ

## ਡੋਰ-ਟੂ-ਡੋਰ ਟੀਮ ਨਾਲ ਸ਼ਹਿਰ ਦੇ ਵਾਰਡਾਂ ਅੰਦਰ ਕਰ ਰਹੇ ਹਨ ਪ੍ਰਚਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਗੋਇਲ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਡੋਰ ਟੂ ਡੋਰ ਸ਼ਹਿਰ ਅੰਦਰ ਵੱਖ-ਵੱਖ ਵਾਰਡਾਂ ਵਿੱਚ ਆਪਣੀ ਟੀਮ ਦੇ ਨਾਲ ਘਰ ਘਰ ਦਸਤਕ ਕੇ ਰਾਜਵਿੰਦਰ ਸਿੰਘ ਧਰਮਕੋਟ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕਰ ਰਹੇ ਹਨ।

ਚੋਣ ਪ੍ਰਚਾਰ ਦੌਰਾਨ ਅਮਰਜੀਤ ਸਿੰਘ ਚੇਅਰਮੈਨ ਤੇ ਪਵਨ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਾਰ ਫਰੀਦਕੋਟ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਪਹਿਲਾਂ ਪੰਜਾਬ ਵਿੱਚ ਪੰਜ ਸਾਲ ਕਾਂਗਰਸ ਦੀ ਸਰਕਾਰ ਰਹਿਣ ਸਮੇਂ ਪੰਜਾਬ ਦਾ ਬੇੜਾ ਗਰਕ ਕਰੀ ਰੱਖਿਆ ਤੇ ਹੁਣ ਬਦਲਾਅ ਵਜੋਂ ਸੂਬੇ ਵਿੱਚ ਆਈ ਆਪ ਸਰਕਾਰ ਤੋਂ ਵੀ ਪੰਜਾਬ ਦੇ ਲੋਕਾਂ ਦਾ ਆਪ ਸਰਕਾਰ ਦੀ ਦੋ ਸਾਲ ਦੀ ਕਾਰਗੁਜ਼ਾਰੀ ਤੋਂ ਮੋਹ ਭੰਗ ਹੋ ਗਿਆ ਹੈ।ਇਸ ਲਈ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਾਸੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਨੂੰ ਆਪਣਾ ਫਤਵਾ ਦੇਣ ਲਈ ਤਿਆਰ ਬੈਠੇ ਹਨ ਤੇ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਵੱਡੀ ਲੀਡ ਪ੍ਰਾਪਤ ਕਰਦੀ ਹੋਈ ਸੂਬੇ ਦੀ ਸਭ ਤੋਂ ਵੱਡੀ ਪਾਰਟੀ ਵੱਜੋਂ ਉੱਭਰ ਕੇ ਸਾਹਮਣੇ ਆਵੇਗੀ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਮਿਲ ਰਹੇ ਸਮਰਥਨ ਤੋਂ ਇਹ ਸਾਬਿਤ ਹੁੰਦਾ ਹੈ ਕਿ ਇਸ ਵਾਰ ਫਰੀਦਕੋਟ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਖਾਤੇ ਵਿੱਚ ਜਾਣੀ ਤੈਅ ਹੈ।ਅੰਤ ਵਿੱਚ ਉਨ੍ਹਾਂ ਫਰੀਦਕੋਟ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀ 1 ਜੂਨ ਨੂੰ ਆਪਣੀ ਇੱਕ ਇੱਕ ਕੀਮਤੀ ਵੋਟ ਪੜ੍ਹੇ ਲਿਖੇ ਤੇ ਸੂਝਵਾਨ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੂੰ ਪਾ ਕੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ। ਇਸ ਮੌਕੇ ਪ੍ਰਧਾਨ ਰਾਮ ਬਾਂਸਲ, ਬਿੱਟਾ ਜਿੰਦਲ, ਜੁਗਨੂੰ ਜਿੰਦਲ, ਰੋਸ਼ੀ ਅਰੋੜਾ, ਰਾਕੇਸ਼ ਕੁਮਾਰ, ਸਚਿਨ ਸਿੰਗਲਾ, ਰੋਬੀ ਅਰੋੜਾ, ਚੀਨੂੰ, ਗੁਰਪ੍ਰੀਤ ਸਿੰਘ ਟੈਫੀ, ਸਾਗਰ, ਗੁਰਲਾਲ ਸਿੰਘ ਡੋਗਰ ਧੋਬੀ, ਪਰੀ ਲੂਥਰਾ, ਨਵੀਨ ਸਿੰਗਲਾ, ਸੁਰਿੰਦਰ ਬਾਸਲ ਤੇ ਉਨ੍ਹਾਂ ਨਾਲ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।


Shreyans GROUP

**ਆਦੀਨਾਥ ਟੈਕਸਟਾਈਲਜ਼ ਲਿਮਿਟੇਡ**

ਰਜਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123
Ph. 9876100948, Email: atl@shreyansgroup.com
Website: www.adinathtextiles.com CIN - L17115PB1979PLC003910

31 ਮਾਰਚ, 2024 ਨੂੰ ਖਤਮ ਹੋਏ ਤਿਮਾਹੀ / ਸਾਲ ਦੇ ਪੜਤਾਲੇ ਵਿਤੀ ਨਤੀਜਿਆਂ ਦਾ ਵੇਰਵਾ
(ਰੁਪਏ ਲੱਖਾਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

| ਵੇਰਵਾ | ਤਿਮਾਹੀ ਖਤਮ 31.03.2024 (ਪੜਤਾਲੇ) | ਤਿਮਾਹੀ ਖਤਮ 31.03.2023 (ਪੜਤਾਲੇ) | ਸਾਲ ਖਤਮ 31.03.2024 (ਪੜਤਾਲੇ) |
|---|---|---|---|
| ਕੁੱਲ ਆਮਦਨ | 54.94 | 51.87 | 189.42 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | 21.96 | 17.70 | 63.43 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 21.96 | 17.70 | 63.43 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 14.65 | 27.04 | 47.63 |
| ਕੁੱਲ ਕੰਪ੍ਰੀਹੈਂਸਿਵ ਆਮਦਨ | 14.43 | 27.15 | 47.41 |
| ਇਕੁਇਟੀ ਸ਼ੇਅਰ ਪੂੰਜੀ (ਪ੍ਰਤੀ ਸ਼ੇਅਰ ਦੀ ਔਸਤ ਕੀਮਤ ₹10/-) | 681.44 | 681.44 | 681.44 |
| ਹੋਰ ਇਕੁਇਟੀ | - | - | (410.48) |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (₹10/- ਪ੍ਰਤੀ ਸ਼ੇਅਰ) ਮੁਢਲੀ ਤੇ ਡੀਲੂਟਡ | 0.21 | 0.40 | 0.70 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੈਟ ਸਟਾਕ ਐਕਸਚੈਂਜ ਦੀ ਵੈਬਸਾਈਟ www.bseindia.com ਅਤੇ ਕੰਪਨੀ ਦੀ ਵੈਬਸਾਈਟ www.adinathtextiles.com ਤੇ ਉਪਲਬੱਧ ਹੈ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਰਜ਼ਨੀਸ਼ ਔਸਵਾਲ
ਚੇਅਰਮੈਨ ਅਤੇ ਮੈਨੇਜਿੰਗ ਡਾਈਰੇਕਟਰ
DIN-00002668

ਮਿਤੀ : 28-05-2024
ਸਥਾਨ : ਲੁਧਿਆਣਾ

# ਮਲਵਿੰਦਰ ਸਿੰਘ ਕੰਗ ਦੇ ਹੱਕ 'ਚ ਬਰਨਾਲਾ ਕਲਾਂ ਤੋਂ ਮਿਲਿਆ ਵੱਡਾ ਹੁੰਗਾਰਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੇ ਹੱਕ 'ਚ ਪਿੰਡ ਬਰਨਾਲਾ ਕਲਾਂ ਵਿਖੇ ਚੋਣ ਪ੍ਰਚਾਰ ਕੀਤਾ ਗਿਆ। ਹਾਲ ਹੀ ਵਿੱਚ ਸ਼ਾਮਲ ਹੋਏ ਪਿੰਡ ਬਰਨਾਲਾ ਕਲਾਂ ਦੇ ਸਾਬਕਾ ਸਰਪੰਚ ਹਰਪ੍ਰਭਮਹਿਲ ਸਿੰਘ ਨੇ ਦੱਸਿਆ ਕਿ ਮਲਵਿੰਦਰ ਸਿੰਘ ਕੰਗ ਦੀ ਉਮੀਦਵਾਰ ਨੂੰ ਲੈ ਕੇ ਪਿੰਡ ਵਿੱਚ ਇੱਕ ਵੱਡਾ ਇਕੱਠ ਕਰਕੇ ਉਹਨਾਂ ਦੀ ਦਾਵੇਦਾਰੀ ਲਈ ਚੋਣ ਪ੍ਰਚਾਰ ਕੀਤਾ ਗਿਆ।ਹਰਪ੍ਰਮਹਿਲ ਸਿੰਘ ਨੇ ਦੱਸਿਆ ਕਿ ਮਲਵਿੰਦਰ ਸਿੰਘ ਕੰਗ ਵੱਡੇ ਫਰਕ ਨਾਲ ਜਿੱਤ ਕੇ ਸੰਸਦ ਵਿੱਚ ਜਾਣਗੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ। ਇਸ ਮੌਕੇ ਬਰਨਾਲਾ ਕਲਾਂ ਵਿਖੇ ਭਗਤ ਪੂਰਨ ਸਿੰਘ ਲੋਕ ਸੇਵਾ ਟਰੱਸਟ ਵੱਲੋਂ ਮਲਵਿੰਦਰ ਸਿੰਘ ਕੰਗ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪਿੰਡ ਲੰਗੜੋਆ ਤੇ ਬਰਨਾਲਾ ਕਲਾਂ ਦੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ, ਸਤਨਾਮ ਸਿੰਘ ਜਲਵਾਹਾ ਚੇਅਰਮੈਨ, ਸਤਨਾਮ ਸਿੰਘ ਜਲਾਲਪੁਰ, ਗਗਨ ਅਗਨੀਹੋਤਰੀ, ਭੁਪਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਰਜਿੰਦਰ ਕੌਰ ਹਲਕਾ ਕੋਆਰਡੀਨੇਟਰ ਤੇ ਸਰਕਲ ਪ੍ਰਧਾਨ, ਹਰਦਲਜੀਤ ਸਿੰਘ, ਹਰਮਨਜੀਤ ਸਿੰਘ ਮਾਸਟਰ, ਸਾਬਕਾ ਪ੍ਰਿੰਸੀਪਲ ਅਮਰਜੀਤ ਲਾਲ, ਅਜੀਤ ਸਿੰਘ, ਸਾਬਕਾ ਸਰਪੰਚ ਗੁਰਦੇਵ ਸਿੰਘ ਪਵਲਾ ਪਿੰਡ ਲੰਗੜੋਆ, ਜੋਗਾ ਸਿੰਘ ਚੂੜਪੁਰ, ਰੇਸ਼ਮ ਸਿੰਘ ਚੂੜਪੁਰ, ਰਸਪਾਲ ਕੌਰ, ਪੰਚ ਸੱਤਸਰੂਪ ਸਿੰਘ, ਪੰਚ ਜਸਵੀਰ ਸਿੰਘ, ਸਰਪੰਚ ਨਰਿੰਦਰ ਕੌਰ, ਚੈਨ ਸਿੰਘ, ਸੁੱਚਾ ਸਿੰਘ, ਮਨਜੀਤ ਸਿੰਘ, ਅਵਤਾਰ ਸਿੰਘ, ਗੁਰਜੋਤ ਸਿੰਘ, ਅੰਮ੍ਰਿਤ ਪਾਲ ਸਿੰਘ, ਸੁਖਰਾਜ ਸਿੰਘ ,ਹਰਦਿਆਲ ਸਿੰਘ ਸਾਬਕਾ ਪੰਚ, ਚਰਨ ਸਿੰਘ, ਰਣਜੀਤ ਸਿੰਘ,ਅਮਰੀਕ ਸਿੰਘ, ਜਰਨੈਲ ਸਿੰਘ, ਧਿਆਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾਵਾਂ ਅਤੇ ਬਜ਼ੁਰਗ ਅਤੇ ਪਿੰਡ ਦੇ ਲੋਕ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਡਾ. ਰਾਜ ਨੂੰ ਸਵਾਲ ਪੱਤਰ ਸੌਂਪਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ.ਪੀ.ਪੀ.ਐੱਫ.) ਵਲੋਂ ਲੋਕ ਸਭਾ ਚੋਣਾਂ ਦੌਰਾਨ ਲੋਕ ਸਭਾ ਦੇ ਉਮੀਦਵਾਰਾਂ ਨੂੰ ਸਵਾਲ ਕਰੋ ਦੀ ਉਲੀਕੀ ਮੁਹਿੰਮ ਦੇ ਤਹਿਤ ਜਥੇਬੰਦੀ ਦਾ ਇੱਕ ਵਫਦ ਜਿਸ ਵਿੱਚ ਜਥੇਬੰਦੀ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ.) ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਨੰਦ ਰਾਮ, ਵਿਸ਼ਾਲ ਕੁਮਾਰ, ਪ੍ਰਵੀਨ ਸ਼ੇਰਪੁਰ, ਸੋਮ ਪਾਲ, ਜੀਵਨ ਕੁਮਾਰ ਸੰਧੂ ਅਤੇ ਪਰਮਿੰਦਰ ਸਿੰਘ ਜਹਾਨਪੁਰ ਆਦਿ ਆਗੂ ਸ਼ਾਮਲ ਸਨ, ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਜਥੇਬੰਦੀ ਵਲੋਂ ਸਵਾਲ ਪੱਤਰ ਸੌਂਪਿਆ। ਇਸ ਸਵਾਲ ਪੱਤਰ ਰਾਹੀਂ ਉਨ੍ਹਾਂ ਡਾ. ਰਾਜ ਕੁਮਾਰ ਤੋਂ ਪੁੱਛਿਆ ਕਿ ਕੀ ਆਮ ਆਦਮੀ ਪਾਰਟੀ ਦੀ ਸਰਕਾਰ 1972 ਦੇ ਐਕਟ ਵਾਲੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇਗੀ ?, ਕੀ ਪੰਜਾਬ ਸਰਕਾਰ ਕੇਂਦਰੀ ਪੈਨਸ਼ਨ ਏਜੰਸੀ (ਪੀ.ਐੱਫ.ਆਰ.ਡੀ.ਏ.) ਕੋਲ ਪਿਆ ਪੰਜਾਬ ਦੇ ਮੁਲਾਜ਼ਮਾਂ ਦਾ ਹਜ਼ਾਰਾਂ ਕਰੋੜ ਰੁਪਇਆ ਉਨ੍ਹਾਂ ਨੂੰ ਵਾਪਸ ਦਿਵਾਏਗੀ ?, ਕੀ ਚੋਣ ਜ਼ਾਬਤੇ ਦੀ ਸਮਾਪਤੀ ਉਪਰੰਤ ਪੰਜਾਬ ਵਿੱਚ ਮੁਲਾਜ਼ਮਾਂ ਦੇ ਜੀ.ਪੀ.ਐੱਫ. ਖਾਤੇ ਖੋਲ੍ਹ ਕੇ ਉਨ੍ਹਾਂ ਦੀ ਜੀ.ਪੀ.ਐੱਫ. ਕਟੌਤੀ ਸ਼ੁਰੂ ਕੀਤੀ ਜਾਵੇਗੀ ? ਅਤੇ ਪੰਜਾਬ ਵਿੱਚ 18 ਨਵੰਬਰ 2022 ਨੂੰ ਪੁਰਾਣੀ ਪੈਨਸਨ ਦਾ ਨੋਟੀਫਿਕੇਸ਼ਨ ਹੋਣ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਿਓਂ ਨਹੀਂ ਕੀਤੀ ਗਈ ? ਆਦਿ ਸਵਾਲ ਰਾਜ ਕੁਮਾਰ ਨੂੰ ਸੌਂਪੇ ਗਏ। ਡਾ. ਰਾਜ ਕੁਮਾਰ ਨੇ ਵਫਦ ਦੇ ਸਾਰੇ ਪ੍ਰਸ਼ਨਾਂ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਲਈ ਵਚਨਵੱਧ ਹੈ ਅਤੇ ਉਹ ਚੋਣਾਂ ਤੋਂ ਬਾਅਦ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀਆਂ ਇਨ੍ਹਾਂ ਮੰਗਾਂ ਬਾਬਤ ਪੰਜਾਬ ਸਰਕਾਰ ਨਾਲ ਗੱਲ ਕਰਕੇ ਇਸ ਮਸਲੇ ਦਾ ਹੱਲ ਜ਼ਰੂਰ ਕਰਵਾਉਣਗੇ।

# ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਨੂੰ ਮਿਲ ਰਿਹਾ ਵੋਟਰਾਂ ਦਾ ਭਰਵਾਂ ਹੁੰਗਾਰਾ : ਭੁੰਗਰਨੀ





**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਹੱਕ 'ਚ ਇਕ ਭਰਵੀਂ ਚੋਣ ਮੀਟਿੰਗ ਸੂਬਾ ਜੁਆਇੰਟ ਸਕੱਤਰ ਅਵਤਾਰ ਸਿੰਘ ਭੁੰਗਰਨੀ ਦੀ ਅਗਵਾਈ ਹੇਠ ਮੁਹੱਲਾ ਗੁਰੂ ਹਰਕ੍ਰਿਸ਼ਨ ਨਗਰ ਸਥਿਤ ਟਕਸਾਲੀ ਅਕਾਲੀ ਆਗੂ ਅਤੇ ਜਿਲ੍ਹਾ ਕਪੂਰਥਲਾ ਦੇ ਸਰਪ੍ਰਸਤ ਗਿਆਨੀ ਭਗਤ ਸਿੰਘ ਭੁੰਗਰਨੀ ਦੇ ਗ੍ਰਹਿ ਵਿਖੇ ਹੋਈ। ਜਿਸ 'ਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜੱਥੇਦਾਰ ਅਵਤਾਰ ਸਿੰਘ ਭੁੰਗਰਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਦੀ ਚੋਣ ਪ੍ਰਚਾਰ ਮੁਹਿੰਮ ਨੂੰ ਵੋਟਰਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਪੰਜਾਬ ਦੀ ਆਵਾਜ਼ ਹੈ। ਇਸ ਮੌਕੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਹਰ ਇਕ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ। ਗਿਆਨੀ ਭਗਤ ਸਿੰਘ ਭੁੰਗਰਨੀ ਨੇ ਭਰੋਸਾ ਦਿੱਤਾ ਕਿ ਇਲਾਕੇ ਦੀ ਇਕ-ਇਕ ਵੋਟ ਸੋਹਣ ਸਿੰਘ ਠੰਡਲ ਨੂੰ ਪੁਆ ਕੇ ਉਹਨਾਂ ਦੀ ਜਿੱਤ ਯਕੀਨੀ ਬਣਾਈ ਜਾਵੇਗੀ।

# ਹਿੰਦੀ ਵਿਆਕਰਨ 'ਤੇ ਮੁਕਾਬਲਾ ਕਰਵਾਇਆ



**ਜਲੰਧਰ (ਇਕਬਾਲ ਸਿੰਘ ਉੱਭੀ)** ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਤੋਂ ਹਿੰਦੀ ਸਾਹਿਤ ਧਾਰਾ ਅਤੇ ਬੀ ਏ ਬੀ ਐੱਡ ਵਿਦਿਆਰਥੀਆਂ 'ਚ ਇੱਕ ਮੁਕਾਬਲਾ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ 'ਹਿੰਦੀ ਵਿਆਕਰਣ'। ਇਸ 'ਚ ਵਿਦਿਆਰਥੀਆਂ ਦੇ ਪਾਠਕ੍ਰਮ ਅਨੁਸਾਰ ਹਿੰਦੀ ਅੱਖਰ ਅਤੇ ਸਿੱਖਿਆ ਸਾਸ਼ਤਰ ਨਾਲ ਸਬੰਧਤ ਤਸਵੀਰਾਂ ਬਣਾਈਆਂ ਗਈਆਂ। ਇਸ ਮੁਕਾਬਲੇ 'ਚ 20 ਦੇ ਕਰੀਬ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਦੁਆਰਾ 'ਹਿੰਦੀ ਵਿਆਕਰਣ' ਦੇ ਨਿਯਮਾਂ ਬਾਰੇ ਚਾਨਣਾ ਪਾਇਆ ਗਿਆ। ਅਜਿਹੇ ਪ੍ਰੋਗਰਾਮ ਕਰਵਾਉਣ ਲਈ ਪ੍ਰਧਾਨ ਨਰੇਸ਼ ਬੁਧੀਆ, ਮੀਤ ਪ੍ਰਧਾਨ ਵਿਨੋਦ ਦਾਦਾ, ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸਰ ਨੇ ਬੀ ਏ ਅਤੇ ਬੀ ਐਡ ਵਿਭਾਗ ਦੀ ਸ਼ਲਾਘਾ ਕੀਤੀ।

# ਝਾਵਾਂ 'ਚ ਜਸਵੰਤ ਸਿੰਘ ਫੌਜੀ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹਲਕਾ ਹੁਸ਼ਿਆਰਪੁਰ ਤੋਂ ਉਮੀਦਵਾਰ ਜਸਵੰਤ ਸਿੰਘ ਫੌਜੀ ਦੀ ਚੋਣ ਮੁਹਿੰਮ ਨੂੰ ਨਗਰ ਝਾਵਾਂ ਵਿਖੇ ਰਣਜੀਤ ਸਿੰਘ ਝਾਵਾਂ, ਨਿਰੰਜਨ ਸਿੰਘ ਝਾਵਾਂ, ਸੂਬੇਦਾਰ ਬਲਜੀਤ ਸਿੰਘ, ਬਲਵਿੰਦਰ ਸਿੰਘ ਆਰੇ ਵਾਲੇ ਦੀ ਅਗਵਾਈ ਹੇਠ ਭਰਵਾਂ ਹੁੰਗਾਰਾ ਮਿਲਿਆ। ਇਸ ਸਮੇਂ ਗੁਰਦੀਪ ਸਿੰਘ ਜ਼ਿਲ੍ਹਾ ਪ੍ਰਧਾਨ, ਮਾਸਟਰ ਕੁਲਦੀਪ ਸਿੰਘ ਮਸੀਤੀ, ਗੁਰਨਾਮ ਸਿੰਘ ਸਿੰਗੜੀਵਾਲਾ, ਸੰਦੀਪ ਸਿੰਘ ਖਾਲਸਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ ਆਗੂਆਂ ਨੇ ਕਿਹਾ ਕਿ ਪਹਿਲਾਂ ਅਕਾਲੀ ਭਾਜਪਾ, ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਨੂੰ ਕਰਜ਼ੇ ਵਿੱਚ ਡੋਬ ਦਿੱਤਾ ਹੈ। ਪੰਜਾਬ ਨੂੰ ਕਰਜ਼ੇ ਵਿੱਚੋਂ ਕੱਢਣ ਅਤੇ 46 ਲੱਖ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਦੂਰ ਅੰਦੇਸ਼ੀ ਅਤੇ ਦ੍ਰਿੜ੍ਹ ਇਰਾਦੇ ਵਾਲੇ ਸਿਮਰਨ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਗਵਾਈ ਹੇਠ ਪੰਜਾਬ ਦੇ 13 ਹਲਕਿਆਂ ਤੋਂ ਉਮੀਦਵਾਰਾਂ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ। ਇਸ ਸਮੇਂ ਗੁਰਮੇਲ ਸਿੰਘ ਬੁੱਚੀ ਪਿੰਡ, ਮਨਜਿੰਦਰ ਸਿੰਘ ਜੌਹਲਾਂ, ਗੁਰਨੇਕ ਸਿੰਘ, ਬਲਵੀਰ ਸਿੰਘ ਸ਼ਾਹ, ਕੁਲਵਿੰਦਰ ਸਿੰਘ ਚੌਹਾਨ, ਅਵਤਾਰ ਸਿੰਘ ਤਾਰੀ, ਕਸ਼ਮੀਰ ਸਿੰਘ ਸ਼ਾਹ, ਬਲਵੀਰ ਸਿੰਘ, ਮੱਖਣ ਸਿੰਘ ਮੈਂਬਰ ਪੰਚਾਇਤ ਤੇ ਸੰਦੀਪ ਸਿੰਘ ਛੀਪਾ ਆਦਿ ਹਾਜ਼ਰ ਸਨ।

## ਨਸ਼ਿਆਂ ਦੀ ਰਾਜਧਾਨੀ ਗੁਜਰਾਤ ਪਰ ਭਾਜਪਾ ਵੱਲੋਂ ਪੰਜਾਬ ਨੂੰ ਬਦਨਾਮ ਕੀਤਾ ਗਿਆ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵੱਲੋਂ ਵਿਕਾਸ ਦਾ ਗੁਜਰਾਤ ਮਾਡਲ ਪੂਰੇ ਦੇਸ਼ ਅੰਦਰ ਲਾਗੂ ਕਰਨ ਦਾ ਪ੍ਰਚਾਰ ਪੂਰੇ ਜ਼ੋਰ ਸ਼ੋਰ ਨਾਲ ਕੀਤਾ ਗਿਆ ਸੀ ਪਰ ਜੋ ਹੁਣ ਨਸ਼ਿਆਂ ਸਬੰਧੀ ਗੁਜਰਾਤ ਤੋਂ ਰਿਪੋਰਟਾਂ ਆ ਰਹੀਆਂ ਹਨ, ਉਸ ਨਾਲ ਇਹ ਸਿੱਧ ਹੋ ਰਿਹਾ ਹੈ ਕਿ ਗੁਜਰਾਤ ਨਸ਼ਿਆਂ ਦੀ ਰਾਜਧਾਨੀ ਹੈ ਪਰ ਇਸ ਦੇ ਲਈ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਪੰਜਾਬ ਨੂੰ ਪੰਜਾਬ ਦੇ ਨੌਜਵਾਨਾਂ ਨੂੰ ਦੇਸ਼ ਵਿਦੇਸ਼ ਵਿੱਚ ਨਸ਼ਿਆਂ ਨਾਲ ਜੋੜ ਕੇ ਬਦਨਾਮ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਉਮੀਦਵਾਰ ਜਸਵੰਤ ਸਿੰਘ ਫੌਜੀ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਜਿੰਨਾ ਵੀ ਅੱਜ ਤੱਕ ਨਸ਼ਾ ਫੜ ਹੋਇਆ ਉਸ ਦਾ ਇੱਕ ਤਿਹਾਈ ਇਕੱਲਿਆਂ ਗੁਜਰਾਤ ਚੋਂ ਫੜਿਆ ਗਿਆ। ਚੋਣ ਕਮਿਸ਼ਨ ਨੇ ਇਕ ਅਪ੍ਰੈਲ ਤੋਂ ਲੈ ਕੇ ਹੁਣ ਤੱਕ 3959 ਕਰੋੜ ਰੁਪਏ ਦਾ ਨਸ਼ਾ ਫੜਿਆ ਹੈ ਜਿਸ ਵਿੱਚ 1188 ਕਰੋੜ ਰੁਪਏ ਦਾ ਨਸ਼ਾ ਗੁਜਰਾਤ ਚੋਂ ਫੜਿਆ ਗਿਆ ਹੈ। ਸਿੰਗੜੀਵਾਲਾ ਨੇ ਕਿਹਾ ਕਿ ਪਹਿਲਾਂ ਵੀ ਸੈਂਕੜੇ ਕੁਇੰਟਲ ਨਸ਼ਾ ਗੁਜਰਾਤ ਦੀਆਂ ਬੰਦਰਗਾਹਾਂ ਅਤੇ ਸਮੁੰਦਰ 'ਚੋਂ ਫੜਿਆ ਗਿਆ ਸੀ ਜਿਸ ਨੂੰ ਪੰਜਾਬ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਭੇਜਿਆ ਜਾਣਾ ਸੀ। ਇਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਅਤੇ ਦੇਸ਼ ਵਿਰੁੱਧ ਹੋ ਰਹੀ ਸਾਜ਼ਿਸ਼ ਨੂੰ ਬੇਪਰਦ ਕਰਕੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਡੱਕਣਾ ਚਾਹੀਦਾ।

## ਆਮ ਆਦਮੀ ਪਾਰਟੀ ਤੇ ਕਾਂਗਰਸ ਅੰਦਰੋਂ ਦੋਵੇਂ ਇੱਕ : ਚੰਦੂਮਾਜਰਾ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)**— ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਹਰਮਨਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ ਹੇਠ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਹੱਕ ਵਿੱਚ ਫੇਜ਼ 3 ਬੀ 1 ਵਿੱਚ ਚੋਣ ਰੈਲੀ ਕੀਤੀ ਗਈ।ਇਸ ਮੌਕੇ ਪ੍ਰੋ ਚੰਦੂਮਾਜਰਾ ਨੇ ਕਿਹਾ ਕਿ ਆਪਣੇ ਸੰਸਦ ਮੈਂਬਰ ਦੇ ਕਾਰਜਕਾਲ ਦੌਰਾਨ ਉਹਨਾਂ ਨੇ ਮੁਹਾਲੀ ਵਿੱਚ ਅੰਤਰਰਾਸ਼ਟਰੀ ਹਵਾਈ ਅੱਡਾ ਚਾਲੂ ਕਰਵਾਉਣ ਸਮੇਤ ਕਈ ਹੋਰ ਅਹਿਮ ਪ੍ਰੋਜੈਕਟ ਚਾਲੂ ਕਰਵਾਏ ਸਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਲੋਕਾਂ ਨੂੰ ਮੂਰਖ ਬਣਾ ਰਹੀਆਂ ਹਨ। ਇਹ ਦੋਵੇਂ ਦੇਸ਼ ਭਰ ਵਿੱਚ ਗਠਜੋੜ ਬਣਾ ਕੇ ਚੋਣ ਲੜ ਰਹੀਆਂ ਹਨ ਪਰੰਤੂ ਪੰਜਾਬ ਵਿੱਚ ਇੱਕ ਦੂਜੇ ਦੇ ਖਿਲਾਫ ਲੜ ਰਹੀਆਂ ਹਨ ਜਦੋਂਕਿ ਅਸਲੀਅਤ ਇਹੀ ਹੈ ਕਿ ਇਹ ਦੋਵੇਂ ਅੰਦਰੋ ਇੱਕ ਹਨ।ਪਾਰਟੀ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਮੁਹਾਲੀ ਸ਼ਹਿਰ ਅਤੇ ਹਲਕੇ ਦਾ ਜਿੰਨਾ ਵੀ ਵਿਕਾਸ ਹੋਇਆ ਹੈ ਉਹ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਹੀ ਹੋਇਆ ਹੈ ਜਦੋਂਕਿ ਕਾਂਗਰਸ ਅਤੇ ਆਪ ਨੇ ਸ਼ਹਿਰ ਅਤੇ ਹਲਕੇ ਦੇ ਵਿਕਾਸ ਕਾਰਜ ਤਾਂ ਕੀ ਕਰਵਾਉਣੇ ਸਨ ਉਲਟਾ ਜਿਹੜੇ ਕੰਮ ਚਲਦੇ ਸੀ ਉਹ ਵੀ ਰੋਕ ਦਿੱਤੇ।ਪ੍ਰਿੰਸ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਇਕਲੌਤੀ ਪਾਰਟੀ ਹੈ ਜਿਹੜੀ ਪੰਜਾਬ ਦੇ ਹਿੱਤਾਂ ਲਈ ਕੇਂਦਰ ਨਾਲ ਟੱਕਰ ਲੈ ਸਕਦੀ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਸੱਤਾ 'ਤੇ ਕਾਬਿਜ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨੂੰ ਡੇਢ ਸਾਲ ਤਕ ਸੜਕਾਂ 'ਤੇ ਸੰਘਰਸ਼ ਕਰਨ ਲਈ ਮਜਬੂਰ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਪ ਸਰਕਾਰ ਲੋਕਾਂ ਦਾ ਭਰੋਸਾ ਗਵਾ ਚੁੱਕੀ ਹੈ ਅਤੇ ਲੋਕ ਇਸਦੀ ਕਾਰਗੁਜ਼ਾਰੀ ਤੋਂ ਬੁਰੀ ਤਰ੍ਹਾਂ ਤੰਗ ਹਨ।ਇਥੇ ਚੰਦੂਮਾਜਰਾ ਨੂੰ ਲੱਡੂਆਂ ਨਾਲ ਤੋਲਿਆ ਗਿਆ। ਸਟੇਜ ਦੀ ਜਿੰਮੇਵਾਰੀ ਬਲਜਿੰਦਰ ਸਿੰਘ ਬੇਦੀ ਨੇ ਨਿਭਾਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂ ਬਰ ਪਰਮਜੀਤ ਕੌਰ ਲਾਂਡਰਾ, ਸਿਮਰਨਜੀਤ ਸਿੰਘ ਚੰਦੂਮਾਜਰਾ, ਪਰਮਜੀਤ ਸਿੰਘ ਗਿੱਲ, ਹਰਪਾਲ ਸਿੰਘ ਬਰਾੜ, ਹਰਪ੍ਰੀਤ ਸਿੰਘ ਲਾਲੀ, ਡਾ ਸਿਮਰਨਜੋਤ ਸਿੰਘ ਵਾਲੀਆ, ਦਰਸ਼ਨ ਸਿੰਘ ਕਲਸੀ, ਨਰਿੰਦਰ ਸਿੰਘ ਸੰਧੂ, ਜਸਵੰਤ ਸਿੰਘ ਭੁੱਲਰ, ਹਰਪ੍ਰੀਤ ਸਿੰਘ ਡਡਵਾਲ, ਸਰਬਜੀਤ ਸਿੰਘ ਪਾਰਸ, ਨਿਰਮਲ ਕੌਰ ਸੇਖੋਂ, ਦਵਿੰਦਰ ਸਿੰਘ ਭਾਟੀਆ, ਸੁਰਿੰਦਰ ਸਿੰਘ ਕਲੇਰ, ਜਸਵੀਰ ਸਿੰਘ ਜੱਸਾ, ਸੁਖਵਿੰਦਰ ਸਿੰਘ ਸ਼ਿੰਦੀ, ਅਪਸਰ ਹੁਸੈਨ, ਰਤਨ ਸਿੰਘ ਨਾਮਧਾਰੀ, ਬਲਵਿੰਦਰ ਸਿੰਘ ਮੁਲਤਾਨੀ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਆਗੂ, ਵਰਕਰ ਅਤੇ ਫੇਜ਼ 3 ਦੇ ਵਸਨੀਕ ਹਾਜ਼ਰ ਸਨ।

# ਐਡਵੋਕੇਟ ਰਣਜੀਤ ਕੁਮਾਰ ਦੇ ਰੋਡ ਸ਼ੋਅ 'ਚ ਸ਼ਾਮਲ ਲੋਕਾਂ ਨੇ ਕਾਂਗਰਸ, ਭਾਜਪਾ ਤੇ ਆਪ ਦੀ ਨੀਂਦ ਉਡਾਈ







**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਬਸਪਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਦੇ ਹੱਕ 'ਚ ਅੱਤ ਦੀ ਗਰਮੀ ਦੇ ਬਾਵਜੂਦ ਬਾਈਪਾਸ ਸਿੰਗੜੀਵਾਲਾ ਤੋਂ ਸ਼ੁਰੂ ਹੋਏ ਵੱਖ ਪਿੰਡਾਂ 'ਚ ਪਹੁੰਚੇ ਰੋਡ ਸ਼ੋਅ ਵਿੱਚ ਭਾਰੀ ਗਿਣਤੀ ਵਿਚ ਸ਼ਾਮਲ ਨੌਜਬਾਨਾਂ ਅਤੇ ਲੋਕਾਂ ਦੇ ਇੱਕਠ ਨੇ ਕਾਂਗਰਸ, ਭਾਜਪਾ ਸਮੇਤ ਵਿਰੋਧੀ ਪਾਰਟੀਆਂ ਦੀ ਨੀਂਦ ਉਡਾ ਦਿੱਤੀ ਹੈ। ਰੋਡ ਸ਼ੋਅ ਵਿੱਚ ਬਸਪਾ ਪੰਜਾਬ ਦੇ ਇੰਚਾਰਜ ਵਿਪਲ ਕੁਮਾਰ, ਐਡਵੋਕੇਟ ਰਣਜੀਤ ਕੁਮਾਰ, ਗੁਰਨਾਮ ਚੌਧਰੀ ਜਨ. ਸਕੱਤਰ ਪੰਜਾਬ, ਠੇਕੇਦਾਰ ਭਗਵਾਨ ਦਾਸ ਸਿੱਧੂ, ਸਮਿਤਰ ਸੀਕਰੀ, ਐਡਵੋਕੇਟ ਪਲਵਿੰਦਰ ਮਾਨਾ ਤੋਂ ਇਲਾਵਾ ਸੈਂਕੜੇ ਜ਼ਿਲ੍ਹਾ ਅਤੇ ਵਿਧਾਨ ਸਭਾ ਸ਼ਾਮ ਚੌਰਾਸੀ ਦੇ ਕਾਰਕੁੰਨ ਸ਼ਾਮਲ ਸਨ। ਇਸ ਮੌਕੇ ਵਿਪਲ ਕੁਮਾਰ ਨੇ ਕਿਹਾ ਬਸਪਾ ਪੰਜਾਬ ਵਿਚ ਕਈ ਸੀਟਾਂ 'ਤੇ ਮਜਬੂਤ ਸਥਿਤੀ ਵਿੱਚ ਹੈ ਅਤੇ ਹੁਸ਼ਿਆਰਪੁਰ, ਜਲੰਧਰ, ਆਨੰਦਪੁਰ ਸਾਹਿਬ ਤੋਂ ਬਸਪਾ ਦੀ ਜਿੱਤ ਨੂੰ ਦੇਖ ਕੇ ਵਿਰੋਧੀ ਪਾਰਟੀਆਂ ਦੀ ਨੀਂਦ ਓਡੀ ਹੋਈ ਹੈ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਜਿਸ ਤਰ੍ਹਾਂ ਕਾਂਸ਼ੀ ਰਾਮ ਦੇ ਪੈਰੋਕਾਰਾਂ ਵਲੋਂ ਚੋਣ ਮੁਹਿੰਮ ਨੂੰ ਜੋਰ ਸ਼ੋਰ ਨਾਲ ਚਲਾਇਆ ਜਾ ਰਿਹਾ ਹੈ ਅਸੀਂ ਹੁਸ਼ਿਆਰਪੁਰ ਤੋਂ ਵੱਡੀ ਜਿੱਤ ਪ੍ਰਾਪਤ ਕਰਾਂਗੇ। ਉਨ੍ਹਾਂ ਕਿਹਾ ਪਹਿਲਾਂ ਰਾਜਨੀਤਕ ਪਾਰਟੀਆਂ ਦੇ ਲੋਕ ਪੱਗਾਂ ਦੇ ਰੰਗ ਬਦਲਦੇ ਸਨ, ਪਰ ਹੁਣ ਗ਼ਲਾਂ ਦੇ ਪਰਨਿਆਂ ਦੇ ਰੰਗ ਬਦਲਕੇ ਪਾਰਟੀਆਂ ਬਦਲ ਰਹੇ ਹਨ। ਉਨ੍ਹਾਂ ਕਿਹਾ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਉਹ ਪਾਰਲੀਮੈਂਟ ਅੰਦਰ ਅਵਾਜ਼ ਬੁਲੰਦ ਕਰਨਗੇ। ਪੋਸਟ ਮੈਟ੍ਰਿਕ ਸਕਾਲਰਸ਼ਿਪ, ਬੱਚਿਆਂ ਦੇ ਵਜੀਫੇ, ਰਾਖਵਾਂਕਰਨ ਤੋਂ ਇਲਾਵਾ ਸੰਵਿਧਾਨ, ਲੋਕਤੰਤਰ ਨੂੰ ਬਚਾਉਣ ਲਈ ਉਹ ਜਿੰਦ ਜਾਨ ਲਾ ਦੇਣਗੇ, ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨਗੇ। ਉਨਾਂ ਲੋਕ ਸਭਾ ਹੁਸ਼ਿਆਰਪੁਰ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਨੂੰ ਆਪਣੇ ਬੱਚਿਆਂ ਦਾ ਭਵਿੱਖ ਸਵਾਰਨ, ਚੰਗੀ ਸਿੱਖਿਆ, ਸਿਹਤ ਸਹੂਲਤਾਂ ਲਈ ਹਾਥੀ ਨਿਸ਼ਾਨ ਨੂੰ ਵੋਟ ਪਾ ਕੇ ਮੈਨੂੰ ਸੇਵਾ ਦਾ ਮੌਕਾ ਦੇਣ।

## ਪੌਡਕਾਸਟ ਦਾ ਪੰਜਵਾਂ ਐਪੀਸੋਡ ਰਿਲੀਜ਼

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਨਿਵੇਕਲੀ ਪਹਿਲਕਦਮੀ ਤਹਿਤ ਚਲਾਏ ਜਾ ਰਹੇ ਪੋਡਕਾਸਟ ਦਾ ਪੰਜਵਾਂ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਐਪੀਸੋਡ 'ਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਚੋਣਾਂ ਸੰਬੰਧੀ ਕਈ ਦਿਲਚਸਪ ਅਤੇ ਰੋਚਕ ਸਵਾਲਾਂ ਦੇ ਬਹੁਤ ਹੀ ਆਸਾਨ ਤਰੀਕੇ ਨਾਲ ਜਵਾਬ ਦਿੱਤੇ। ਉਨ੍ਹਾਂ ਇਸ ਐਪੀਸੋਡ 'ਚ ਦੱਸਿਆ ਹੈ ਕਿ ਵੋਟ ਪਾਉਣ ਵੇਲੇ ਵੋਟਰ ਦੇ ਖੱਬੇ ਹੱਥ ਦੀ ਉਂਗਲ 'ਤੇ ਹੀ ਸਿਆਹੀ ਕਿਉਂ ਲਗਾਈ ਜਾਂਦੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਪੋਲਿੰਗ ਬੂਥ 'ਤੇ ਵੋਟ ਪਾਉਣ ਦੌਰਾਨ ਮੋਬਾਇਲ ਫੋਨ ਬੰਦ ਕਰਕੇ ਨਾਲ ਲਿਜਾਇਆ ਜਾ ਸਕਦਾ ਹੈ ਜਾਂ ਨਹੀਂ। ਸਿਬਿਨ ਸੀ ਨੇ ਕਿਸੇ ਵੀ ਐਮਰਜੈਂਸੀ ਹਾਲਤਾਂ ਨਾਲ ਨਜਿੱਠਣ ਅਤੇ ਮੁੱਢਲੀ ਸਹਾਇਤਾ ਲਈ ਪੋਲਿੰਗ ਬੂਥਾਂ ਉੱਤੇ ਕੀਤੇ ਗਏ ਪ੍ਰਬੰਧਾਂ ਬਾਰੇ ਵੀ ਚਾਨਣਾ ਪਾਇਆ ਹੈ। ਇਸ ਐਪੀਸੋਡ 'ਚ ਮੁੱਖ ਚੋਣ ਅਧਿਕਾਰੀ ਨੇ ਇਹ ਵੀ ਦੱਸਿਆ ਹੈ ਕਿ ਕਿਸ ਉਮੀਦਵਾਰ ਦੀ ਜਮਾਨਤ ਕਿਹੜੇ ਕਾਰਨਾਂ ਕਰਕੇ ਜ਼ਬਤ ਹੁੰਦੀ ਹੈ। ਮੁੱਖ ਚੋਣ ਅਧਿਕਾਰੀ ਨੇ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਾਪਤ ਹੋ ਰਹੀਆਂ ਦਿਲਚਸਪ ਅਤੇ ਰੋਚਕ ਸ਼ਿਕਾਇਤਾਂ ਬਾਰੇ ਵੀ ਇਸ ਐਪੀਸੋਡ 'ਚ ਚਾਨਣਾ ਪਾਇਆ ਹੈ।

# ਪਬਲਿਕ ਖਾਲਸਾ ਕਾਲਜ 'ਚ ਵੋਟਰ ਜਾਗਰੂਕਤਾ ਸੈਮੀਨਾਰ



**ਅੱਡਾ ਸਰਾਂ , (ਕਾਜਲ)**-ਲੋਕ ਸਭਾ ਚੋਣਾਂ ਲਈ ਮਤਦਾਨ ਨੂੰ ਲੈ ਕੇ ਨੌਜਵਾਨ ਵਰਗ ਨੂੰ ਉਤਸ਼ਾਹਿਤ ਕਰਨ ਲਈ ਪਬਲਿਕ ਖਾਲਸਾ ਕਾਲਜ ਕੰਧਾਲਾ ਜੱਟਾਂ ਵਿਚ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਜਿਸ ਵਿਚ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਵੀ ਭਾਗ ਲਿਆ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਹੁਸ਼ਿਆਰਪੁਰ ਕੋਮਲ ਮਿੱਤਲ, ਐੱਸ. ਡੀ. ਐਮ. ਵਿਓਮ ਭਾਰਦਵਾਜ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਸਵੀਪ ਅਫਸਰ ਪ੍ਰੀਤ ਕੋਹਲੀ, ਸਹਾਇਕ ਜ਼ਿਲ੍ਹਾ ਸਵੀਪ ਅਫਸਰ ਅੰਕੁਰ ਸ਼ਰਮਾ ਦੀ ਦੇਖ-ਰੇਖ ਵਿਚ ਕਰਵਾਏ ਗਏ ਇਸ ਸੈਮੀਨਾਰ ਦੌਰਾਨ ਸਵੀਪ ਆਈਕੋਨ ਡਾ. ਕੇਵਲ ਸਿੰਘ ਕਾਜਲ, ਸਵੀਪ ਨੋਡਲ ਅਫਸਰ ਪ੍ਰੋ. ਦਕਸ਼ ਸੋਹਲ, ਸਹਾਇਕ ਨੋਡਲ ਅਫਸਰ ਭਾਰਤ ਤਲਵਾੜ, ਡਾ. ਲਵਪ੍ਰੀਤ ਸਿੰਘ ਪਾਬਲਾ ਅਤੇ ਕਾਲਜ ਦੇ ਸਟਾਫ ਨੇ ਵੋਟਰ ਜਾਗਰੂਕਤਾ ਦਾ ਸੰਚਾਰ ਕੀਤਾ ਅਤੇ ਲੋਕਤੰਤਰ ਵਿਚ ਵੋਟ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਇਸ ਮੌਕੇ ਐੱਸ. ਡੀ. ਐਮ. ਭਾਰਦਵਾਜ ਨੇ ਨੌਜਵਾਨ ਵੋਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਵੋਟਾਂ ਦੀ ਮਹੱਤਤਾ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਨਵੇਂ ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਇਮਾਨਦਾਰੀ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ 1 ਜੂਨ ਨੂੰ ਬਿਨਾਂ ਕਿਸੇ ਡਰ, ਭੈਅ, ਲਾਲਚ, ਧਰਮ, ਵਰਗ, ਜਾਤ ਤੋਂ ਉੱਪਰ ਉੱਠ ਕੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਨ।ਇਸ ਦੌਰਾਨ ਡਾ.ਕਾਜਲ ਅਤੇ ਭਾਰਤ ਤਲਵਾੜ ਨੇ ਵਿਦਿਆਰਥੀਆਂ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਵੋਟ ਲਈ ਪ੍ਰੇਰਿਤ ਕਰਨ ਲਈ ਸੰਕਲਪ-ਪੱਤਰ ਭਰਵਾਇਆ।ਇਸ ਦੌਰਾਨ ਡਾ. ਪਾਬਲਾ ਨੇ ਭਾਰਤ ਚੋਣ ਕਮਿਸ਼ਨ ਦੀ ਮੋਬਾਈਲ ਐਪ ਦੀ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ। ਇਸ ਮੌਕੇ ਵਿਦਿਆਰਥਣਾਂ ਨੇ ਮਤਦਾਨ ਕਰਨ ਦਾ ਪ੍ਰਣ ਲਿਆ । ਇਸ ਮੌਕੇ ਨਾਟਕ ਦਾ ਮੰਚਨ, ਮਹਿੰਦੀ ਲਗਾਉਣ ਅਤੇ ਪੋਸਟਰ ਬਣਾਉਣ ਦੇ ਨਾਲ ਨਾਲ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਵੋਟਾ ਦੀ ਮਹੱਤਤਾ ਬਾਰੇ ਦੱਸਿਆ ਗਿਆ ।ਇਸ ਮੌਕੇ ਵੇਵਜ਼ ਹਸਪਤਾਲ ਦੀ ਟੀਮ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਾਇਆ ਗਿਆ । ਇਸ ਮੌਕੇ ਪ੍ਰਿੰਸੀਪਲ ਦਵਿੰਦਰ ਕੌਰ, ਸ਼ੈਲਿੰਦਰ ਸਿੰਘ ਪਰਮਾਰ, ਪ੍ਰਿੰਸੀਪਲ ਵਿਸ਼ਾਲ ਵਰਮਾ, ਲਵਦੀਪ ਕੌਰ, ਕਰਮਜੀਤ ਕੌਰ ਅਤੇ ਸਟਾਫ ਮੈਂਬਰ ਹਾਜ਼ਰ ਸਨ।

## ਪੰਜਾਬ ਦੀਆਂ ਮੰਡੀਆਂ 'ਚ ਹੁਣ ਤੱਕ ਪਹੁੰਚੀ ਕਣਕ ਦੀ ਹੋਈ 100 ਫੀਸਦੀ ਖਰੀਦ : ਬਰਸਟ

**ਮੋਹਾਲੀ (ਗੁਰਜੀਤ ਬਿੱਲਾ)** ਹਾੜੀ ਸੀਜ਼ਨ 2024-25 ਦੌਰਾਨ ਪੰਜਾਬ ਦੀਆਂ ਮੰਡੀਆਂ 'ਚ ਕਣਕ ਦੀ ਨਿਰਵਿਘਨ ਖ਼ਰੀਦ ਸਦਕਾ ਹੁਣ ਤੱਕ ਮੰਡੀਆਂ ਵਿੱਚ ਪਹੁੰਚੀ 131.94 ਲੱਖ ਮੀਟ੍ਰਿਕ ਟਨ ਕਣਕ 'ਚੋਂ 131.93 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਹੋ ਚੁੱਕੀ ਹੈ ਅਤੇ ਨਾਲ ਹੀ ਲਿਫ਼ਟਿੰਗ ਦੇ ਕਾਰਜ 'ਚ ਵੀ ਤੇਜੀ ਲਿਆਂਦੀ ਗਈ ਹੈ ਅਤੇ ਹੁਣ ਤੱਕ 127.22 ਲੱਖ ਮੀਟ੍ਰਿਕ ਟਨ ਫਸਲ ਦੀ ਲਿਫਟਿੰਗ ਹੋ ਚੁੱਕੀ ਹੈ। ਇਹ ਜਾਣਕਾਰੀ ਹਰਚੰਦ ਸਿੰਘ ਬਰਸਟ, ਚੇਅਰਮੈਨ, ਪੰਜਾਬ ਮੰਡੀ ਬੋਰਡ ਵੱਲੋਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਪਿਛਲੇ ਸਾਲ ਨਾਲੋਂ ਸਰਕਾਰੀ ਖਰੀਦ ਵਿੱਚ 3 ਫੀਸਦੀ ਵਾਧਾ ਦਰਜ਼ ਕੀਤਾ ਗਿਆ ਹੈ।ਰਾਜ ਦੀਆਂ ਮੰਡੀਆਂ 'ਚ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਮਗਰੋਂ ਬਰਸਟ ਨੇ ਦੱਸਿਆ ਕਿ ਖ਼ਰੀਦ ਕਾਰਜ ਸੁਚੱਜੇ ਢੰਗ ਨਾਲ ਚੱਲ ਰਹੇ ਹਨ ਅਤੇ ਫ਼ਸਲ ਵੇਚ ਚੁੱਕੇ ਕਿਸਾਨਾਂ ਨੂੰ ਅਦਾਇਗੀ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਜਿਸ ਤਹਿਤ 28236.6 ਕਰੋੜ ਰੁਪਏ ਅਦਾ ਕੀਤੇ ਜਾ ਚੁੱਕੇ ਹਨ। ਬਰਸਟ ਨੇ ਅੱਗੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀਆਂ 1907 ਪੱਕੀਆਂ ਮੰਡੀਆਂ ਅਤੇ 826 ਆਰਜੀ ਖਰੀਦ ਕੇਂਦਰਾਂ ਵਿੱਚ ਹੁਣ ਤੱਕ 131.94 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 131.93 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ 124.45 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਅਤੇ 7.48 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚੋਂ 127.22 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ।ਹੁਣ ਤੱਕ ਪਨਗ੍ਰੇਨ ਵੱਲੋਂ 39,90,766 ਮੀਟ੍ਰਿਕ ਟਨ, ਐਫ ਸੀ ਆਈ ਵੱਲੋਂ 3,27,804 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 32,56,186 ਮੀਟ੍ਰਿਕ ਟਨ, ਪਨਸਪ ਵੱਲੋਂ 29,78,396 ਮੀਟ੍ਰਿਕ ਟਨ ਅਤੇ ਵੇਅਰਹਾਊਸ ਵੱਲੋਂ 18,91,922 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹੁਣ ਤੱਕ ਸੰਗਰੂਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਕਣਕ ਦੀ ਆਮਦ ਅਤੇ ਖਰੀਦ ਹੋਈ ਹੈ। ਇੱਥੇ 12,39,792 ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਅਤੇ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ।

# ਸੀ ਜੀ ਸੀ ਲਾਂਡਰਾਂ ਨੇ ਪਲੇਸਮੈਂਟ ਦਿਵਸ ਮਨਾਇਆ




**ਚੰਡੀਗੜ੍ਹ (ਗੁਰਜੀਤ ਬਿੱਲਾ)** ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ (ਸੀ ਜੀ ਸੀ) ਲਾਂਡਰਾਂ ਵੱਲੋਂ ਕੈਂਪਸ ਵਿਖੇ ਆਪਣਾ ਸਾਲਾਨਾ ਪਲੇਸਮੈਂਟ ਦਿਵਸ ਮਨਾਇਆ ਗਿਆ ਜੋ ਕਿ ਸੀ ਜੀ ਸੀ ਦੇ ਪਲੇਸਮੈਂਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਕੈਰੀਅਰ ਦੀ ਯਾਤਰਾ ਸ਼ੁਰੂ ਕਰਨ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਰਿਹਾ। 23 ਸਾਲਾਂ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲਦਿਆਂ ਅਤੇ ਐਨ ਏ ਏ ਸੀ ਏ-ਪਲੱਸ ਪ੍ਰਮਾਣਿਤਾ ਹਾਸਲ ਕਰ ਕੇ ਸੀ ਜੀ ਸੀ ਲਾਂਡਰਾਂ ਨੇ ਇੱਕ ਸਫਲ ਪਲੇਸਮੈਂਟ ਸੀਜ਼ਨ ਦਰਜ ਕੀਤਾ ਹੈ ਜੋ ਕਿ ਬਹੁਤ ਹੀ ਮਾਣ ਵਾਲੀ ਗੱਲ ਹੈ।ਅਦਾਰੇ ਵੱਲੋਂ ਨੌਕਰੀ ਭਰਤੀ ਮੁਹਿੰਮ ਲਈ ਪਲੇਸਮੈਂਟ ਡਰਾਈਵ ਵਿੱਚ 900 ਤੋਂ ਵੱਧ ਕੰਪਨੀਆਂ ਦੀ ਮੇਜ਼ਬਾਨੀ ਕੀਤੀ, ਜਿਸ 'ਚ ਵਿਦਿਆਰਥੀਆਂ ਨੂੰ 9,000 ਤੋਂ ਵੱਧ ਨੌਕਰੀਆਂ ਦੀਆਂ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਜਿਸ ਵਿੱਚ ਸਭ ਤੋਂ ਵੱਧ ਪੈਕੇਜ 50 ਲੱਖ ਰੁਪਏ ਤੋਂ ਵੱਧ ਸੀ। ਸੀ ਜੀ ਸੀ ਦੇ ਵਿਦਿਆਰਥੀਆਂ ਨੂੰ ਇੱਕ ਤੋਂ ਵੱਧ ਕੰਪਨੀਆਂ ਤੋਂ ਨੌਕਰੀ ਦੇ ਆਫਰ ਵੀ ਪ੍ਰਾਪਤ ਹੋਏ। ਸੀ ਜੀ ਸੀ ਲਾਂਡਰਾਂ ਦੇ ਚੇਅਰਮੈਨ ਸਤਨਾਮ ਸਿੰਘ ਸੰਧੂ ਨੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਅਤੇ ਕੈਰੀਅਰ ਦੇ ਮੌਕੇ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹਾਂ ਤਾਂ ਜੋ ਉਹ ਗਲੋਬਲ ਮਾਰਕਿਟ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋ ਸਕਣ। ਸੀਜੀਸੀ ਲਾਂਡਰਾ ਦੇ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਨੇ ਪਲੇਸਮੈਂਟ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਪਿੰਡ ਦਰੀਆ 'ਚ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਅੱਡਾ ਸਰਾਂ (ਜਸਵੀਰ ਕਾਜਲ)**-ਅੱਡਾ ਸਰਾਂ ਨਜ਼ਦੀਕ ਪਿੰਡ ਦਰੀਆ ਦੇ ਨੌਜਵਾਨਾਂ ਵਲੋਂ ਐਨ ਆਰ ਆਈਜ਼ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੜਕ 'ਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ। ਇਸ ਮੌਕੇ ਗੋਬਿੰਦ ਸਿੰਘ ਪ੍ਰਧਾਨ, ਦਵਿੰਦਰ ਕੌਰ, ਭੁਪਿੰਦਰ ਨਰਵਾਲ, ਜਸਵੀਰ ਦਰੀਆ, ਸਨੀ ਦਰੀਆ, ਅਕਾਸ਼ ਨਰਵਾਲ, ਜੋਤ ਨਰਵਾਲ, ਡਿੰਪਾ ਦਰੀਆ, ਕਰਮਵੀਰ ਸਿੰਘ, ਤਰਨ ਨਰਵਾਲ, ਸਨੀ ਨਰਵਾਲ, ਨਵੀ ਨਰਵਾਲ, ਜੀਤ ਨਰਵਾਲ, ਦਮਨ ਨਰਵਾਲ, ਡਾ ਜੱਸੀ, ਚਰਨ ਸਿੰਘ ਢਿੱਲੋਂ, ਜੀਵਨ ਨਰਵਾਲ, ਜੀਤ ਨਰਵਾਲ, ਆਦਿ ਹਾਜ਼ਰ ਸਨ



# ਪੱਤੀ ਝੁੱਗੀਆਂ 'ਚ ਹੋਏ ਇਕੱਠ 'ਚ ਭਾਜਪਾ ਲਈ ਪੂਰਾ ਉਤਸ਼ਾਹ : ਧਾਲੀਵਾਲ



ਮਹਿਤਪੁਰ (ਰਾਜਾ) ਪਿੰਡ ਪੱਤੀ ਝੁੱਗੀਆਂ ਵਾਰਡ ਨੰਬਰ 8 'ਚ ਅਸ਼ਵਨੀ ਗਿੱਲ ਦੀ ਅਗਵਾਈ ਹੇਠ ਵੱਡੇ ਪੱਧਰ 'ਤੇ ਭਾਜਪਾ ਦੀ ਮੀਟਿੰਗ ਕਰਵਾਈ ਗਈ।ਇਸ ਮੀਟਿੰਗ ਨੂੰ ਹਰਦੀਪ ਸਿੰਘ ਰਾਣਾ ਨੇ ਸੰਬੋਧਨ ਕੀਤਾ, ਉਨ੍ਹਾਂ ਨੇ ਕਿਹਾ ਕਿ ਭਾਜਪਾ ਹੀ ਇਕ ਇਹੋ ਜਿਹੀ ਪਾਰਟੀ ਹੈ ਜਿਸ 'ਚ ਹਰ ਵਰਗ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ।ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੱਖ ਵੱਖ ਚੱਲਦੀਆਂ ਗਰੀਬ ਵਰਗ ਲਈ ਸਕੀਮਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਆਪਣਾ ਇਕ ਇਕ ਕੀਮਤੀ ਵੋਟ ਪਾ ਕੇ ਸੁਸ਼ੀਲ ਕੁਮਾਰ ਰਿੰਕੂ ਨੂੰ ਪਾ ਕੇ ਕਾਮਯਾਬ ਬਣਾਓ।ਇਸ ਮੌਕੇ ਪ੍ਰਸ਼ੋਤਮ ਸੋਂਧੀ ਚੇਅਰਮੈਨ ਡਾ ਬੀ ਆਰ ਅੰਬੇਡਕਰ ਦਲਿਤ ਸੈਨਾ ਪੰਜਾਬ ਵੀ ਹਾਜ਼ਰ ਸਨ। ਉਨ੍ਹਾਂ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਭਾਜਪਾ ਹੀ ਇਕ ਇਹੋ ਜਿਹੀ ਪਾਰਟੀ ਹੈ ਜਿਸ ਨੇ ਹਮੇਸ਼ਾ ਗਰੀਬਾਂ ਦਾ ਸਾਥ ਦਿੱਤਾ ਹੈ।ਇਸ ਮੌਕੇ ਪਿੰਡ ਪੱਤੀ ਝੁੱਗੀਆਂ ਵਿੱਚ ਹੋਏ ਇਕੱਠ ਵਿਚ ਭਾਜਪਾ ਸਰਕਾਰ ਲਈ ਪੂਰਾ ਉਤਸ਼ਾਹ ਦੇਖਿਆ ਗਿਆ।ਇਸ ਮੌਕੇ ਟੋਨੀ ਅਨੇਜਾ ਮੰਡਲ ਪ੍ਰਧਾਨ ਮਹਿਤਪੁਰ, ਅਸ਼ਵਨੀ ਧਾਲੀਵਾਲ ਪੰਜਾਬ ਪ੍ਰਧਾਨ ਡਾ. ਬੀ ਆਰ ਅੰਬੇਡਕਰ ਦਲਿਤ ਸੈਨਾ ਪੰਜਾਬ, ਮੰਗਤ ਰਾਮ ਸਾਬਕਾ ਸਰਪੰਚ, ਹਨੀ ਰਾਮੂਵਾਲੀਆ, ਸੰਜੀਵ ਵਰਮਾ, ਭੁਪਿੰਦਰ ਸਿੰਘ, ਕੁਲਵੀਰ ਚੰਦ, ਰਮੇਸ਼ ਵਰਮਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਹਿਤਪੁਰ, ਕਨਵਰ ਸੰਧੂ, ਨਿਰਮਲ ਸਿੰਘ ਥਿੰਦ, ਜਗਦੀਸ਼ ਸਿੰਘ, ਬੂਟਾ ਸਿੰਘ, ਜਸਵੀਰ ਸਿੰਘ ਕੌੜਾ, ਸੋਢੀ, ਸੁਰਿੰਦਰ ਪਾਲ ਗਾਗਾ, ਦਲਵੀਰ ਚੰਦ, ਲਾਡੀ ਰੂਪਰਾਏ । ਇਸ ਮੌਕੇ ਔਰਤਾਂ ਦੀ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਸੀ, ਜਿਸ ਵਿਚ ਜੋਤੀ ਪ੍ਰਧਾਨ ਮਹਿਲਾ ਵਿੰਗ, ਅਮਰਜੀਤ ਕੌਰ, ਪਾਲੋ, ਸੰਗੀਤਾ, ਕਸ਼ਮੀਰ ਕੌਰ, ਅਨੂ ਰਾਣੀ, ਆਰਤੀ, ਰੀਮਾ, ਬਲਵੀਰੋ, ਪਰਮਿੰਦਰ, ਦੀਸ਼ੋ, ਕੁਲਦੀਸ਼ ਕੌਰ, ਕੁਲਦੀਪ ਕੌਰ ਮੌਜੂਦ ਸਨ।

# ਡਾ. ਸੁਭਾਸ਼ ਸ਼ਰਮਾ ਵੱਲੋਂ ਬਲਾਚੌਰ ਦੇ ਬਾਰ ਰੂਮ ਵਿਖੇ ਵਕੀਲਾਂ ਨਾਲ ਮੀਟਿੰਗ



**ਬਲਾਚੌਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਡਾਕਟਰ ਸੁਭਾਸ਼ ਸ਼ਰਮਾ ਵੱਲੋਂ ਬਲਾਚੌਰ ਦੇ ਬਾਰ ਰੂਮ ਵਿਖੇ ਸਥਾਨਕ ਵਕੀਲਾਂ ਨਾਲ ਇੱਕ ਮੀਟਿੰਗ ਕੀਤੀ ਗਈ।ਇਸ ਮੌਕੇ ਵੱਡੀ ਗਿਣਤੀ 'ਚ ਮੌਜੂਦ ਵਕੀਲਾਂ ਨੇ ਦੇਸ਼ ਨੂੰ ਆਰਥਿਕ ਪੱਖੋਂ ਕਰਨ ਵਿੱਚ ਲੱਗੇ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਮਰਥਨ ਕਰਦਿਆਂ ਡਾਕਟਰ ਸੁਭਾਸ਼ ਸ਼ਰਮਾ ਦਾ ਮਜਬੂਤੀ ਨਾਲ ਸਾਥ ਦੇਣ ਦਾ ਵਾਅਦਾ ਕੀਤਾ।ਇਸ ਮੌਕੇ ਡਾਕਟਰ ਸੁਭਾਸ਼ ਸ਼ਰਮਾ ਨੇ ਦੱਸਿਆ ਕੀ ਉਹ ਛੋਟੀ ਉਮਰ ਤੋਂ ਹੀ ਸਮਾਜ ਸੇਵੀ ਕੰਮਾਂ ਵਿੱਚ ਜੁਟ ਗਏ ਸੀ ਜਿਸ ਨਤੀਜੇ ਵਜੋਂ ਭਾਰਤੀ ਜਨਤਾ ਪਾਰਟੀ ਨੇ ਮੇਰੇ ਵਰਗੇ ਆਮ ਜਿਹੇ ਵਰਕਰ ਤੇ ਭਰੋਸਾ ਕਰਕੇ ਉਸ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਟਿਕਟ ਦੇਕੇ ਆਪ ਸਭ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਇਸ ਮੌਕੇ ਵਕੀਲਾਂ ਵੱਲੋਂ ਖੁੱਲ ਕੇ ਡਾਕਟਰ ਸੁਭਾਸ਼ ਸ਼ਰਮਾ ਨਾਲ ਆਪਣੇ ਦਿਨ ਦੀ ਗੱਲ ਕੀਤੀ ਗਈ ਅਤੇ ਉਹਨਾਂ ਨੂੰ ਦੱਸਿਆ ਗਿਆ ਕਿ ਸਾਡਾ ਹਲਕਾ ਵਿਕਾਸ ਪੱਖੋਂ ਬਹੁਤ ਹੀ ਜਿਆਦਾ ਪਿਛੜਿਆ ਹੋਇਆ ਹੈ। ਡਾ ਸੁਭਾਸ਼ ਸ਼ਰਮਾ ਨੇ ਵਿਸ਼ਵਾਸ ਦਵਾਇਆ ਕਿ ਉਹਨਾਂ ਵੱਲੋਂ ਹਲਕੇ ਦਾ ਵਿਕਾਸ ਪੱਖੋਂ ਇਕ ਰੋਡ ਮੈਪ ਉਹਨਾਂ ਵੱਲੋਂ ਤਿਆਰ ਕੀਤਾ ਗਿਆ ਹੈ ਜੋ ਕਿ ਉਹ ਇੱਕ ਵਿੱਚ ਚਲੋ ਤੁਸੀਂ ਭਾਜਪਾ ਸਰਕਾਰ ਵੱਲੋਂ ਇਸ ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।ਇਸ ਮੌਕੇ ਸਥਾਨਕ ਸਾਹਿਬ ਢਾਬਾ ਵਿਖੇ ਲੋਕਾਂ ਵੱਲੋਂ ਡਾ ਸੁਭਾਸ਼ ਸ਼ਰਮਾ ਨਾਲ ਮਿਲਕੇ ਉਨ੍ਹਾਂ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕਸਭਾ ਭੇਜਣ ਦਾ ਭਰੋਸਾ ਦਵਾਇਆ ਗਿਆ।

# ਬੇਲਾ ਕਾਲਜ 'ਚ ਚੋਣਾਂ ਨੂੰ ਲੈ ਕੇ ਰੈਲੀ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਜ਼ਿਲ੍ਹਾ ਚੋਣਕਾਰ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਤੇ ਉਪ ਮੰਡਲ ਮੈਜਿਸਟਰੇਟ ਅਮਰੀਕ ਸਿੰਘ ਸਿੱਧੂ ਦੀ ਅਗਵਾਈ ਹੇਠ ਪੋਲਿੰਗ ਪਾਰਟੀਆਂ ਨੂੰ ਅਮਰ ਸ਼ਹੀਦ ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਚੋਣਾਂ ਸੰਬੰਧੀ ਦੂਜੀ ਰਿਹਰਸਲ ਕਰਵਾਈ ਗਈ। ਸਵੀਪ ਨੋਡਲ ਅਫ਼ਸਰ ਰਾਬਿੰਦਰ ਸਿੰਘ ਰੱਬੀ ਨੇ ਦੱਸਿਆ ਕਿ ਇਸ ਮੌਕੇ ਪੋਸਟਲ ਬੈਲਟ, ਈ ਵੀ ਐੱਮ, ਛੇ ਤਰ੍ਹਾਂ ਦੇ ਲਿਫਾਫਿਆਂ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਿੱਧੂ ਨੇ ਪੋਲਿੰਗ ਸਟਾਫ ਨੂੰ ਜ਼ਰੂਰੀ ਮੁੱਦਿਆਂ ਤੋਂ ਜਾਣੂੰ ਕਰਵਾਇਆ । ਚੋਣ ਇੰਚਾਰਜ ਤਹਿਸੀਲਦਾਰ ਕਰਮਜੋਤ ਸਿੰਘ, ਨਾਇਬ ਤਹਿਸੀਲਦਾਰ ਰਵਿੰਦਰਜੀਤ ਕੌਰ, ਬੀ ਡੀ ਪੀ ਓ ਅਜਾਇਬ ਸਿੰਘ ਅਤੇ ਸਟੇਟ ਰਿਸੋਰਸ ਪਰਸਨ ਦਿਨੇਸ਼ ਸੈਣੀ ਤੋਂ ਇਲਾਵਾ ਸਮੂਹ ਸੈਕਟਰ ਅਫ਼ਸਰਾਂ, ਪਟਵਾਰੀਆਂ, ਕਾਰਜ ਸਾਧਕ ਅਫ਼ਸਰਾਂ ਅਤੇ ਸੇਵਾਦਾਰਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਤੋਂ ਬਾਅਦ 12 ਮੈਂਬਰੀ ਬੂਥ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਮੁੱਖ ਕਾਰਜ ਵੋਟਰਾਂ ਨੂੰ ਜਾਣੂੰ ਕਰਵਾ ਕੇ ਬੂਥ ਉੱਤੇ ਲੈ ਕੇ ਆਉਣਾ ਹੈ। ਇਸ ਤੋਂ ਬਾਅਦ ਸਿੱਧੂ ਵੱਲੋਂ ਪੋਲਿੰਗ ਅਫ਼ਸਰਾਂ ਨੂੰ ਹਰਿਆਲੀ ਲਈ ਬੂਟੇ ਵੀ ਵੰਡੇ ਗਏ ਅਤੇ ਇਨ੍ਹਾਂ ਨੂੰ ਪਾਲਣ ਲਈ ਵੀ ਪ੍ਰੇਰਿਤ ਕੀਤਾ ਗਿਆ। ਪਾਰਟੀਆਂ ਨੂੰ ਪਲਾਸਟਿਕ ਤੋਂ ਬਚਣ, ਸਫ਼ਾਈ ਰੱਖਣ, ਛਬੀਲਾਂ ਲਾਉਣ ਦੇ ਸੁਝਾਓ ਵੀ ਦਿੱਤੇ ਗਏ। ਇਸ ਉਪਰੰਤ ਸਮੂਹ ਮੁਲਾਜ਼ਮਾਂ ਵਲੋਂ ਬੇਲਾ ਦੇ ਬਜ਼ਾਰਾਂ ਵਿੱਚ ਰੈਲੀ ਕੱਢੀ ਗਈ, ਜਿਸ ਵਿੱਚ ਆਲੇ-ਦੁਆਲੇ ਨੂੰ ਹਰਾ-ਭਰਾ ਕਰਨ ਲਈ ਨਾਹਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਰੁਪਿੰਦਰ ਸਿੰਘ ਸੋਨੂੰ, ਪਰਮਿੰਦਰ ਸਿੰਘ, ਰਣਵੀਰ ਸਿੰਘ, ਗਗਨਦੀਪ ਸਿੰਘ, ਓਮ ਪ੍ਰਕਾਸ਼, ਧਰਮਿੰਦਰ ਭੰਗੂ, ਹਰਵਿੰਦਰ ਸਿੰਘ, ਚਰਨਪ੍ਰੀਤ ਸਿੰਘ, ਦਵਿੰਦਰ ਸਿੰਘ, ਵਿਵੇਕ ਜਲੋਟਾ, ਕੋਮਲਪ੍ਰੀਤ ਸਿੰਘ , ਗੁਰਤੇਜ ਸਿੰਘ, ਵਰੁਣ ਮਹਿਤਾ, ਪ੍ਰਵੀਨ ਕੁਮਾਰ, ਸੰਦੀਪ ਕੁਮਾਰ ਸ਼ਰਮਾ ਅਤੇ ਇੰਦਰ ਮੋਹਣ ਸਿੰਘ ਆਦਿ ਹਾਜ਼ਰ ਸਨ।

# ਪ੍ਰਸ਼ੋਤਮ ਲਾਲ ਬਿਲਗਾ ਦੀ ਚੋਣ ਮੁਹਿੰਮ ਨੂੰ ਭੋਗਪੁਰ ਅੰਦਰ ਮਿਲਿਆ ਵੱਡਾ ਹੁੰਗਾਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਾਥੀ ਪ੍ਰਸ਼ੋਤਮ ਲਾਲ ਬਿਲਗਾ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਦਿੰਦਿਆਂ ਕਸਬਾ ਭੋਗਪੁਰ ਅੰਦਰ ਸਾਥੀਆਂ ਨੇ ਝੰਡੇ ਫੜ ਕੇ ਵੱਡੀ ਗਿਣਤੀ 'ਚ ਇੱਕਜੁੱਟ ਹੋ ਕੇ ਗਲੀਆਂ ਬਜ਼ਾਰਾਂ ਅੰਦਰ, ਘਰ-ਘਰ ਅਤੇ ਦੁਕਾਨਾਂ ਤੇ ਸੀ ਪੀ ਆਈ (ਐਮ) ਅਤੇ ਸੀ ਪੀ ਆਈ ਵਲੋਂ ਵੋਟਰਾਂ ਨੂੰ ਸਾਂਝੀ ਅਪੀਲ ਦੇ ਹੈਂਡ ਬਿਲ ਅਤੇ ਸਾਥੀ ਬਿਲਗਾ ਦਾ ਚੋਣ ਨਿਸ਼ਾਨ ਅਤੇ ਉਹਨਾਂ ਦੀ ਫੋਟੋ ਵਾਲੇ ਹੈਂਡ ਬਿਲ ਲੋਕਾਂ ਦੇ ਹੱਥਾਂ 'ਚ ਪੁਚਾਉਣ ਦਾ ਯਤਨ ਕੀਤਾ ਗਿਆ।ਯਾਦ ਰਹੇ ਕਿ 18 ਮਈ, 2024 ਤੋਂ ਸਾਥੀ ਗੁਰਮੇਸ਼ ਸਿੰਘ ਮੈਂਬਰ ਸੂਬਾ ਕਮੇਟੀ ਸੀ ਪੀ ਆਈ (ਐਮ), ਸਾਥੀ ਹਰਜਿੰਦਰ ਸਿੰਘ ਮੌਜੀ ਜ਼ਿਲ੍ਹਾ ਅਗਜੈਕਟਿਵ ਮੈਂਬਰ ਸੀ ਪੀ ਆਈ, ਸਾਥੀ ਰਣਜੀਤ ਸਿੰਘ ਚੌਹਾਨ, ਸਾਥੀ ਹਰਬੰਸ ਸਿੰਘ ਧੂਤ, ਸਾਥੀ ਸਵਰਨਜੀਤ ਸਿੰਘ ਕੁਰੇਸ਼ੀਆਂ, ਸਾਥੀ ਅਜੀਤ ਸਿੰਘ ਤੇ ਹਰਮੇਲ ਸਿੰਘ ਹੁਸੈਨਪੁਰ, ਗੁਰਪ੍ਰੀਤ ਸਿੰਘ ਹੁਸੈਨਪੁਰ ਆਦਿ ਸਾਥੀਆਂ ਵੱਲੋਂ ਪਿੰਡ-ਪਿੰਡ ਹੈਂਡ ਬਿਲ ਵੰਡਣ ਅਤੇ ਇਸ਼ਤਿਹਾਰਾਂ ਨੂੰ ਕੰਧਾਂ ਤੇ ਚਿਪਕਾਉਣ ਦਾ ਕਰੀਬ 101 ਪਿੰਡਾਂ ਵਿੱਚ ਚੋਣ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਂਦਿਆਂ ਹੋਇਆ ਅੱਜ ਉਕਤ ਪ੍ਰੋਗਰਾਮ ਨੂੰ ਭੋਗਪੁਰ ਸ਼ਹਿਰ ਅੰਦਰ ਚਲਾਇਆ ਗਿਆ।ਸ਼ਹਿਰ ਅੰਦਰ ਲੋਕਾਂ ਵਲੋਂ ਇਸ ਜੱਥੇ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਕਈ ਜਗ੍ਹਾ ਲੋਕਾਂ ਨੇ ਪੂਰਾ ਸਮਰਥਨ ਦੇਣ ਦਾ ਵਿਸ਼ਵਾਸ਼ ਵੀ ਦਿੱਤਾ।ਇਸ ਮੌਕੇ ਇਲਾਕੇ ਦੇ ਪਿੰਡਾਂ 'ਚੋਂ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਏ ਜਿਨ੍ਹਾਂ ਵਿੱਚ ਮਹਿੰਦਰ ਸਿੰਘ ਘੋੜੇਵਾਹੀ, ਬਲਵਿੰਦਰ ਸਿੰਘ ਉਰਫ ਬਿੱਲਾ ਤੇ ਬਲਜਿੰਦਰ ਸਿੰਘ ਖੋਜੀਪੁਰ, ਪੰਡਤ ਕੁਲਦੀਪ ਬਹਿਰਾਮ, ਪੰਕਜ ਕੁਮਾਰ ਚਠਿਆਲ ਅਤੇ ਜਸਵੰਤ ਰਾਏ ਸਨੌਰ ਉਚੇਚੇ ਤੌਰ ਤੇ ਸ਼ਾਮਲ ਹੋਏ। ਇਸ ਸਮੇਂ ਦੌਰਾਨ ਸਾਥੀਆਂ ਵੱਲੋਂ 25 ਪਿੰਡਾਂ ਅੰਦਰ ਛੋਟੇ ਵੱਡੇ ਇੱਕਠ ਕਰਕੇ ਸਾਥੀ ਪ੍ਰਸ਼ੋਤਮ ਲਾਲ ਬਿਲਗਾ ਦੇ ਚੋਣ ਨਿਸ਼ਾਨ ਦਾਤੀ ਹਥੌੜਾ ਉਪਰ ਤਾਰਾ ਦੇ ਨਿਸ਼ਾਨ ਦਾ ਬਟਣ ਦੱਬਾ ਕੇ ਉਹਨਾਂ ਨੂੰ ਵੱਧ ਤੋਂ ਵੱਧ ਵੋਟਾ ਪਾ ਕੇ ਜਿਤਾਉਣ ਦੀ ਅਪੀਲ ਕੀਤੀ।

# ਮਾ. ਪ੍ਰੀਤਮ ਕੁਮਾਰ ਦੀ ਯਾਦ 'ਚ ਤਰਕਸ਼ੀਲ ਸੈਮੀਨਾਰ



**ਸ੍ਰੀ ਆਨੰਦਪੁਰ ਸਾਹਿਬ**-ਮਾ. ਪ੍ਰੀਤਮ ਕੁਮਾਰ ਕਾਫੀ ਅਰਸਾ ਤਰਕਸ਼ੀਲ ਸੁਸਾਇਟੀ ਰੋਪੜ ਵਿੱਚ ਸਰਗਰਮ ਆਗੂ ਦੇ ਤੌਰ 'ਤੇ ਵਿਚਰਦੇ ਰਹੇ ਜਿਨ੍ਹਾਂ ਦੀ ਮਈ 2015 ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਦੀ ਯਾਦ 'ਚ ਗਾਂਧੀ ਮੈਮੋਰੀਅਲ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਰੋਪੜ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ। ਜਿਸ ਦੇ ਮੁੱਖ ਮਹਿਮਾਨ ਡਾ. ਕੁਲਦੀਪ ਸਿੰਘ ਦੀਪ ਸਨ। ਸੂਬਾ ਆਗੂ ਅਜੀਤ ਪ੍ਰਦੇਸੀ, ਇਕਾਈ ਮੁਖੀ ਅਸ਼ੋਕ ਕੁਮਾਰ ਤੇ ਹਰਨੇਕ ਚੱਕ ਕਰਮਾਂ ਨੇ ਸਾਂਝਾ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਉੱਘੇ ਸ਼ਾਇਰ ਸੁਰਜੀਤ ਪਾਤਰ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਤੇ ਗਾਂਧੀ ਸਕੂਲ ਦੇ ਸਾਬਕਾ ਪ੍ਰਿੰਸੀਪਲ ਭਾਨੂ ਪ੍ਰਤਾਪ ਸਿੰਘ ਠਾਕੁਰ ਨੇ ਜੀ ਆਇਆਂ ਕਹਿੰਦਿਆਂ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ। ਡਾ. ਕੁਲਦੀਪ ਸਿੰਘ ਦੀਪ ਨੇ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ 'ਤੇ ਜ਼ੋਰ ਦਿੱਤਾ ਤੇ ਸੁਰਜੀਤ ਪਾਤਰ ਦੀਆਂ ਪੁਸਤਕਾਂ ਵੱਧ ਤੋਂ ਵੱਧ ਆਪ ਪੜ੍ਹਨ ਤੇ ਲੋਕਾਂ ਨੂੰ ਪੜ੍ਹਾਉਣ ਲਈ ਸੁਨੇਹਾ ਵੀ ਦਿੱਤਾ। ਡਾ. ਦੀਪ ਨੇ ਇਹ ਵੀ ਗੱਲ ਜ਼ੋਰ ਦੇ ਕੇ ਆਖੀ ਕਿ ਵਹਿਮਾਂ-ਭਰਮਾਂ ਤੇ ਰਸਮੋ ਰਿਵਾਜਾਂ ਦਾ ਪਿਛੋਕੜ ਜਾਣਦਿਆਂ ਇਨ੍ਹਾਂ ਬਾਰੇ ਵਿਗਿਆਨਕ ਨਜ਼ਰੀਆ ਅਪਣਾਇਆ ਜਾਵੇ। ਲੈਕਚਰਾਰ ਸੁਰਜਣ ਸਿੰਘ ਤੇ ਮਾਸਟਰ ਪ੍ਰੀਤਮ ਕੁਮਾਰ ਦੇ ਬੇਟੇ ਸੰਜੀਵ ਕੁਮਾਰ ਨੇ ਪ੍ਰੀਤਮ ਕੁਮਾਰ ਦੇ ਸੰਘਰਸ਼ਮਈ ਜੀਵਨ ਦੀ ਇਨਕਲਾਬੀ ਗਾਥਾ ਬਿਆਨ ਕੀਤੀ। ਗਾਂਧੀ ਸਕੂਲ ਦੇ ਮੌਜੂਦਾ ਪ੍ਰਿੰਸੀਪਲ ਰਵੀਸ਼ੰਕਰ ਬਾਂਸਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਵਿਗਿਆਨਕ ਸੋਚ ਦੇ ਪ੍ਰਚਾਰ ਪ੍ਰਸਾਰ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਅਜਿਹੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ। ਕੁਲਵਿੰਦਰ ਮਾਹਲ ਵੱਲੋਂ ਜਾਦੂ ਸ਼ੋਅ ਤੇ ਅਮਨਦੀਪ ਘੁੰਮਣ ਵੱਲੋਂ ਗੀਤ ਪੇਸ਼ ਕੀਤਾ ਗਿਆ। ਮਾਸਟਰ ਪਰਵਿੰਦਰ ਸਿੰਘ ਤੇ ਅਸ਼ੋਕ ਕੁਮਾਰ ਨੇ ਵੀ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਈ। ਸੁਸਾਇਟੀ ਵੱਲੋਂ ਡਾ. ਕੁਲਦੀਪ ਸਿੰਘ ਦੀਪ, ਭਾਨੂ ਪ੍ਰਤਾਪ ਸਿੰਘ ਠਾਕੁਰ, ਪ੍ਰਿੰਸੀਪਲ ਬਾਂਸਲ , ਮਾ.ਜਰਨੈਲ ਕ੍ਰਾਂਤੀ ਤੇ ਮਾ. ਪ੍ਰੀਤਮ ਕੁਮਾਰ ਦੇ ਪਰਵਾਰ ਨੂੰ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਸਟਾਫ ਮੈਂਬਰ, ਵਿਦਿਆਰਥੀ, ਉੱਘੀ ਲੇਖਕਾ ਮਨਦੀਪ ਰਿੰਪੀ, ਪ੍ਰਿੰਸੀਪਲ ਸੰਤ ਸੁਰਿੰਦਰ ਪਾਲ ਸਿੰਘ, ਹਰਜਿੰਦ

# ਚੋਣਾਂ ਦੇ ਮੱਦੇਨਜ਼ਰ ਕੱਢਿਆ ਫਲੈਗ ਮਾਰਚ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਰਧ ਸੈਨਿਕ ਬਲਾਂ ਤੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਨੂਰਪੁਰਬੇਦੀ ਸ਼ਹਿਰ ਸਹਿਤ ਖੇਤਰ ਦੇ ਹੋਰਨਾਂ ਕਸਬਿਆਂ 'ਚ ਪੈਦਲ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਉਕਤ ਜਵਾਨਾਂ ਨੇ ਨੂਰਪੁਰਬੇਦੀ ਸ਼ਹਿਰ ਦੇ ਮੁੱਖ ਬਾਜ਼ਾਰ 'ਤੇ ਬੱਸ ਸਟੈਂਡ ਵਿਖੇ ਪੈਦਲ ਮਾਰਚ ਕੱਢਿਆ। ਫਲੈਗ ਮਾਰਚ ਦੀ ਅਗਵਾਈ ਕਰ ਰਹੇ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਪੈਦਲ ਮਾਰਚ ਦਾ ਉਦੇਸ਼ ਲੋਕਾਂ ਨੂੰ ਬਿਨ੍ਹਾਂ ਕਿਸੀ ਡਰ ਜਾਂ ਦਬਾਅ ਤੋਂ ਅਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤੇ ਜਾਣ ਲਈ ਉਤਸਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਵਕ ਢੰਗ ਤੇ ਨਿਰਪੱਖਤਾ ਨਾਲ ਚੋਣਾਂ ਕਰਵਾਏ ਜਾਣ ਲਈ ਸ਼ਹਿਰ ਤੇ ਆਸ-ਪਾਸ ਦੇ ਕਸਬਿਆਂ 'ਚ ਸਥਾਪਿਤ ਕੀਤੇ ਗਏ ਪੋਲਿੰਗ ਬੂਥਾਂ 'ਤੇ ਉਕਤ ਅਰਧ ਸੈਨਿਕ ਬਲਾਂ ਤੇ ਪੁਲਸ ਜਵਾਨਾਂ ਦੀ ਤੈਨਾਤੀ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਜਿੱਥੇ ਵੋਟ ਪਾਉਣ ਲਈ ਉਤਸਾਹਿਤ ਕੀਤਾ ਉੱਥੇ ਹੀ ਅਪੀਲ ਕੀਤੀ ਕਿ ਉਹ ਕਿਸੀ ਵੀ ਪ੍ਰਕਾਰ ਦੀ ਮਹੱਤਵਪੂਰਣ ਜਾਣਕਾਰੀ ਜਾਂ ਸੂਚਨਾਂ ਦੇਣ ਲਈ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਹਿਯੋਗ ਕਰਨ।

29-MAY-PAGE-10.qxd 5/28/2024 10:42 PM Page 1



# ਭਗਵੰਤ ਮਾਨ ਵੱਲੋਂ ਕਰਮਜੀਤ ਅਨਮੋਲ ਦੇ ਹੱਕ 'ਚ ਰੋਡ ਸ਼ੋਅ

## ਵਿਧਾਇਕ ਸਿੱਧੂ ਦੀ ਅਗਵਾਈ 'ਚ ਵੱਡੀ ਗਿਣਤੀ ਲੋਕ ਰੋਡ ਸ਼ੋਅ 'ਚ ਪਹੁੰਚੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੋਮਵਾਰ ਸ਼ਾਮ ਨੂੰ ਰਾਮਪੁਰਾ ਫੂਲ ਵਿਖੇ ਰੋਡ ਸ਼ੋਅ ਕੱਢਿਆ ਗਿਆ।ਇਸ ਰੋਡ ਸ਼ੋਅ ਵਿੱਚ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਅਗਵਾਈ ਵਿੱਚ ਆਪ ਵਲੰਟੀਅਰ ਤੇ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ।

ਸ਼ਹਿਰ ਰਾਮਪੁਰਾ ਵਿੱਚ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਇੱਕ ਵਾਰ ਫਿਰ 'ਝਾੜੂ' ਦਾ ਬਟਨ ਦਬਾਉਣ ਲਈ ਤਿਆਰ ਬੈਠੇ ਹਨ।ਉਨ੍ਹਾ ਕਿਹਾ ਕਿ ਲੋਕਾਂ ਵੱਲੋਂ ਮਿਲ ਰਹੇ ਪਿਆਰ ਤੇ ਸਹਿਯੋਗ ਲਈ ਉਹ ਧੰਨਵਾਦੀ ਹਨ, ਕਿਉਂਕਿ ਇਹ ਪਿਆਰ ਹੀ ਉਨ੍ਹਾਂ ਨੂੰ ਅਣਥੱਕ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ ਹੈ।ਉਨ੍ਹਾ ਕਿਹਾ ਕਿ 2022 ਵਿੱਚ ਪੰਜਾਬ ਦੇ ਲੋਕਾਂ ਨੇ ਉਨ੍ਹਾਂ 'ਤੇ ਭਰੋਸਾ ਕਰਕੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ।ਹੁਣ 2024 ਵਿੱਚ ਉਹ 43,000 ਸਰਕਾਰੀ ਨੌਕਰੀਆਂ ਦੇਣ ਤੋਂ ਬਾਅਦ ਲੋਕਾਂ ਵਿੱਚ ਖੜੇ ਹਨ, 90% ਘਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ। ਪੰਜਾਬ ਦੇ ਹਰੇਕ ਖੇਤ ਨੂੰ ਪਹਿਲੀ ਵਾਰ ਨਹਿਰੀ ਪਾਣੀ ਮਿਲ ਰਿਹਾ ਹੈ।ਮਾਨ ਨੇ ਕਿਹਾ ਕਿ ਪਹਿਲੀ ਵਾਰ ਕਿਸਾਨਾਂ ਨੂੰ ਦਿਨ ਵੇਲੇ 11 ਘੰਟੇ ਨਿਰਵਿਘਨ ਬਿਜਲੀ ਮਿਲ ਰਹੀ ਹੈ।ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਆਪਣੀ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ ਗਿਣਾਉਣ ਦੀ ਵੀ ਲੋੜ ਨਹੀਂ ਹੈ, ਕਿਉਂਕਿ ਨੌਜਵਾਨ, ਬੱਚੇ ਤੇ ਬਜ਼ੁਰਗ ਖ਼ੁਦ ਸਰਕਾਰ ਦੀਆਂ ਪ੍ਰਾਪਤੀਆਂ ਸਬੰਧੀ ਲਈ ਬੋਲ ਰਹੇ ਹਨ।ਭਗਵੰਤ ਮਾਨ ਨੇ ਆਪਣੀ ਕਵਿਤਾ ਕਿੱਕਲੀ ਸੁਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ, ਸੁਖਬੀਰ ਬਾਦਲ, ਹਰਸਿਮਰਤ ਕੌਰ ਤੇ ਬਿਕਰਮ ਸਿੰਘ ਮਜੀਠੀਆ 'ਤੇ ਤੰਜ ਕੱਸੇ।ਇਸ ਮੌਕੇ ਸੰਬੋਧਨ ਕਰਦਿਆਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ, 'ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਵਿਕਾਸ ਲਈ ਕੰਮ ਕਰ ਰਹੇ ਹਨ, ਉਸੇ ਤਰ੍ਹਾਂ ਹੀ ਮੈਂ ਲੋਕ ਸਭਾ ਹਲਕਾ ਫ਼ਰੀਦਕੋਟ ਦੇ ਵਿਕਾਸ ਲਈ ਕੰਮ ਕਰਾਂਗਾ।ਮੈਂ ਇਸ ਖੇਤਰ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਸੰਸਦ ਵਿੱਚ ਉਠਾਵਾਂਗਾ ਤੇ ਉਨ੍ਹਾਂ ਦਾ ਹੱਲ ਕਰਾਂਗਾ।' ਇਸ ਮੌਕੇ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਰੋਡ ਸ਼ੋਅ 'ਚ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਕਰਮਜੀਤ ਅਨਮੋਲ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪ ਉਮੀਦਵਾਰ ਨੂੰ ਹਲਕੇ ਤੋਂ ਵੋਟਾਂ ਵਿੱਚ ਵੱਡੀ ਲੀਡ ਨਾਲ ਜਿੱਤ ਦਿਵਾਉਣਗੇ।

# ਨਿਰਭੈ ਦੇ ਘਰ ਆਈ ਬੀ ਵੱਲੋਂ ਮਾਰੇ ਛਾਪੇ ਦੀ ਨਿੰਦਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਬੀਤੇ ਕੱਲ੍ਹ ਲੁਧਿਆਣੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਉਣਾ ਸੀ, ਕਿਸਾਨ ਜਥੇਬੰਦੀਆਂ ਦੇ ਵਿਰੋਧ ਨੂੰ ਰੋਕਣ ਲਈ ਕਿਸਾਨ ਆਗੂਆਂ ਦੇ ਘਰੇ ਪਹਿਲਾਂ ਹੀ ਛਾਪੇਮਾਰੀ ਸ਼ੁਰੂ ਕੀਤੀ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀ ਕੇ ਦੇ ਘਰੇ ਆਈ ਬੀ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ। ਘਰ ਦੇ ਵਿੱਚ ਹਾਜ਼ਰ ਔਰਤਾਂ ਨੂੰ ਦਾਬੇ ਮਾਰ ਕੇ ਪੁੱਛਦੇ ਰਹੇ, ਉਹ ਕੌਣ ਹਨ ਤੇ ਨਿਰਭੈ ਸਿੰਘ ਢੁੱਡੀਕੇ ਕਿੱਥੇ ਹੈ? ਦਿੱਲੀ ਅੰਦੋਲਨ-1 ਸਮੇਂ ਕਿਸਾਨ ਦਬਾਅ ਕਰਕੇ, ਮੋਦੀ ਸਰਕਾਰ ਨੇ ਤਿੰਨ ਕਾਨੂੰਨ ਵਾਪਸ ਲੈ ਲਏ ਸਨ, ਇਹ ਕਿਸਾਨਾਂ ਦੀ ਬਹੁਤ ਵੱਡੀ ਜਿੱਤ ਸੀ। ਨਾਲ ਹੀ ਮੋਦੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਐੱਮ.ਐੱਸ.ਪੀ. ਦੇਣ ਲਈ ਜਲਦੀ ਫੈਸਲਾ ਲੈਣਗੇ, ਪਰ ਹੁਣ ਤੱਕ ਉਨ੍ਹਾਂ ਨੇ ਕੋਈ ਫੈਸਲਾ ਨਹੀਂ ਲਿਆ ਅਤੇ ਨਾ ਹੀ ਦਿੱਲੀ ਅੰਦੋਲਨ ਸਮੇਂ ਪੈਦਾ ਹੋਈਆਂ ਮੰਗਾਂ ਜਿਵੇਂ ਝੂਠੇ ਪਾਏ ਪੁਲਸ ਕੇਸ ਖਾਰਜ ਕਰਨਾ, ਸਾਰੇ ਸ਼ਹੀਦ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਦੇਣਾ ਮੰਗਾਂ ਜਿਉਂ ਦੀਆਂ ਤਿਉਂ ਖੜੀਆਂ ਹਨ। ਦਿੱਲੀ ਅੰਦੋਲਨ-2 ਸਮੇਂ ਕਿਸਾਨਾਂ ਨੂੰ 13 ਫਰਵਰੀ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ। ਰਸਤੇ ਵਿੱਚ ਕਿੱਲ੍ਹ ਲਾਏ ਗਏ, ਭਾਰੀ ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ, ਹਜ਼ਾਰਾਂ ਦੀ ਗਿਣਤੀ ਵਿੱਚ ਪੁਲਸ ਤੇ ਪੈਰਾ-ਮਿਲਟਰੀ ਫੋਰਸ ਲਾ ਕੇ ਕਿਸਾਨਾਂ ਨੂੰ ਜਬਰੀ ਰੋਕਿਆ ਗਿਆ। ਕਿਸਾਨਾਂ 'ਤੇ ਡਰੋਨ ਨਾਲ ਬੰਬ ਵਰਸਾਏ ਗਏ। ਨੌਜਵਾਨ ਸ਼ੁਭਕਰਨ ਦੇ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ ਤੇ ਦਰਜਨਾਂ ਲੋਕਾਂ ਨੂੰ ਸ਼ਰੇ ਮਾਰ ਕੇ ਅੰਨ੍ਹੇ ਕੀਤਾ ਗਿਆ। ਇਸ ਲਈ ਕਿਸਾਨ ਆਗੂਆਂ ਵੱਲੋਂ ਉਨਾਂ ਨੂੰ ਸਵਾਲ ਕਰਨੇ ਜਾਇਜ਼ ਹਨ ਤੇ ਮੋਦੀ ਸਰਕਾਰ ਨੂੰ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ (ਔਰਤ ਵਿੰਗ) ਦੀ ਆਗੂ ਸੁਰਿੰਦਰ ਕੌਰ ਢੁੱਡੀਕੇ, ਕਰਮਜੀਤ ਕੌਰ ਭੁੱਲਰ, ਤੇਜ ਕੌਰ, ਅਮਰਜੀਤ ਕੌਰ ਤੇ ਅਮਨ ਕੌਰ ਨੇ ਆਈ ਬੀ ਵੱਲੋਂ ਮਾਰੇ ਛਾਪਿਆਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਔਰਤ ਆਗੂਆਂ ਨੇ ਕਿਹਾ ਕਿ ਦਿੱਲੀ ਹਕੂਮਤ ਵਿਰੁੱਧ ਜੱਦੋ ਜਹਿਦ ਚੱਲਦੀ ਰਹੇਗੀ, ਜਦੋਂ ਤੱਕ ਉਹ ਕਿਸਾਨਾਂ ਦੇ ਮਸਲਿਆਂ ਦਾ ਨਿਪਟਾਰਾ ਨਹੀਂ ਕਰਦੇ।

# ਲੋਕ-ਪੱਖੀ ਨੀਤੀਆਂ ਤੋਂ ਬਿਨਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਦਾ ਭਲਾ ਨਹੀਂ ਹੋ ਸਕਦਾ : ਸਮਾਓਂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-"ਭਾਜਪਾ ਤੇ ਕਾਂਗਰਸ ਦੋਵੇਂ ਧੜੇ ਹੀ ਵੱਡੇ ਪੂੰਜੀਪਤੀਆਂ ਦੇ ਦਲਾਲ ਨੇ। ਇਨ੍ਹਾਂ ਹਾਕਮਾਂ ਨੇ ਸੱਤਾ ਦੀ ਕੁਰਸੀ ਉੱਪਰ ਬੈਠ ਕੇ ਗਰੀਬਾਂ ਤੋਂ ਸਿੱਖਿਆ, ਇਲਾਜ ਤੇ ਰੁਜ਼ਗਾਰ ਖੋਹ ਲਿਆ ਹੈ।

ਲੋਕ ਪੱਖੀ ਨੀਤੀਆਂ ਤੋਂ ਬਿਨਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਦਾ ਭਲਾ ਨਹੀਂ ਹੋ ਸਕਦਾ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਕਲਿਆਣ ਸੁੱਖਾ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਬਠਿੰਡਾ ਲੋਕ ਸਭਾ ਹਲਕਾ ਤੋਂ ਪੰਜਾਬ ਸੋਸ਼ਲਿਸਟ ਅਲਾਇੰਸ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਉਮੀਦਵਾਰ ਭਗਵੰਤ ਸਿੰਘ ਸਮਾਓਂ ਨੇ ਕੀਤਾ। ਉਨ੍ਹਾ ਕਿਹਾ ਕਿ ਹਰ ਇਕ ਲਈ ਮੁਫ਼ਤ ਸਿੱਖਿਆ, ਇਲਾਜ ਤੇ ਰੁਜ਼ਗਾਰ ਗਰੰਟੀ ਕਾਨੂੰਨ ਪਾਸ ਕਰਾਉਣ ਲਈ ਪਾਰਲੀਮੈਂਟ ਵਿੱਚ ਆਵਾਜ਼ ਉਠਾਵਾਂਗੇ। ਉਨ੍ਹਾ ਕਿਹਾ ਕਿ ਨਿਮਾਣੀ ਸੇਵਾਦਾਰ ਬੀਬੀ ਬਾਦਲ ਨੇ ਔਰਤਾਂ ਸਿਰ ਚੜ੍ਹੇ ਕਰਜ਼ਾ ਮਾਫ਼ੀ ਲਈ ਪਾਰਲੀਮੈਂਟ ਵਿੱਚ ਕੋਈ ਅਵਾਜ਼ ਨਹੀਂ ਉਠਾਈ। ਉਨ੍ਹਾ ਕਿਹਾ ਕਿ ਵਿਕਾਸ ਦੇ ਨਾਂਅ 'ਤੇ ਵੋਟਾਂ ਲੈਣ ਵਾਲੇ ਲੀਡਰ ਦਿਨੋਂ ਦਿਨ ਅਮੀਰ ਹੋ ਰਹੇ ਹਨ, ਪਰ ਮਜ਼ਦੂਰ, ਕਿਸਾਨ ਕਰਜ਼ੇ ਵਿੱਚ ਡੁੱਬੇ ਪਏ ਹਨ। ਹਰ ਸ਼ਹਿਰ ਤੇ ਪਿੰਡ ਗੰਦੇ ਪਾਣੀ 'ਚ ਡੁੱਬੇ ਪਏ ਨੇ, ਪ੍ਰੰਤੂ ਬੀਬੀ ਬਾਦਲ ਕਹਿੰਦੀ ਐ ਕਿ ਬਠਿੰਡਾ ਹਲਕੇ ਦੀ ਨੁਹਾਰ ਬਦਲ ਦਿੱਤੀ ਹੈ, ਜਿਸ ਤੋਂ ਸਾਫ਼ ਹੈ ਕਿ 15 ਸਾਲਾਂ ਵਿੱਚ ਐੱਮ ਪੀ ਬਣ ਕੇ ਬੀਬੀ ਬਾਦਲ ਨੇ ਸਿਰਫ਼ ਸੋਨੇ ਦੇ ਗਹਿਣੇ ਹੀ ਇਕੱਠੇ ਕੀਤੇ ਹਨ। ਉਨ੍ਹਾ ਕਿਹਾ ਕਿ ਕਾਂਗਰਸ, ਭਾਜਪਾ ਨੇ ਸੱਤਾ ਉੱਪਰ ਬੈਠ ਗਰੀਬਾਂ ਤੋਂ ਸਿੱਖਿਆ/ਇਲਾਜ ਖੋਹ ਲਿਆ ਹੈ, ਜਿਸ ਕਾਰਨ ਅੱਜ ਗਰੀਬਾਂ ਦੇ ਬੱਚੇ ਅਨਪੜ੍ਹ ਰਹਿਣ ਤੇ ਲੋਕ ਬਿਨਾਂ ਇਲਾਜ ਬਿਮਾਰੀਆਂ ਵਿੱਚ ਮਰਨ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਤੋਂ ਵੱਡੀਆਂ ਆਸਾਂ ਲਾ ਕੇ ਸੱਤਾ ਉੱਪਰ ਲਿਆਂਦਾ ਸੀ, ਪ੍ਰੰਤੂ ਮੁੱਖ ਮੰਤਰੀ ਭਗਵੰਤ ਮਾਨ ਵੀ ਅਕਾਲੀ, ਕਾਂਗਰਸ ਦੀ ਤਰ੍ਹਾਂ ਪੰਜਾਬ, ਪੰਜਾਬੀ, ਪੰਥ ਵਿਰੋਧੀ ਹੀ ਨਿੱਕਲਿਆ। ਅਕਾਲੀ, ਕਾਂਗਰਸ, ਭਾਜਪਾ, ਆਪ ਭ੍ਰਿਸ਼ਟ ਲੀਡਰਾਂ ਕਾਰਨ ਹੀ ਮਜ਼ਦੂਰ, ਕਿਸਾਨ ਕਰਜ਼ੇ ਤੇ ਨੌਜਵਾਨ ਨਸ਼ਿਆਂ 'ਚ ਮਰ ਰਹੇ ਹਨ। ਉਨ੍ਹਾ ਲੋਕਾਂ ਨੂੰ 1 ਜੂਨ ਨੂੰ ਗੈਸ ਸਿਲੰਡਰ ਨੂੰ ਵੋਟ ਦੇਣ ਦੀ ਅਪੀਲ ਕੀਤੀ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਸੇਮਾ, ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਰਾਮਪੁਰ, ਗੁਰਭਜਨ ਸਿੰਘ ਪੱਪਾ, ਜਸਵੀਰ ਸਿੰਘ, ਨਛੱਤਰ ਸਿੰਘ, ਗੁਰਜੀਤ ਸਿੰਘ, ਲੀਲਾ ਸਿੰਘ, ਪਾਲਾਂ ਸਿੰਘ, ਜਸਵੰਤ ਕੌਰ, ਸੁਖਜੀਤ ਕੌਰ, ਪ੍ਰੇਮ ਪਾਲ ਕੌਰ, ਸਿਮਰਨਜੀਤ ਕੌਰ ਤੇ ਪਾਲ ਖਾਲਸਾ ਸਮੇਤ ਹੋਰ ਵਰਕਰ ਹਾਜ਼ਰ ਸਨ।

## ਕਾਤਰਾਂ

### ਉਰਮਿਲਾ ਦੇਵੀ ਨਮਿੱਤ ਪਾਠ ਦਾ ਭੋਗ ਭਲਕੇ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਹਿੰਦੁਸਤਾਨ ਇਲੈਕਟਰੀਕਲ ਵਾਲੇ ਪਾਰਸ ਕੁਮਾਰ ਜੈਨ ਤੇ ਸੁਰਿੰਦਰ ਕੁਮਾਰ ਜੈਨ ਦੇ ਮਾਤਾ ਸਵ. ਸ਼੍ਰੀਮਤੀ ਉਰਮਿਲਾ ਦੇਵੀ ਸੁਪਤਨੀ ਸਵ. ਸ਼੍ਰੀ ਮਹਿੰਦਰ ਦੇਵ ਦੇ 19 ਮਈ ਨੂੰ ਅਚਾਨਕ ਦੇਹਾਂਤ ਹੋਣ ਨਾਲ ਜੈਨ ਪਰਿਵਾਰ ਨੂੰ ਡੂੰਘਾ ਸਦਮਾ ਲੱਗਿਆ। ਸਵ. ਉਰਮਿਲਾ ਦੇਵੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 30 ਮਈ ਨੂੰ ਕਮਿਊਨਿਟੀ ਸੈਂਟਰ, ਨੇੜੇ ਬੱਸ ਸਟੈਂਡ, ਮਾਛੀਵਾੜਾ ਸਾਹਿਬ ਵਿਖੇ 1 ਤੋਂ 2 ਵਜੇ ਤੱਕ ਪਾਇਆ ਜਾਵੇਗਾ। ਇਸ ਮੌਕੇ ਸੀ ਪੀ ਆਈ ਬਲਾਕ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਜਗਦੀਸ਼ ਰਾਏ ਬੌਬੀ, ਪਰਮਿੰਦਰ ਸਿੰਘ ਗਿੱਲ, ਸਤਨਾਮ ਸਿੰਘ, ਰਾਜੇਸ਼ ਕਪੂਰ, ਅਜੇ ਕੁਮਾਰ ਮਿੱਤਲ, ਰਾਜਨ ਕੁਮਾਰ, ਤਜਿੰਦਰ ਸਿੰਘ ਬਰਾੜ, ਡਾ. ਸੰਜੀਵ ਕੁਮਾਰ ਅਗਰਵਾਲ, ਸੁਰੇਸ਼ ਕੁਮਾਰ ਅਗਰਵਾਲ, ਸੰਜੇ ਜੈਨ ਤੇ ਵਿਜੇ ਜੈਨ ਤੋਂ ਇਲਾਵਾ ਹੋਰ ਸਿਆਸੀ ਤੇ ਗੈਰ-ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ।

### ਡੇਰਾ ਮੁਖੀ ਜੇਲ੍ਹ ਤੋਂ ਹੀ ਦੇਖ ਸਕੇਗਾ ਲੋਕ ਸਭਾ ਚੋਣਾਂ ਦੇ ਨਤੀਜੇ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਭਾਰਤ ਅੰਦਰ ਧਰਮ ਤੇ ਰਾਜਨੀਤੀ ਦੀ ਸਿਆਸਤ ਦੇ ਚੱਲਦੇ ਸਭ ਪਾਰਟੀਆਂ ਦੇ ਆਗੂਆਂ ਦੀਆਂ ਵਹੀਰਾਂ ਧਾਰਮਿਕ ਸਥਾਨਾਂ ਵੱਲ ਹੁੰਦੀਆਂ ਹਨ। ਇਸੇ ਤਰ੍ਹਾਂ ਡੇਰਾਵਾਦ ਦੀ ਸਿਆਸਤ ਨਾਲ ਡੇਰਾ ਸਿਰਸਾ ਦਾ ਪੁਰਾਣਾ ਨਾਤਾ ਹੈ, ਜਿਸਦੇ ਚੱਲਦੇ ਕਈ ਗੰਭੀਰ ਅਪਰਾਧਾਂ ਅਧੀਨ ਰੋਹਤਕ ਜੇਲ੍ਹ 'ਚ ਬੰਦ ਸਿਰਸਾ ਸਥਿਤ ਡੇਰਾ ਮੁਖੀ ਗੁਰਮੀਤ ਸਿੰਘ ਇਸ ਵਾਰ ਜੇਲ੍ਹ ਤੋਂ ਲੋਕ ਸਭਾ ਚੋਣਾਂ ਦੇ ਨਤੀਜੇ ਦੇਖ ਸਕੇਗਾ। ਧਿਆਨ ਰਹੇ ਕਿ ਪੰਜਾਬ ਹਰਿਆਣਾ ਹਾਈਕੋਰਟ ਨੇ 29 ਫਰਵਰੀ 2024 ਨੂੰ ਹੁਕਮ ਦਿੱਤਾ ਸੀ ਕਿ ਡੇਰਾ ਮੁਖੀ ਨੂੰ ਅਦਾਲਤ ਤੋਂ ਪੁੱਛੇ ਬਿਨਾਂ ਪੈਰੋਲ ਨਾ ਦਿੱਤੀ ਜਾਵੇ।ਇਸੇ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਗੁਰਮੀਤ ਸਿੰਘ ਨੂੰ ਪੈਰੋਲ ਦੇਣ 'ਤੇ ਰੋਕ ਲਾ ਦਿੱਤੀ ਸੀ। ਡੇਰਾ ਮੁਖੀ ਨੇ ਹਾਈਕੋਰਟ ਚ ਪਟੀਸ਼ਨ ਦਾਇਰ ਕਰਕੇ ਇਸ ਹੁਕਮ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਤੇ ਹਰਿਆਣਾ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 31 ਜੁਲਾਈ ਨੂੰ ਹੋਵੇਗੀ।ਭਾਵ ਉਦੋਂ ਤੱਕ ਗੁਰਮੀਤ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ, ਕਿਉਂਕਿ ਲੋਕ ਸਭਾ ਚੋਣਾਂ ਦੇ ਨਤੀਜੇ 4 ਜੂਨ ਨੂੰ ਆਉਣਗੇ।ਭਾਵ ਡੇਰਾ ਮੁਖੀ ਲੋਕ ਸਭਾ ਨਤੀਜੇ ਹੁਣ ਜੇਲ 'ਚ ਬੈਠ ਕੇ ਹੀ ਦੇਖ ਸਕੇਗਾ।

### ਘਰ 'ਚੋਂ ਗਹਿਣੇ, ਨਕਦੀ ਤੇ ਮੋਬਾਈਲ ਫੋਨ ਆਦਿ ਸਮਾਨ ਚੋਰੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਦੇ ਹਰਨਾਮ ਨਗਰ ਇਲਾਕੇ 'ਚ ਇੱਕ ਐਨ.ਆਰ.ਆਈ. ਦੇ ਘਰ 'ਚ ਚੋਰੀ ਹੋਣ ਦਾ ਸਮਾਚਾਰ ਹੈ।ਘਰ ਦੇ ਮਾਲਕ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੀ 14 ਮਈ ਨੂੰ ਉਹ ਯੂ. ਕੇ. ਤੋਂ ਭਾਰਤ ਆਪਣੇ ਘਰ ਆਇਆ ਸੀ ਤੇ 24 ਮਈ ਦੀ ਸ਼ਾਮ ਨੂੰ ਇੱਕ ਸਮਾਗਮ 'ਚ ਸ਼ਾਮਲ ਹੋਣ ਲਈ ਉਹ ਤੇ ਉਸ ਦੇ ਪਰਿਵਾਰਕ ਮੈਂਬਰ ਬਰਨਾਲੇ ਚਲੇ ਗਏ।26 ਮਈ ਦੀ ਸ਼ਾਮ ਨੂੰ ਜਦੋਂ ਉਹ ਵਾਪਸ ਘਰ ਪਹੁੰਚੇ ਤਾਂ ਘਰ ਦੇ ਕਮਰੇ ਦੀ ਅਲਮਾਰੀ ਟੁੱਟੀ ਪਈ ਸੀ, ਜਿਸ ਵਿੱਚ ਰੱਖੇ ਕਰੀਬ ਸਾਢੇ ਤਿੰਨ ਤੋਲੇ ਸੋਨੇ ਦੇ ਗਹਿਣੇ, 1.70 ਲੱਖ ਰੁਪਏ ਦੀ ਭਾਰਤੀ ਅਤੇ ਵਿਦੇਸ਼ੀ ਕਰੰਸੀ, ਇੱਕ ਆਈ ਪੈਡ ਅਤੇ ਇੱਕ ਮੋਬਾਈਲ ਫੋਨ ਆਦਿ ਸਾਮਾਨ ਚੋਰੀ ਹੋ ਚੁੱਕਾ ਸੀ।ਚੋਰੀ ਦੀ ਇਸ ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ ਉੱਪਰ ਪਹੁੰਚੀ ਪੁਲਸ ਵੱਲੋਂ ਵਿਭਾਗ ਦੇ ਫਿੰਗਰ ਪ੍ਰਿੰਟ ਮਾਹਰਾਂ ਦੀ ਮੱਦਦ ਨਾਲ ਚੋਰੀ ਦਾ ਸੁਰਾਗ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਦੱਸਿਆ ਜਾ ਰਿਹਾ ਹੈ ਉਕਤ ਘਰ ਵਿੱਚ ਸੀ.ਸੀ.ਟੀ.ਵੀ. ਕੈਮਰੇ ਵੀ ਲੱਗੇ ਹੋਏ ਸਨ, ਪਰ ਚੋਰ ਇੰਨੇ ਸ਼ਾਤਿਰ ਨਿੱਕਲੇ ਕਿ ਉਨ੍ਹਾਂ ਦੀ ਤਸਵੀਰ ਘਰ ਦੇ ਕਿਸੇ ਵੀ ਕੈਮਰੇ ਵਿੱਚ ਕੈਦ ਨਹੀਂ ਹੋਈ।

### ਭਵਿੱਖ ਨਿਧੀ ਸੰਗਠਨ ਵੱਲੋਂ ਤਾਰਾ ਚੰਦ ਸਕੂਲ 'ਚ ਜਾਗਰੂਕਤਾ ਕੈਂਪ

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਸੀਨੀ. ਸੈਕੰ. ਸਕੂਲ ਵਿਖੇ ਭਵਿੱਖ ਨਿਧੀ ਸੰਗਠਨ ਵਿਭਾਗ ਵੱਲੋਂ ਗਾਹਕ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਮਹਿਕਮੇ ਵੱਲੋਂ ਕਮਲਜੀਤ ਕੌਰ, ਮੁਨੀਸ਼ ਕੁਮਾਰ ਨੇ ਸ਼ਿਰਕਤ ਕੀਤੀ। ਉਨ੍ਹਾ ਨੇ ਸਕੂਲ ਦੇ ਅਧਿਆਪਕਾਂ ਨੂੰ ਈ.ਪੀ.ਐਫ. ਸਬੰਧੀ ਜਾਣਕਾਰੀ ਦਿੱਤੀ ਤੇ ਟੀਚਰਾਂ ਦੇ ਈ.ਪੀ.ਐਫ. ਸਬੰਧੀ ਸਵਾਲਾਂ ਦਾ ਜਵਾਬ ਦਿੱਤਾ। ਇਸ ਮੌਕੇ ਵਿਭਾਗ ਵੱਲੋਂ ਜਾਣਕਾਰੀ ਦਿੰਦਿਆਂ ਵਿਭਾਗ ਦੇ ਕਮਲਜੀਤ ਕੌਰ ਨੇ ਕਿਹਾ ਕਿ ਈ ਪੀ ਐਫ ਵਿਭਾਗ ਵੱਲੋਂ ਕਰਮਚਾਰੀਆਂ ਦੇ ਕੱਟੇ ਫੰਡ ਨੂੰ ਜ਼ਰੂਰਤ ਦੇ ਸਮੇਂ ਵਿੱਚ ਕੰਮ ਲੈਣ ਲਈ ਵਿਭਾਗ ਤੱਕ ਪਹੁੰਚ ਕਰਨੀ ਚਾਹੀਦੀ ਹੈ ਤਾਂ ਕਿ ਇਸ ਫੰਡ ਦਾ ਸਹੀ ਇਸਤੇਮਾਲ ਕਰ ਸਕਣ। ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਉਨ੍ਹਾਂ ਦਾ ਸਕੂਲ ਦੇ ਟੀਚਰਾਂ ਨਾਲ ਜਾਣਕਾਰੀ ਸਾਂਝੀ ਕਰਨ 'ਤੇ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਹਰ ਕਰਮਚਾਰੀ ਲਈ ਲਾਭਦਾਇਕ ਹੋਵੇਗੀ ਤੇ ਉਨ੍ਹਾਂ ਨੂੰ ਇਸ ਸਬੰਧੀ ਭਰਪੂਰ ਜਾਣਕਾਰੀ ਲੈਣੀ ਚਾਹੀਦੀ ਹੈ।

# ਸੋਨੇ ਦਾ ਕੜਾ ਝਪਟਣ ਦੇ ਮਾਮਲੇ 'ਚ ਦੋ ਗ੍ਰਿਫ਼ਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਕੁਝ ਦਿਨ ਪਹਿਲਾਂ ਸਰਹਿੰਦ ਤੋਂ ਸੋਨੇ ਦਾ ਕੜਾ ਖੋਹ ਕੇ ਭੱਜਣ ਦੇ ਕੇਸ ਨੂੰ ਸੁਲਝਾਉਂਦੇ ਹੋਏ ਸਰਹਿੰਦ ਪੁਲਸ ਵੱਲੋਂ ਇਸ ਵਾਰਦਾਤ 'ਚ ਸ਼ਾਮਲ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।ਡੀ.ਐੱਸ.ਪੀ. (ਫ.ਗ.ਸ.) ਸੁਖਨਾਜ਼ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੀਤੀ 14 ਮਈ ਦੀ ਸ਼ਾਮ ਨੂੰ ਪਿੰਡ ਸੰਗਤਪੁਰਾ ਸੋਢੀਆਂ ਦਾ ਰਾਮ ਸਿੰਘ ਨਾਮਕ ਵਿਅਕਤੀ ਆਪਣੀ ਲੜਕੀ ਸਮੇਤ ਸਰਹਿੰਦ ਦੇ ਵਿਸ਼ਕਰਮਾ ਚੌਕ 'ਚੋਂ ਜਦੋਂ ਸਬਜ਼ੀ ਖਰੀਦ ਰਿਹਾ ਸੀ ਤਾਂ ਬਿਨਾਂ ਨੰਬਰੀ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਆਏ ਦੋ ਵਿਅਕਤੀ ਉਸ ਦਾ ਕਰੀਬ 2 ਤੋਲੇ ਵਜ਼ਨੀ ਸੋਨੇ ਦਾ ਕੜਾ ਝਪਟ ਕੇ ਫਰਾਰ ਹੋ ਗਏ।ਵਾਰਦਾਤ ਦੀ ਸੂਚਨਾ ਮਿਲਣ 'ਤੇ ਥਾਣਾ ਸਰਹਿੰਦ ਵਿਖੇ ਅ/ਧ 379ਬੀ,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੇ ਐੱਸ.ਐੱਚ.ਓ. ਗੁਰਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੁਲਸ ਦੀ ਟੀਮ ਵੱਲੋਂ ਵਿਗਿਆਨਕ ਢੰਗ ਨਾਲ ਮਾਮਲੇ ਦੀ ਤਫਤੀਸ਼ ਕਰਦੇ ਹੋਏ ਇਸ ਵਾਰਦਾਤ ਨੂੰ ਅੰਜ਼ਾਮ ਦੇ ਕੇ ਭੱਜੇ ਸੁਖਵਿੰਦਰ ਸਿੰਘ ਉਰਫ ਸੁੱਖਾ ਵਾਸੀ ਪਿੰਡ ਅਮਰਗੜ੍ਹ ਕਲੇਰ (ਲੁਧਿਆਣਾ) ਤੇ ਗੁਰਪ੍ਰੀਤ ਸਿੰਘ ਉਰਫ ਬੱਬੂ ਵਾਸੀ ਪਿੰਡ ਰੌਲੀ (ਮੋਗਾ) ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ।ਡੀ.ਐੱਸ.ਪੀ. ਨੇ ਦੱਸਿਆ ਕਿ ਸਰਹਿੰਦ ਤੋਂ ਖੋਹਿਆ ਗਿਆ ਸੋਨੇ ਦਾ ਕੜਾ, ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ ਤੇ ਵਾਰਦਾਤ ਉਪਰੰਤ ਮੰਡੀ ਗੋਬਿੰਦਗੜ੍ਹ ਤੋਂ ਅੱਗੇ ਜਾਣ ਲਈ ਵਰਤੀ ਗਈ ਮਾਰੂਤੀ ਕਾਰ ਬਰਾਮਦ ਕਰ ਲਈ ਹੈ।ਉਨ੍ਹਾਂ ਦੱਸਿਆ ਕਿ ਇਸ ਕੇਸ 'ਚ ਇੱਕ ਮੰਗਲ ਸਿੰਘ ਨਾਮਕ ਵਿਅਕਤੀ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ, ਜਿਸ ਦੀ ਭਾਲ ਜਾਰੀ ਹੈ।

# 85 ਸਾਲ ਤੋਂ ਵੱਧ ਉਮਰ ਤੇ ਦਿਵਿਆਂਗ ਵੋਟਰਾਂ ਨੇ ਭਾਰੀ ਉਤਸ਼ਾਹ ਨਾਲ ਪਾਈਆਂ ਵੋਟਾਂ



ਡੋਰ ਟੂ ਡੋਰ ਵੋਟਿੰਗ ਮੌਕੇ ਵੋਟ ਪਾਉਂਦੀ ਬਜ਼ੁਰਗ ਔਰਤ।

**ਮਲੋਟ (ਗੁਰਮੀਤ ਸਿੰਘ ਮੱਕੜ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਸ਼੍ਰੀ ਹਰਪ੍ਰੀਤ ਸਿੰਘ ਸੂਦਨ ਦੀ ਯੋਗ ਅਗਵਾਈ ਵਿੱਚ ਸਹਾਇਕ ਰਿਟਰਨਿੰਗ ਅਫ਼ਸਰ ਵਿਧਾਨ ਸਭਾ ਹਲਕਾ ਮਲੋਟ ਡਾ. ਸੰਜੀਵ ਕੁਮਾਰ ਐੱਸ.ਡੀ.ਐੱਮ. ਮਲੋਟ ਵੱਲੋਂ ਚਲਾਈ ਵੋਟਰ ਜਾਗਰੂਕਤਾ ਮੁਹਿੰਮ ਨੂੰ ਉਸ ਵਕਤ ਬੂਰ ਪਿਆ, ਜਦੋਂ ਮਲੋਟ ਹਲਕੇ ਦੇ 85 ਸਾਲ ਤੋਂ ਵੱਧ ਉਮਰ ਤੇ ਦਿਵਿਆਂਗ ਵੋਟਰਾਂ ਨੇ ਲੋਕ ਸਭਾ ਚੋਣ ਹਲਕਾ ਫਿਰੋਜ਼ਪੁਰ ਵਿੱਚ ਡੋਰ ਟੂ ਡੋਰ ਵੋਟਿੰਗ ਦੌਰਾਨ ਭਾਰੀ ਉਤਸ਼ਾਹ ਨਾਲ ਵੋਟਾਂ ਪਾਈਆਂ। ਇਸ ਦੌਰਾਨ ਪੋਸਟਲ ਬੈਲਟ ਪੇਪਰ ਨੋਡਲ ਅਫ਼ਸਰ ਗੁਰਲਾਲ ਸਿੰਘ ਹਲਕਾ ਮਲੋਟ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਵੋਟਰਾਂ ਤੋਂ ਪਹਿਲਾਂ ਫਾਰਮ 124 ਭਰਵਾਏ ਗਏ ਤੇ ਕੁੱਲ 241 ਵੋਟਰਾਂ ਨੇ ਬੈਲਟ ਪੇਪਰ ਰਾਹੀਂ ਵੋਟ ਪਾਉਣ ਦੀ ਇੱਛਾ ਜ਼ਾਹਰ ਕੀਤੀ, ਵੋਟਾਂ ਪਵਾਉਣ ਲਈ ਸੈਕਟਰ ਅਫ਼ਸਰ ਦੀ ਅਗਵਾਈ ਵਿੱਚ ਟੀਮਾਂ ਬਣਾਈਆਂ ਗਈਆਂ। ਇਸ ਮੌਕੇ ਬੂਥ ਲੈਵਲ ਅਫ਼ਸਰ ਵੱਲੋਂ ਇੱਕ-ਇੱਕ ਵੋਟਰ ਤੱਕ ਪਹੁੰਚ ਕੀਤੀ ਗਈ ਤੇ ਟੀਮਾਂ ਵੱਲੋਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਦੋ ਦਿਨ ਵਿੱਚ ਵੋਟਾਂ ਦਾ ਕੰਮ ਮੁਕੰਮਲ ਕੀਤਾ ਅਤੇ 222 ਵੋਟਰਾਂ ਨੇ ਰਿਕਾਰਡ ਤੋੜ ਵੋਟਿੰਗ ਕੀਤੀ ਅਤੇ ਇਸ ਤਰ੍ਹਾਂ ਵੋਟ ਪ੍ਰਤੀਸ਼ਤ 92.11 ਫੀਸਦੀ ਰਿਕਾਰਡ ਕੀਤੀ ਗਈ। ਐੱਸ.ਡੀ.ਐੱਮ. ਮਲੋਟ ਡਾ. ਸੰਜੀਵ ਕੁਮਾਰ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਨੂੰ ਵੀ ਹੁੰਮ ਹੁਮਾ ਕੇ ਵੋਟ ਪਾਉਣ। ਉਨ੍ਹਾਂ ਇਸ ਕਾਮਯਾਬੀ ਲਈ ਪੋਸਟਲ ਬੈਲਟ ਪੇਪਰ ਟੀਮ 085 ਮਲੋਟ ਸੈਕਟਰ ਅਫਸਰ ਤੇ ਬੀ.ਐੱਲ.ਓਜ਼. ਨੂੰ ਵਧਾਈ ਦਿੱਤੀ।

# ਜੀਤ ਮਹਿੰਦਰ ਸਿੱਧੂ ਲਈ ਡਾ. ਮੀਆਂ ਤੇ ਏਕਨੂਰ ਨੇ ਮੰਗੀਆਂ ਵੋਟਾਂ



**ਬੁਢਲਾਡਾ (ਅਸ਼ੋਕ ਲਾਕੜਾ)**

ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਲਈ ਬੁਢਲਾਡਾ ਵਿਖੇ ਹਲਕਾ ਇੰਚਾਰਜ ਡਾ: ਰਣਵੀਰ ਕੌਰ ਮੀਆਂ, ਸਿੱਧੂ ਦੀ ਨੂੰਹ ਏਕਨੂਰ ਸਿੱਧੂ ਤਲਵੰਡੀ ਅਤੇ ਸਿੱਧੂ ਦੇ ਰਿਸ਼ਤੇਦਾਰਾਂ ਨੇ ਵੋਟਾਂ ਮੰਗੀਆਂ।ਘਰ-ਘਰ ਤੇ ਦੁਕਾਨਾਂ 'ਤੇ ਜਾ ਕੇ ਕਾਂਗਰਸ ਵੱਲੋਂ ਕੀਤੇ ਗਏ ਵਾਅਦੇ, ਔਰਤਾਂ ਨੂੰ ਸਾਲ ਵਿੱਚ 1 ਲੱਖ ਰੁਪਇਆ ਦੇਣ, ਇਲਾਜ ਬੀਮਾ ਯੋਜਨਾ 25 ਲੱਖ ਰੁਪਏ ਕਰਨ ਤੋਂ ਇਲਾਵਾ ਨੌਕਰੀਆਂ ਦੇਣ ਦੇ ਵਾਅਦਿਆਂ ਤੋਂ ਜਾਣੂ ਕਰਵਾਇਆ।ਡਾ: ਰਣਵੀਰ ਕੌਰ ਮੀਆਂ ਨੇ ਕਿਹਾ ਕਿ ਸੱਤਾ ਹਥਿਆਉਣ ਲਈ ਮੋਦੀ ਸਰਕਾਰ ਕੋਲ ਆਪਣੇ ਕੰਮਾਂ ਪ੍ਰਤੀ ਕਹਿਣ ਵਾਸਤੇ ਕੁਝ ਨਹੀਂ, ਕਿਉਂਕਿ ਮੋਦੀ ਸਰਕਾਰ ਨੇ 10 ਸਾਲਾਂ ਵਿੱਚ ਆਮ ਲੋਕਾਂ ਲਈ ਕੁਝ ਵੀ ਨਹੀਂ ਕੀਤਾ।ਹੁਣ ਲੋਕ ਮੁੱਦੇ, ਮਹਿੰਗਾਈ ਤੇ ਹੋਰ ਮੁੱਦਿਆਂ ਨੂੰ ਛੱਡ ਕੇ ਰਾਮ ਮੰਦਰ ਤੇ ਧਰਮ ਦੀ ਰਾਜਨੀਤੀ ਕੀਤੀ ਹੈ।ਉਨ੍ਹਾਂ ਕਿਹਾ ਕਿ ਭਗਵਾਨ ਰਾਮ ਸਭ ਦੇ ਹਨ, ਇਸ ਲਈ ਮੋਦੀ ਸਰਕਾਰ ਵੱਲੋਂ ਧਰਮ ਦੀ ਕੀਤੀ ਜਾ ਰਹੀ ਰਾਜਨੀਤੀ ਦੇਸ਼ ਲਈ ਖਤਰਨਾਕ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਵੋਟ ਦੇ ਕੇ ਦੇਸ਼ ਵਿੱਚ ਧਰਮ ਨਿਰਪੱਖ, ਸਭ ਧਰਮਾਂ ਦੇ ਲੋਕਾਂ ਦਾ ਏਕਾ ਤੇ ਸਤਿਕਾਰ ਬਰਕਰਾਰ ਰੱਖਣ ਵਾਲੀ ਪਾਰਟੀ ਨੂੰ ਜਿਤਾਉਣਾ ਚਾਹੀਦਾ ਹੈ। ਇਸ ਮੌਕੇ ਅਮਨ ਚਹਿਲ, ਰਸ਼ਮੀਲ ਚਹਿਲ, ਲਵਲੀ ਗਰਗ, ਬਿਪੁਲ ਗੋਰਖਾ ਬੁਢਲਾਡਾ, ਕੌਂਸਲਰ ਨਰੇਸ਼ ਕੁਮਾਰ, ਗੌਰਵ ਗਰਗ, ਭੁਪੇਸ਼ ਕਾਠ, ਪ੍ਰਵੀਨ ਕੁਮਾਰ, ਅਵਿਨਾਸ਼ ਤੋਂ ਇਲਾਵਾ ਹੋਰ ਮੌਜੂਦ ਸਨ।

# ਰਾਘਵ ਚੱਢਾ ਨੇ ਜੀਪੀ ਨਾਲ ਸਾਹਨੇਵਾਲ, ਪਾਇਲ ਤੇ ਖੰਨਾ 'ਚ ਕੀਤਾ ਰੋਡ ਸ਼ੋਅ

## ਗੁਰਪ੍ਰੀਤ ਜੀਪੀ ਦੀ ਜਿੱਤ ਪੱਕੀ, ਸਿਰਫ਼ ਐਲਾਨ ਹੋਣਾ ਬਾਕੀ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਫ਼ਤਿਹਗੜ੍ਹ ਸਾਹਿਬ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਲਈ ਚੋਣ ਪ੍ਰਚਾਰ ਕੀਤਾ।ਰਾਘਵ ਚੱਢਾ ਨੇ 'ਆਪ' ਉਮੀਦਵਾਰ ਦੇ ਨਾਲ ਲੁਧਿਆਣਾ ਦੇ ਸਾਹਨੇਵਾਲ, ਪਾਇਲ ਤੇ ਖੰਨਾ ਵਿਖੇ ਰੋਡ ਸ਼ੋਅ ਕੀਤਾ ਅਤੇ ਲੋਕਾਂ ਨੂੰ ਗੁਰਪ੍ਰੀਤ ਜੀਪੀ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ।ਸਾਹਨੇਵਾਲ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਗੁਰਪ੍ਰੀਤ ਜੀਪੀ ਦੀ ਜਿੱਤ ਪੱਕੀ ਹੈ, ਸਿਰਫ਼ ਐਲਾਨ ਹੋਣਾ ਬਾਕੀ ਹੈ।ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ 13-0 ਨਾਲ ਜਿਤਾ ਕੇ ਇਤਿਹਾਸ ਰਚਣਗੇ।ਰਾਘਵ ਚੱਢਾ ਨੇ ਕਿਹਾ ਕਿ ਤੁਸੀਂ ਸਾਰੀਆਂ ਪਾਰਟੀਆਂ ਨੂੰ ਮੌਕਾ ਦਿੱਤਾ।ਕਿਸੇ ਨੇ ਤੁਹਾਡੇ ਲਈ ਕੁਝ ਵੀ ਨਹੀਂ ਕੀਤਾ ਅਤੇ ਨਾ ਹੀ ਤੁਹਾਡੇ ਮੁੱਦੇ ਸੰਸਦ ਵਿੱਚ ਉਠਾਏ।ਇਸ ਵਾਰ ਉਮੀਦਵਾਰ ਗੁਰਪ੍ਰੀਤ ਜੀਪੀ ਨੂੰ ਭਾਰੀ ਵੋਟਾਂ ਨਾਲ ਜਿਤਾਓ।ਰਾਘਵ ਚੱਢਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਮਾਨਦਾਰ ਸਰਕਾਰ ਬਣ ਤੋਂ ਬਾਅਦ ਪੰਜਾਬ ਵਿੱਚ ਮੁਫ਼ਤ ਤੇ 24 ਘੰਟੇ ਬਿਜਲੀ ਮਿਲਦੀ ਹੈ, ਅੱਜ ਪੰਜਾਬ ਦੇ 83 ਫ਼ੀਸਦੀ ਲੋਕਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆ ਰਿਹਾ ਹੈ।ਵੱਖ-ਵੱਖ ਥਾਵਾਂ 'ਤੇ ਮੁਹੱਲਾ ਕਲੀਨਿਕ ਬਣਾਏ ਜਾ ਰਹੇ ਹਨ ਅਤੇ ਸਰਕਾਰੀ ਹਸਪਤਾਲਾਂ ਦੀ ਹਾਲਤ ਸੁਧਰ ਰਹੀ ਹੈ।ਚੰਗੀ ਸਿੱਖਿਆ ਲਈ ਸਕੂਲ ਆਫ਼ ਐਮੀਨੈਂਸ ਬਣਾਏ ਜਾ ਰਹੇ ਹਨ।50 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਮਿਲੀ ਤੇ ਹਜ਼ਾਰਾਂ ਕੱਚੇ ਮੁਲਾਜ਼ਮ ਪੱਕੇ ਕੀਤੇ ਗਏ।ਰਾਘਵ ਚੱਢਾ ਨੇ ਕਿਹਾ ਕਿ ਜੇਕਰ ਤੁਸੀਂ ਗੁਰਪ੍ਰੀਤ ਜੀਪੀ ਨੂੰ ਐੱਮ ਪੀ ਬਣਾ ਕੇ ਸੰਸਦ ਵਿੱਚ ਭੇਜਦੇ ਹੋ ਤਾਂ ਮੈਂ (ਰਾਘਵ ਚੱਢਾ) ਤੇ ਗੁਰਪ੍ਰੀਤ ਜੀਪੀ ਹੋਰ ਵੀ ਮਜ਼ਬੂਤੀ ਨਾਲ ਪੰਜਾਬ ਦੇ ਹੱਕ ਲਈ ਲੜਾਂਗੇ ਤੇ ਪੰਜਾਬ ਦੇ ਰੋਕੇ ਫੰਡ ਨੂੰ ਜਾਰੀ ਕਰਵਾਵਾਂਗੇ।

ਰਾਘਵ ਚੱਢਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਤੁਸੀਂ ਗੁਰਪ੍ਰੀਤ ਜੀਪੀ ਨੂੰ ਭਾਰੀ ਵੋਟਾਂ ਨਾਲ ਜਿਤਾਓ ਤੇ 4 ਜੂਨ ਨੂੰ ਚੋਣਾਂ ਦੇ ਰਿਜ਼ਲਟ ਵਾਲੇ ਦਿਨ ਸਭ ਤੋਂ ਪਹਿਲਾਂ ਖ਼ਬਰ ਇੱਥੋਂ ਆਵੇ ਕਿ ਗੁਰਪ੍ਰੀਤ ਜੀਪੀ ਭਾਰੀ ਵੋਟਾਂ ਨਾਲ ਜਿੱਤ ਦਰਜ ਕਰਵਾ ਚੁੱਕੇ ਹਨ।ਫੇਰ ਤੁਹਾਡੀ ਜ਼ਿੰਮੇਵਾਰੀ ਖ਼ਤਮ ਤੇ ਸਾਡੀ ਜ਼ਿੰਮੇਵਾਰੀ ਸ਼ੁਰੂ ਹੋ ਜਾਵੇਗੀ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਬਨਾਸਰ ਬਾਗ਼ ਵਿਖੇ ਸਥਿਤ ਮੁੱਖ ਦਫ਼ਤਰ ਵਿਖੇ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਸਮਾਰੋਹ ਡਾ. ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ, ਇੰਜਨੀਅਰ ਪਰਵੀਨ ਬਾਂਸਲ ਦੀ ਅਗਵਾਈ ਅਤੇ ਪ੍ਰੇਮ ਚੰਦ ਗਰਗ, ਅਵਿਨਾਸ਼ ਸ਼ਰਮਾ, ਨਿਰਮਲ ਸਿੰਘ ਮਾਣਾ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਰਾਜ ਕੁਮਾਰ ਬਾਂਸਲ, ਰਾਕੇਸ਼ ਕੁਮਾਰ, ਸੱਤਦੇਵ ਸ਼ਰਮਾ, ਸੁਰਿੰਦਰ ਪਾਲ ਸਿੰਘ ਸਿਦਕੀ ਦੀ ਦੇਖ ਰੇਖ ਹੇਠ ਕੀਤਾ ਗਿਆ।ਪ੍ਰਧਾਨਗੀ ਮੰਡਲ ਵਿੱਚ ਜਗਨ ਨਾਥ ਗੋਇਲ, ਓ.ਪੀ ਕਪਿਲ ਸਰਪ੍ਰਸਤ ਤੇ ਨਰਾਤਾ ਰਾਮ ਸਿੰਗਲਾ ਸੀਨੀਅਰ ਮੀਤ ਪ੍ਰਧਾਨ ਸ਼ਾਮਲ ਹੋਏ।

ਜਗਜੀਤ ਸਿੰਘ ਜਨਰਲ ਸਕੱਤਰ ਦੇ ਸਟੇਜ ਸੰਚਾਲਨ ਅਧੀਨ ਗੁਰਿੰਦਰਜੀਤ ਸਿੰਘ ਵਾਲੀਆ ਸੀਨੀਅਰ ਮੀਤ ਪ੍ਰਧਾਨ ਨੇ ਸਵਾਗਤੀ ਸ਼ਬਦ ਕਹੇ।ਉਪਰੰਤ ਸੰਸਥਾ ਦੇ ਖਜ਼ਾਨਚੀ ਸ਼ਕਤੀ ਮਿੱਤਲ ਨੇ ਪਿਛਲੇ ਸਾਲ ਦੀ ਆਮਦਨ ਅਤੇ ਖਰਚ ਦਾ ਲੇਖਾ ਜੋਖਾ ਪੇਸ਼ ਕੀਤਾ ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਹਿਮਤੀ ਦੇ ਕੇ ਪਾਸ ਕੀਤਾ ਗਿਆ।ਇਸ ਮੌਕੇ ਤੇ ਹੋਏ ਸਭਿਆਚਾਰਕ ਪ੍ਰੋਗਰਾਮ ਦੌਰਾਨ ਗਿਆਨ ਚੰਦ ਸਿੰਗਲਾ ਵੱਲੋਂ ਮਰਹੂਮ ਡਾ ਸੁਰਜੀਤ ਪਾਤਰ ਨੂੰ ਉਨ੍ਹਾਂ ਦੀ ਮਕਬੂਲ ਰਚਨਾ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਰਾਹੀਂ ਸ਼ਰਧਾ ਪ੍ਰਗਟ ਕੀਤੀ।ਗੁਰਮੁਖ ਸਿੰਘ, ਵਾਸਦੇਵ ਸ਼ਰਮਾ, ਆਰ ਐਸ ਮਦਾਨ ਵੱਲੋਂ ਗੀਤ ਸੰਗੀਤ ਦੀ ਛਹਿਬਰ ਲਗਾ ਕੇ ਤਪਸ਼ ਭਰੀ ਗ਼ਰਮੀ ਵਿੱਚ ਸਰੋਤਿਆਂ ਦੇ ਮਨਾਂ ਨੂੰ ਠੰਡਕ ਪਹੁੰਚਾਈ।ਸ਼ਕਤੀ ਮਿੱਤਲ ਤੇ ਉਨ੍ਹਾਂ ਦੀ ਸਾਥਣ ਦਰਸ਼ਨਾ ਮਿੱਤਲ ਦੇ ਦੋਗਾਣੇ ਨੇ ਤਾਂ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ।ਸੰਸਥਾ ਦੇ ਪ੍ਰਧਾਨ ਡਾ ਨਰਵਿੰਦਰ ਸਿੰਘ ਕੌਸ਼ਲ ਨੇ ਦੋ ਗਾਣੇ ਵਾਲੀ ਜੋੜੀ ਨੂੰ ਵਿਸ਼ੇਸ਼ ਇਨਾਮ ਤੇ ਸਨਮਾਨ ਦੇ ਕੇ ਖ਼ੂਬਸੂਰਤ ਸੱਭਿਆਚਾਰਕ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ।ਡਾ. ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ ਨੇ ਸੰਸਥਾ ਦੇ ਵੱਖ ਪ੍ਰੋਗਰਾਮਾਂ ਤੇ ਕੀਤੇ ਜਾ ਰਹੇ ਕਾਰਜਾਂ ਵਿੱਚ ਕਾਰਜਕਾਰਨੀ ਕਮੇਟੀ ਅਤੇ ਸੰਸਥਾ ਮੈਂਬਰਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ।

# ਪੁਰਾਣੀ ਰੰਜਿਸ਼ ਨੂੰ ਲੈ ਕੇ ਸਾਬਕਾ ਕੌਂਸਲਰ 'ਤੇ ਹਮਲਾ



ਕੌਂਸਲਰ ਜ਼ੇਰੇ ਇਲਾਜ।

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਗੁਰੂ ਰਵਿਦਾਸ ਨਗਰ ਤੋਂ ਸਾਬਕਾ ਕੌਂਸਲਰ ਵਿਜੈ ਕੁਮਾਰ 'ਤੇ ਸਵੇਰ ਦੇ ਸਮੇਂ ਉਸ ਦੇ ਗੁਆਂਢੀ ਨੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ, ਜਿਸ ਨੂੰ ਗੁਆਂਢੀਆਂ ਤੇ ਪਰਿਵਾਰ ਵਾਲਿਆਂ ਵੱਲੋਂ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਹਾਲਤ ਨੂੰ ਗੰਭੀਰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਬਠਿੰਡਾ ਰੈਫਰ ਕਰ ਦਿੱਤਾ। ਪੀੜਤ ਸਾਬਕਾ ਨਗਰ ਕੌਂਸਲਰ ਦੇ ਬੇਟੇ ਨੇ ਦੱਸਿਆ ਕਿ ਉਸ ਦਾ ਪਿਤਾ ਜਦੋਂ ਸਵੇਰੇ ਘਰ ਤੋਂ ਬਾਹਰ ਨਿਕਲਿਆ ਤਾਂ ਪਹਿਲਾਂ ਤੋਂ ਹੀ ਉਡੀਕ ਵਿੱਚ ਬੈਠੇ ਉਨ੍ਹਾਂ ਦੇ ਗੁਆਂਢੀ ਨੇ ਇੱਕ ਕਾਪੇ ਨਾਲ ਵਾਰ ਕਰਕੇ ਜ਼ਖ਼ਮੀ ਕਰ ਕੇ ਭੱਜਣ ਲੱਗਿਆ ਤਾਂ ਅੱਗੇ ਇੱਕ ਹੋਰ ਖੜੀ ਔਰਤ 'ਤੇ ਵੀ ਵਾਰ ਕਰਕੇ ਉਸ ਨੂੰ ਵੀ ਜ਼ਖ਼ਮੀ ਕਰ ਦਿੱਤਾ ਅਤੇ ਫਰਾਰ ਹੋ ਗਿਆ। ਉਨ੍ਹਾ ਦੱਸਿਆ ਕਿ ਕਈ ਸਾਲ ਪਹਿਲਾਂ ਉਸ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ, ਜਿਸ ਕਰਕੇ ਅੱਜ ਉਸ ਨੇ ਹਮਲਾ ਕੀਤਾ। ਦੂਜੇ ਪਾਸੇ ਥਾਣਾ ਮਲੋਟ ਪੁਲਸ ਦੇ ਥਾਣਾ ਮੁਖੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਮਲੋਟ ਦੇ ਸਾਬਕਾ ਨਗਰ ਕੌਂਸਲਰ ਵਿਜੈ ਕੁਮਾਰ ਤੇ ਇੱਕ ਹੋਰ ਔਰਤ ਨੂੰ ਰਾਧੇ ਨਾਮ ਦੇ ਵਿਅਕਤੀ ਨੇ ਜ਼ਖ਼ਮੀ ਕਰ ਦਿੱਤਾ ਹੈ, ਜਿਨ੍ਹਾਂ ਨੂੰ ਡਾਕਟਰਾਂ ਨੇ ਰੈਫਰ ਕਰ ਦਿੱਤਾ ਹੈ ਤੇ ਜਿਨ੍ਹਾਂ ਦੇ ਬਿਆਨ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਮੋਦੀ ਸਰਕਾਰ ਵੱਲੋਂ ਭਾਈਚਾਰਕ ਸਾਂਝ 'ਚ ਜ਼ਹਿਰ ਘੋਲਣ ਦੀਆਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ : ਬੀ ਕੇ ਯੂ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਫਰੀਦਕੋਟ ਤੇ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਰੁਪਈਆ ਵਾਲਾ, ਸੁਖਦੇਵ ਸਿੰਘ ਬੁੜਾ ਗੁੱਜਰ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ ਨਾਲ 13 ਮਹੀਨੇ 13 ਦਿਨ ਬਾਰਡਰਾਂ 'ਤੇ ਚੱਲੇ ਮੋਰਚੇ ਦੇ ਫਤਿਹ ਹੋਣ ਸਮੇਂ ਲਿਖਤ ਵਿੱਚ ਮੰਗਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਭਾਜਪਾ ਦੀ ਸਰਕਾਰ ਵੱਲੋਂ ਵਾਅਦਾ ਖਿਲਾਫੀ ਕਰਦੇ ਹੋਏ ਉਨ੍ਹਾਂ ਮੰਗਾਂ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ ਅਤੇ 13, 14 ਤੇ 21 ਫਰਵਰੀ 2024 ਨੂੰ ਦਿੱਲੀ ਨੂੰ ਕੂਚ ਸਮੇਂ ਭਾਜਪਾ ਦੀ ਹਰਿਆਣਾ ਸਰਕਾਰ ਵੱਲੋਂ ਕੇਂਦਰ ਦੇ ਇਸ਼ਾਰੇ ਉੱਪਰ ਕਿਸਾਨਾਂ ਤੇ ਮਜ਼ਦੂਰਾਂ ਉੱਪਰ ਉਨ੍ਹਾਂ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕਰਦੇ ਹੋਏ ਜ਼ੁਲਮ ਕੀਤਾ ਗਿਆ ਹੈ, ਜਿਨਾਂ ਦੀ ਇਜਾਜ਼ਤ ਕੋਈ ਵੀ ਅੰਤਰਰਾਸ਼ਟਰੀ ਕਾਨੂੰਨ ਨਹੀਂ ਦਿੰਦਾ ਅਤੇ ਭਾਜਪਾ ਦੀ ਸਰਕਾਰ ਵੱਲੋਂ ਗੁੰਡਾਗਰਦੀ ਕਰਦੇ ਹੋਏ ਅਨੇਕਾਂ ਹੀ ਕਿਸਾਨਾਂ ਦੇ ਗੰਭੀਰ ਸੱਟਾਂ ਮਾਰੀਆਂ ਗਈਆਂ ਅਤੇ ਸ਼ੁਭਕਰਨ ਸਿੰਘ ਦੇ ਸਿਰ ਵਿੱਚ ਪੱਕੀ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਪ੍ਰੀਤਪਾਲ ਸਿੰਘ ਉੱਪਰ ਅਣਮਨੁੱਖੀ ਤਸ਼ੱਦਦ ਕਰਦੇ ਹੋਏ ਉਸ ਦੀ ਇੱਕ ਇੱਕ ਹੱਡੀ ਨੂੰ ਤੋੜ ਦਿੱਤਾ ਗਿਆ ਤੇ ਕਈ ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਸਰਕਾਰੀ ਜ਼ੁਲਮ ਕਾਰਨ ਚਲੇ ਗਈ। ਬੋਹੜ ਸਿੰਘ ਰੁਪੱਈਆ ਵਾਲਾ, ਸੁਖਦੇਵ ਸਿੰਘ ਬੁੜਾ ਗੁੱਜਰ ਨੇ ਗੱਲਬਾਤ ਕਰਦੇ ਦੱਸਿਆ ਕਿ 13 ਫਰਵਰੀ ਤੋਂ ਖਨੌਰੀ, ਸ਼ੰਭੂ, ਡੱਬਵਾਲੀ ਤੇ ਰਤਨਪੁਰਾ ਦੇ ਬਾਰਡਰਾਂ ਉੱਪਰ ਚੱਲ ਰਹੇ ਅੰਦੋਲਨ ਨੂੰ ਹਰ ਇੱਕ ਵਰਗ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਤੇ ਇਹ ਅੰਦੋਲਨ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਖੇਤੀ ਨੂੰ ਜਾਣ ਤੋਂ ਬਚਾਉਣ ਅਤੇ ਹਰ ਇੱਕ ਗਰੀਬ ਦੇ ਚੁੱਲ੍ਹੇ ਉੱਪਰ ਰੋਟੀ ਪੱਕਦੀ ਰੱਖਣ ਲਈ ਲਈ ਲੜਿਆ ਜਾ ਰਿਹਾ ਹੈ ਅਤੇ ਹੁਣ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਬੀਜੇਪੀ ਦੇ ਉਮੀਦਵਾਰਾਂ ਤੋਂ ਭਾਜਪਾ ਸਰਕਾਰ ਦੁਆਰਾ ਕੀਤੀ ਗਈ ਵਾਅਦਾ ਖਿਲਾਫੀ ਦੇ ਸਬੰਧ ਵਿੱਚ ਤੇ ਕਿਸਾਨਾਂ ਮਜ਼ਦੂਰਾਂ ਉੱਪਰ ਕੀਤੇ ਗਏ ਜ਼ੁਲਮਾਂ ਦੇ ਸੰਬੰਧ ਵਿੱਚ ਸਵਾਲ ਪੁੱਛੇ ਜਾ ਰਹੇ ਹਨ, ਪ੍ਰੰਤੂ ਭਾਜਪਾ ਦੇ ਆਗੂਆਂ ਕੋਲ ਉਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਹਨ ਅਤੇ ਉਹ ਸਵਾਲਾਂ ਤੋਂ ਭੱਜਦੇ ਹੋਏ ਸਮਾਜ ਵਿੱਚ ਪਾੜਾ ਪਾਉਣ ਵਾਲੇ ਤੇ ਭਾਈਚਾਰਕ ਸਾਂਝ ਨੂੰ ਤੋੜਨ ਵਾਲੀ ਭੜਕਾਊ ਬਿਆਨਬਾਜ਼ੀ ਕਰ ਰਹੇ ਹਨ ਅਤੇ ਬੀਜੇਪੀ ਦੇ ਉਮੀਦਵਾਰ ਹੰਸ ਰਾਜ ਹੰਸ ਤੇ ਰਵਨੀਤ ਬਿੱਟੂ ਅਤੇ ਬੀਜੇਪੀ ਦੇ ਹੋਰ ਉਮੀਦਵਾਰਾਂ ਦੇ ਧਮਕੀ ਭਰੇ ਬਿਆਨਾਂ ਤੋਂ ਬੀਜੇਪੀ ਦੀ ਉਸ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ ਤੇ ਪਤਾ ਲੱਗਦਾ ਹੈ ਕਿ ਬੀਜੇਪੀ ਦੀ ਕਿਸਾਨਾਂ ਮਜ਼ਦੂਰਾਂ ਅਤੇ ਆਮ ਲੋਕਾਂ ਪ੍ਰਤੀ ਕੀ ਸੋਚ ਹੈ?

ਹੰਸ ਰਾਜ ਹੰਸ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਪਾੜਾ ਪਾਉਣ ਲਈ ਫਿਰਕੂ ਬਿਆਨਬਾਜ਼ੀ ਕੀਤੀ ਜਾ ਰਹੀ। ਉਨ੍ਹਾ ਹੰਸ ਰਾਜ ਹੰਸ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਇਸ ਤਰ੍ਹਾਂ ਦੇ ਫਿਰਕੂਵਾਦ ਵਾਲੇ ਬਿਆਨਾਂ ਤੋਂ ਬਾਜ ਆਵੇ, ਕਿਉਂਕਿ ਕਿਸਾਨ ਤੇ ਮਜ਼ਦੂਰ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਅਤੇ ਕਿਸਾਨ ਤੇ ਮਜ਼ਦੂਰ ਇੱਕ ਦੂਜੇ ਦੇ ਹਰ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ ਹਨ, ਪਰ ਇਹ ਰਾਜਨੀਤਕ ਲੋਕ ਆਪਣੀਆਂ ਰੋਟੀਆਂ ਸੇਕਣ ਲਈ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਪਾੜਾ ਪਾਉਣ ਦੀ ਨੀਤੀ ਉੱਤੇ ਚਲਦੇ ਹੋਏ ਫਿਰਕੂਵਾਦ ਪੈਦਾ ਕਰ ਰਹ ਹਨ।

# ਭਾਜਪਾ ਐੱਮ ਐੱਸ ਪੀ ਨੂੰ ਕਾਨੂੰਨੀ ਗ੍ਰਾਂਟੀ ਦੇਣ ਤੋਂ ਕਿਓਂ ਕਰ ਰਹੀ ਇਨਕਾਰ : ਹਰਸਿਮਰਤ ਬਾਦਲ

**ਬੁਢਲਾਡਾ (ਅਸ਼ੋਕ ਲਾਕੜਾ)**-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਸੋਮਵਾਰ ਨੂੰ ਦੁਪਹਿਰ ਬਾਅਦ ਹਲਕਾ ਬੁਢਲਾਡਾ ਦੇ ਪਿੰਡ ਦੋਦੜਾ, ਕੁਲਾਣਾ, ਰੰਘੜਿਆਲ, ਖੱਤਰੀਵਾਲਾ, ਜਲਵੇੜਾ, ਕੁਲਰੀਆਂ, ਸਸਪਾਲੀ ਵਿਖੇ ਚੋਣ ਜਲਸਿਆਂ ਨੂੰ ਹਲਕਾ ਇੰਚਾਰਜ ਡਾ: ਨਿਸ਼ਾਨ ਸਿੰਘ ਦੀ ਅਗਵਾਈ ਹੇਠ ਸੰਬੋਧਨ ਕੀਤਾ।ਇਸ ਮੌਕੇ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ ਹੈ ਕਿ ਭਾਜਪਾ ਸਰਕਾਰ ਐੱਮ.ਐੱਸ.ਪੀ. ਨੂੰ ਕਾਨੂੰਨੀ ਗ੍ਰਾਂਟੀ ਦਾ ਰੂਪ ਦੇਣ ਤੋਂ ਕਿਓਂ ਇਨਕਾਰ ਕਰ ਰਹੀ ਹੈ।ਉਨ੍ਹਾ ਕਿਹਾ ਕਿ ਸੂਬਾ ਸਰਕਾਰ ਸ਼ਹਿਰਾਂ ਨਾਲ ਵਿਤਕਰੇਬਾਜ਼ੀ ਕਰ ਰਹੀ ਹੈ ਤੇ ਸ਼ਹਿਰਾਂ ਦਾ ਬਹੁਤ ਮਾੜਾ ਹਾਲ ਹੈ।ਸੀਵਰੇਜ ਓਵਰਫਲੋਅ ਹੋ ਰਹੇ ਹਨ, ਲੋਕਾਂ ਦੇ ਘਰਾਂ ਵਿੱਚ ਗੰਦਾ ਪਾਣੀ ਵੜ ਰਿਹਾ ਹੈ ਤੇ ਲੋਕ ਤਰਾਹ-ਤਰਾਹ ਕਰ ਰਹੇ ਹਨ ਕਿ ਕੋਈ ਵੀ ਰਾਜਾ-ਬਾਬੂ ਸੁਣਵਾਈ ਨਹੀਂ ਕਰ ਰਿਹਾ।ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਅਨੇਕਾਂ ਪ੍ਰੋਜੈਕਟ ਲਿਆਂਦੇ ਗਏ, ਜਿਸ ਦਾ ਲੋਕਾਂ ਨੂੰ ਲਾਹਾ ਮਿਲ ਰਿਹਾ ਹੈ।ਇਸ ਮੌਕੇ ਡਾ: ਨਿਸ਼ਾਨ ਸਿੰਘ, ਪ੍ਰਧਾਨ ਗੁਰਮੇਲ ਸਿੰਘ ਫਫੜੇ, ਪ੍ਰਧਾਨ ਗੁਰਦੀਪ ਸਿੰਘ ਟੋਡਰਪੁਰ, ਬੱਲਮ ਸਿੰਘ ਕਲੀਪੁਰ, ਠੇਕੇਦਾਰ ਗੁਰਪਾਲ ਸਿੰਘ, ਪ੍ਰਧਾਨ ਦਵਿੰਦਰ ਸਿੰਘ ਚੱਕ ਅਲੀਸ਼ੇਰ, ਜਥੇਦਾਰ ਅਮਰਜੀਤ ਸਿੰਘ ਕੁਲਾਣਾ, ਜਥੇਦਾਰ ਮਹਿੰਦਰ ਸਿੰਘ ਸੈਦੇਵਾਲਾ, ਦਫਤਰ ਇੰਚਾਰਜ ਹਰਬੰਤ ਸਿੰਘ, ਅਵਤਾਰ ਸਿੰਘ ਤਾਰੀ ਰੰਘੜਿਆਲ, ਬੂਟਾ ਸਿੰਘ ਝਲਬੂਟੀ ਕਾਲਾ ਕੁਲਰੀਆ, ਮੇਵਾ ਸਿੰਘ ਦੋਦੜਾ, ਬਲਵੀਰ ਸਿੰਘ ਬੀਰੋਕੇ, ਜਸਪਾਲ ਸਿੰਘ ਗੰਢੂ, ਬਲਵੀਰ ਸਿੰਘ ਬੀਰੋਕੇ, ਮੇਵਾ ਸਿੰਘ ਦੋਦੜਾ, ਬਲਦੇਵ ਸਿੰਘ ਸਿਰਸੀਵਾਲਾ, ਸਕਿੰਦਰ ਸਿੰਘ ਜੈਲਦਾਰ ਤੋਂ ਇਲਾਵਾ ਹੋਰ ਮੌਜੂਦ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੱਦੇ ਤਹਿਤ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਸਵਾਲਾਂ ਦਾ ਸਿਲਸਿਲਾ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੱਦੇ ਤਹਿਤ ਪੰਜਾਬ ਦੇ ਵੱਖ-ਵੱਖ ਲੋਕ ਸਭਾ ਹਲਕਿਆਂ 'ਚ ਚੋਣ ਮੈਦਾਨ ਵਿੱਚ ਨਿੱਤਰ ਰਹੇ ਉਮੀਦਵਾਰਾਂ ਨੂੰ ਐਸੋਸੀਏਸ਼ਨ ਦੀਆਂ ਜ਼ਿਲ੍ਹਾ ਤੇ ਬਲਾਕ ਕਮੇਟੀਆਂ ਵੱਲੋਂ ਮੰਗ ਪੱਤਰ ਦੇਣ ਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕਾਨੂੰਨੀ ਮਾਨਤਾ ਦੇਣ ਸਬੰਧੀ ਸਵਾਲਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਸੂਬਾ ਕੈਸ਼ੀਅਰ ਐਚ.ਐਸ. ਰਾਣੂ ਸੂਬਾ ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ, ਸੂਬਾ ਚੇਅਰਮੈਨ ਡਾਕਟਰ ਦਿਲਦਾਰ ਸਿੰਘ ਚਾਹਲ, ਸੂਬਾ ਲੀਗਲ ਐਡਵਾਈਜ਼ਰ ਜਸਵਿੰਦਰ ਸਿੰਘ ਭੋਗਲ ਨੇ ਕਿਹਾ ਕਿ ਜਥੇਬੰਦੀ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ।ਜਥੇਬੰਦੀ ਦਾ ਮੈਂਬਰ ਵਿਅਕਤੀਗਤ ਰੂਪ ਵਿੱਚ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਤ ਹੋ ਸਕਦਾ ਹੈ।ਪਰ ਜਥੇਬੰਦੀ ਆਪਣੀਆਂ ਮੰਗਾਂ ਮਸਲਿਆਂ ਦੀ ਪ੍ਰਾਪਤੀ ਲਈ ਲੋਕ ਤਾਕਤ ਤੇ ਭਰਾਤਰੀ ਸਾਂਝ ਉਤੇ ਯਕੀਨ ਰੱਖਦੀ ਹੈ।ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਪੰਜਾਬ ਵਿੱਚ ਵੱਖ-ਵੱਖ ਸਿਆਸੀ ਦਲਾਂ ਨੇ ਆਪਣੀ ਸਰਕਾਰ ਬਣਨ ਤੇ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਵਾਅਦਾ ਕੀਤਾ, ਪਰ ਸਰਕਾਰ ਬਣਨ 'ਤੇ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਹੀ ਕੀਤਾ ਹੈ।'ਆਪ' ਪਾਰਟੀ ਵੱਲੋਂ ਚੋਣਾਂ ਸਮੇਂ ਸੂਬਾ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਵਿੱਚ ਸਾਡੀ ਸਰਕਾਰ ਬਣਨ ਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪਾਰਟ ਟਾਈਮ ਟ੍ਰੇਨਿੰਗ ਪਹਿਲ ਦੇ ਅਧਾਰ ਲਾਗੂ ਕੀਤੀ ਜਾਵੇਗੀ।ਪੰਜਾਬ ਸਰਕਾਰ ਦੇ ਵਿਧਾਨ ਸਭਾ ਸੈਸ਼ਨਾਂ ਦੌਰਾਨ ਵੀ ਪੰਜਾਬ ਦੇ ਵੱਖ-ਵੱਖ ਹਲਕਾ ਵਿਧਾਇਕਾਂ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕਾਨੂੰਨੀ ਮਾਨਤਾ ਦੇਣ ਸਬੰਧੀ ਮੰਗ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਪੰਜਾਬ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ।ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਰਾਜਸਥਾਨ, ਬਿਹਾਰ, ਪੱਛਮੀ ਬੰਗਾਲ ਆਦਿ ਸੂਬਿਆਂ ਵੱਲੋਂ ਚਾਰਾਜੋਈ ਕੀਤੀ ਗਈ ਹੈ ਕਿ ਪੰਜਾਬ ਅੰਦਰ ਵੀ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਪਿੰਡਾਂ ਅਤੇ ਸ਼ਹਿਰੀ ਗਰੀਬ ਬਸਤੀਆਂ ਅੰਦਰ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦਿੱਤੀ ਜਾਵੇ ਤੇ ਕੇਂਦਰ ਸਰਕਾਰ ਵੱਲੋਂ ਸਿਹਤ ਸੇਵਾਵਾਂ ਸਬੰਧੀ ਐਨ.ਐਮ.ਸੀ ਐਕਟ ਵਿੱਚ ਸੋਧ ਕਰਕੇ ਤਜਰਬੇਕਾਰ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਵੀ ਬ੍ਰਿਜ ਕੋਰਸ ਕਰਾ ਕੇ ਕਾਨੂੰਨੀ ਮਾਨਤਾ ਦਿੱਤੀ ਜਾਵੇ, ਕਿਉਂਕਿ ਪੰਜਾਬ ਦੇ ਨਾਲ-ਨਾਲ ਸਮੁੱਚੇ ਭਾਰਤ ਵਿੱਚ ਵੀ ਵੱਡੀ ਗਿਣਤੀ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਸੇਵਾਵਾਂ ਨਿਭਾਅ ਰਹੇ ਹਨ।

# ਮਹਿਤਾਬ ਖਹਿਰਾ ਵੱਲੋਂ ਪਿਤਾ ਦੇ ਹੱਕ 'ਚ ਜ਼ੋਰਦਾਰ ਚੋਣ ਪ੍ਰਚਾਰ



**ਸੰਗਰੂਰ (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਸਪੁੱਤਰ ਮਹਿਤਾਬ ਸਿੰਘ ਖਹਿਰਾ ਵੱਲੋਂ ਦਿੜ੍ਹਬਾ ਹਲਕੇ ਦੇ ਅੱਧੀ ਦਰਜਨ ਤੋਂ ਵੱਧ ਪਿੰਡਾਂ ਦਾ ਦੌਰਾ ਕੀਤਾ ਗਿਆ।ਮੌੜਾਂ, ਗੁੱਜਰਾਂ, ਕਮਾਲਪੁਰ, ਸਫੀਪੁਰ ਖੁਰਦ ਵਿਖੇ ਕੀਤੀਆਂ ਭਰਵੀਆਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਮਹਿਤਾਬ ਖਹਿਰਾ ਨੇ ਕਿਹਾ ਕਿ ਜਿਸ ਤਰ੍ਹਾਂ ਦਾ ਲੋਕਾਂ ਵੱਲੋਂ ਕਾਂਗਰਸ ਪ੍ਰਤੀ ਉਤਸ਼ਾਹ ਦਿਖਾਇਆ ਜਾ ਰਿਹਾ ਹੈ, ਉਸ ਤੋਂ ਸਪੱਸ਼ਟ ਲੱਗ ਰਿਹਾ ਹੈ ਕਿ ਕਾਂਗਰਸ ਦੇ ਜਿੱਤ ਦਾ ਐਲਾਨ ਹੋਣਾ ਬਾਕੀ ਰਹਿ ਗਿਆ ਹੈ।ਉਨ੍ਹਾ ਕਿਹਾ ਕਿ ਦਿੜ੍ਹਬਾ ਹਲਕੇ ਵਿੱਚ ਉਨ੍ਹਾ ਕਈ ਪਿੰਡਾਂ ਦਾ ਦੌਰਾ ਕੀਤਾ ਤਾਂ ਪਤਾ ਲੱਗਿਆ ਕਿ ਵਿੱਤ ਮੰਤਰੀ ਦਾ ਹਲਕਾ ਹੋਣ ਦੇ ਬਾਵਜੂਦ ਇੱਥੇ ਰੱਤੀ ਭਰ ਵੀ ਵਿਕਾਸ ਨਹੀਂ ਹੋਇਆ।ਉਨ੍ਹਾ ਕਿਹਾ ਕਿ ਸਰਕਾਰ ਨੇ ਸਿਰਫ਼ ਦੋ ਸਾਲਾਂ ਵਿੱਚ ਸਿਰਫ਼ ਗੱਲਾਂ ਹੀ ਕੀਤੀਆਂ ਹਨ, ਕੋਈ ਵੀ ਵਿਕਾਸ ਦਾ ਕੰਮ ਨਹੀਂ ਕੀਤਾ।ਉਨ੍ਹਾ ਕਿਹਾ ਕਿ ਲੋਕ ਸਭਾ ਹਲਕਾ ਸੰਗਰੂਰ, ਜਿਸ ਨੂੰ ਆਮ ਆਦਮੀ ਪਾਰਟੀ ਦੀ ਰਾਜਧਾਨੀ ਕਿਹਾ ਜਾਂਦਾ ਸੀ, ਪਰ ਹੁਣ ਇੱਥੋਂ ਦੇ ਲੋਕ ਆਪ ਖ਼ਿਲਾਫ਼ ਹੋ ਚੁੱਕੇ ਹਨ, ਕਿਉਂਕਿ ਆਪ ਸਰਕਾਰ ਨੇ ਜਿਹੜੇ ਵਾਅਦੇ ਉਨ੍ਹਾਂ ਨਾਲ ਕੀਤੇ ਸਨ, ਉਨ੍ਹਾਂ ਵਿੱਚੋਂ ਇੱਕ ਵੀ ਪੂਰਾ ਨਹੀਂ ਕੀਤਾ, ਜਿਸ ਕਾਰਨ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ।ਉਨ੍ਹਾ ਆਖਿਆ ਕਿ 1 ਜੂਨ ਨੂੰ ਲੋਕ ਕਾਂਗਰਸ ਨੂੰ ਰਿਕਾਰਡ ਤੋੜ ਵੋਟਾਂ ਪਾ ਕੇ ਸੁਖਪਾਲ ਸਿੰਘ ਖਹਿਰਾ ਨੂੰ ਜਿਤਾ ਕੇ ਇਤਿਹਾਸ ਰਚਣਗੇ।

# ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਦਾ ਤੱਤਪਰ ਰਹਾਂਗੇ : ਬਰ੍ਹੇ, ਕੋਟੜਾ



**ਭੀਖੀ (ਧਰਮਵੀਰ ਸ਼ਰਮਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ:) ਬਲਾਕ ਭੀਖੀ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਮੰਨਤ ਹੋਟਲ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਭਾਗ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਦੀਪ ਸਿੰਘ ਬਰ੍ਹੇ ਨੇ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾ. ਗੁਰਤੇਜ ਸਿੰਘ ਕੋਟੜਾ ਨੇ ਕੀਤੀ। ਜ਼ਿਲ੍ਹਾ ਪ੍ਰਧਾਨ ਦਾ ਮੀਟਿੰਗ ਵਿੱਚ ਪੁੱਜਣ 'ਤੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਸਵਾਗਤ ਕੀਤਾ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਡਾ. ਹਰਦੀਪ ਵਰ੍ਹੇ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਨੂੰ ਸਦੈਵ ਤਤਪਰ ਰਹਿਣਗੇ, ਜਿਸ ਲਈ ਉਹ ਹਰ ਸਮੇਂ ਤਿਆਰ ਹਨ। ਉਨ੍ਹਾ ਕਿਹਾ ਕਿ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤ, ਜਿਸ ਲਈ ਉਨ੍ਹਾਂ ਦਾ ਸੰਘਰਸ਼ ਲਗਾਤਾਰ ਜਾਰੀ ਹੈ। ਉਨ੍ਹਾ ਕਿਹਾ ਕਿ ਉਹ ਸਮੇਂ ਸਮੇਂ 'ਤੇ ਇਹ ਮਾਮਲਾ ਸਰਕਾਰ ਦੇ ਧਿਆਨ ਵਿੱਚ ਲਿਆਉਂਦੇ ਰਹਿੰਦੇ ਹਨ, ਪ੍ਰੰਤੂ ਹਾਲੇ ਤੱਕ ਕਿਸੇ ਵੀ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾ ਕਿਹਾ ਕਿ ਪਿੰਡ ਪੱਧਰ 'ਤੇ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਲੋਕਾਂ ਨੂੰ ਹਰ ਸਮੇਂ ਮੈਡੀਕਲ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਸ ਨਾਲ ਪਿੰਡਾਂ ਅੰਦਰ ਰਹਿਣ ਵਾਲੇ ਮਰੀਜ਼ਾਂ ਨੂੰ ਪਹਿਲ ਦੇ ਅਧਾਰ 'ਤੇ ਪਿੰਡ ਅੰਦਰ ਹੀ ਫਸਟਏਡ ਮਿਲਦੀ ਹੈ, ਜਿਸ ਨਾਲ ਲੱਖਾਂ ਜਾਨਾਂ ਬਚਦੀਆਂ ਹਨ, ਪਰ ਸਰਕਾਰ ਇਨ੍ਹਾਂ ਨੂੰ ਰਜਿਸਟਰਡ ਕਰਨ ਪ੍ਰਤੀ ਗੰਭੀਰ ਨਹੀਂ ਹੈ। ਉਨ੍ਹਾ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਇੱਕ ਪਾਲਿਸੀ ਰਾਹੀਂ ਰਜਿਸਟਰਡ ਕਰਕੇ ਪ੍ਰੈਕਟਿਸ ਕਰਨ ਦਾ ਅਧਿਕਾਰ ਦੇਵੇ। ਉਨ੍ਹਾ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪਿੰਡਾਂ ਅੰਦਰ ਸਾਫ ਸੁਥਰੀ ਪ੍ਰੈਕਟਿਸ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਮਾਜ ਸੇਵਾ ਰਾਹੀਂ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਡਾ. ਬਲਜੀਤ ਪਰੋਚਾ, ਡਾ. ਹਰਜਿੰਦਰ ਹੈਪੀ, ਡਾ. ਰਾਜ ਖਾਨ, ਡਾ. ਅਮਰੀਕ ਖਾਨ, ਡਾ.ਹਰਦੀਪ ਸਮਾਉਂ, ਡਾ. ਮਹਾਂਵੀਰ, ਡਾ. ਸੁਖਜਿੰਦਰ ਖਾਨ, ਡਾ. ਜਗਸੀਰ ਗੋਰਾ, ਡਾ. ਗੁਰਤੇਜ ਸ਼ਰਮਾ, ਡਾ. ਸਤਪਾਲ, ਡਾ. ਹਰਜਿੰਦਰ ਧਨੌਲਾ, ਡਾ. ਸੇਵਕ ਧਨੌਲਾ, ਡਾ. ਹੈਪੀ ਧਨੌਲਾ, ਡਾ. ਹਾਕਮ ਭੀਖੀ, ਡਾ. ਮਨਦੀਪ, ਡਾ. ਬਲਕਰਨ ਸਿੰਘ, ਡਾ. ਯਾਮੀਨ ਖਾਨ ਕਾਲੇਕੇ ਤੇ ਸੁਨੀਲ ਕੁਮਾਰ ਮਾਨਸਾ ਹਾਜ਼ਰ ਸਨ।

29-May-PAGE-11-Majha-24.qxd 5/28/2024 10:36 PM Page 1



# ਪੀ ਜੀ ਆਈ ਵਰਗਾ ਹਸਪਤਾਲ ਤੇ ਸਿੱਖਿਆ ਦੇ ਵੱਡੇ ਪ੍ਰੋਜੈਕਟ ਲਿਆ ਕੇ ਹੁਸ਼ਿਆਰਪੁਰ ਨੂੰ ਭਾਰਤ ਦਾ ਨੰਬਰ ਇੱਕ ਸ਼ਹਿਰ ਬਣਾਵਾਂਗਾ: ਐਡਵੋਕੇਟ ਰਣਜੀਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਪੰਜਾਬ ਦਾ ਦੁਆਬਾ ਖੇਤਰ ਪੜ੍ਹਿਆ-ਲਿਖਿਆ ਖੇਤਰ ਹੈ, ਖਾਸ ਤੌਰ 'ਤੇ ਹੁਸ਼ਿਆਰਪੁਰ ਜ਼ਿਲ੍ਹਾ।ਹੁਸ਼ਿਆਰਪੁਰ ਜ਼ਿਲ੍ਹੇ ਦੀ ਗਿਣਤੀ ਪੰਜਾਬ ਦੇ ਸਭ ਤੋਂ ਵੱਧ ਪੜ੍ਹਿਆਂ-ਲਿਖਿਆਂ ਵਿੱਚੋਂ ਕੀਤੀ ਜਾਂਦੀ ਹੈ।ਜੇਕਰ ਇਥੋਂ ਦੇ ਵਿਦਿਆਰਥੀਆਂ ਨੇ ਮਾਸਟਰ ਡਿਗਰੀ ਬਾਅਦ ਪੀਐੱਚ.ਡੀ. ਜਾਂ ਹੋਰ ਉੱਚ ਸਿੱਖਿਆ ਹਾਸਿਲ ਕਰਨੀ ਹੋਵੇ ਤਾਂ ਉਨ੍ਹਾਂ ਨੂੰ 200 ਕਿਲੋਮੀਟਰ ਦੂਰ ਮਾਲਵੇ ਜਾਂ ਮਾਝੇ ਖੇਤਰ ਦੀ ਯੂਨੀਵਰਸਿਟੀ ਵਿੱਚ ਜਾ ਕੇ ਕਰਨੀ ਪੈਂਦੀ ਹੈ।ਇਹ ਜਾਣਕਾਰੀ ਦਿੰਦੇ ਹੋਏ ਬਸਪਾ ਦੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸੋਸੀਏਸ਼ਨ ਨੇ ਬਾਰ ਐਸੋਸੀਏਸ਼ਨ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਬਹੁਤੇ ਵਿਦਿਆਰਥੀ ਤਾਂ ਉੱਚ ਸਿੱਖਿਆ ਹਾਸਿਲ ਕਰਨ ਤੋਂ ਇਸ ਕਰਕੇ ਵਾਂਝੇ ਰਹਿ ਜਾਂਦੇ ਹਨ ਕਿ ਉਹ ਮਾਝੇ ਅਤੇ ਮਾਲਵੇ ਦੀਆਂ ਯੂਨੀਵਰਸਿਟੀਆਂ ਵਿੱਚ ਜਾ ਕੇ ਪੜ੍ਹ ਨਹੀਂ ਸਕਦੇ ਕਿਉਂਕਿ ਉਨ੍ਹਾਂ ਕੋਲ ਪੈਸੇ ਦੀ ਘਾਟ ਹੈ।ਇਨ੍ਹਾਂ ਯੂਨੀਵਰਸਿਟੀਆਂ ਵਿੱਚ ਫੀਸਾਂ, ਪੜ੍ਹਾਈ ਅਤੇ ਰਹਿਣ 'ਤੇ ਬਹੁਤ ਖਰਚਾ ਆਉਂਦਾ ਹੈ ਜੋ ਕਿ ਗ਼ਰੀਬ ਲੋਕਾਂ ਦੀ ਸਮਰੱਥਾ ਤੋਂ ਬਾਹਰ ਹੈ।ਅੱਜ ਤੱਕ ਪੰਜਾਬ ਵਿੱਚ ਅਕਾਲੀ, ਭਾਜਪਾ, ਕਾਂਗਰਸ ਅਤੇ 'ਆਪ' ਦੀਆ ਸਰਕਾਰਾਂ ਨੇ ਰਾਜ ਕੀਤਾ ਹੈ ਪਰ ਇਹ ਸਰਕਾਰਾਂ ਦੁਆਬੇ ਵਿੱਚ ਇੱਕ ਵੀ ਯੂਨੀਵਰਸਿਟੀ ਨਹੀਂ ਬਣਾ ਸਕੀਆਂ। ਬਲਕਿ ਇਸ ਦੇ ਉਲਟ ਦੁਆਬੇ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਧੜਾ-ਧੜ ਖੋਲ੍ਹ ਦਿੱਤੀਆਂ ਹਨ।ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਕਿ ਕੇਂਦਰ ਵਿਚ ਲਗਾਤਾਰ ਕਾਬਜ਼ ਰਹੀ ਕਾਂਗਰਸ ਤੇ ਭਾਜਪਾ ਵੱਲੋਂ ਜਾਰੀ ਕੀਤੇ ਚੋਣ ਮੈਨੀਫੈਸਟੋ ਝੂਠੇ ਸਾਬਿਤ ਹੋਏ ਹਨ।ਇਨ੍ਹਾਂ ਸਰਕਾਰਾਂ ਨੇ ਕੇਵਲ ਪੂੰਜੀਪਤੀਆਂ ਦਾ ਵਿਕਾਸ ਕੀਤਾ ਹੈ ਆਮ ਲੋਕਾਂ, ਕਿਰਤੀਆਂ, ਕਿਸਾਨਾਂ, ਮੁਲਾਜ਼ਮਾਂ, ਦੁਕਾਨਦਾਰਾਂ ਨੂੰ ਮੁੱਢਲੀਆਂ ਸੁਵਿਧਾਵਾਂ ਤੋਂ ਵਾਂਝੇ ਰੱਖਿਆ।ਲੋਕਾਂ ਲਈ ਚੰਗੇ ਸਰਕਾਰੀ ਇਲਾਜ ਦਾ ਪ੍ਰਬੰਧ ਨਹੀਂ ਹੈ, ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਾਉਣਾ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ।ਸਿੱਖਿਆ ਲਗਾਤਾਰ ਮਹਿੰਗੀ ਕੀਤੀ ਜਾ ਰਹੀ ਹੈ, ਰੁਜ਼ਗਾਰ ਦੀ ਵੀ ਕੋਈ ਗਰੰਟੀ ਨਹੀਂ ਹੈ, ਖਾਸਕਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਨਿਘਾਰ ਵੱਲ ਜਾ ਰਿਹਾ ਹੈ, ਸਿਰਫ ਦੋ ਸਾਲਾਂ ਵਿਚ ਹੀ ਪੰਜਾਬ ਕਰੀਬ 50 ਹਜ਼ਾਰ ਕਰੋੜ ਦਾ ਕਰਜ਼ਾਈ ਹੋ ਗਿਆ ਹੈ।ਖੇਤੀ ਸੰਕਟ ਕਾਰਨ ਪੇਂਡੂ ਵਰਗ ਤੇ ਆਮ ਲੋਕ ਮੁਸ਼ਕਲਾਂ ਵਿਚ ਫਸੇ ਪਏ ਹਨ।ਕਾਂਗਰਸ, ਭਾਜਪਾ, ਅਕਾਲੀ ਤੇ ਆਪ ਪਾਰਟੀ ਵੱਲੋਂ ਪੰਜਾਬ ਦੇ ਨਿਰਾਸ਼ ਕੀਤੇ ਲੋਕਾਂ ਲਈ ਬਸਪਾ ਹੀ ਤੀਸਰਾ ਤਰੱਕੀ, ਖੁਸ਼ਹਾਲੀ ਤੇ ਵਿਕਾਸ ਦਾ ਚੰਗਾ ਬਦਲ ਹੈ ਜੋ ਲੋਕ ਮੁੱਦਿਆਂ ਤੇ ਕੰਮ ਨੂੰ ਤਰਜੀਹ ਦਿੰਦਾ ਹੈ।ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਬਸਪਾ ਸੁਪਰੀਮੋ ਮਾਇਆਵਤੀ ਦੇ ਰਾਜ ਸਮੇਂ ਯੂ. ਪੀ. ਵਿਚ ਹੋਏ ਹਰ ਵਰਗ ਦੇ ਲੋਕਾਂ ਦੇ ਵਿਕਾਸ ਕਾਰਡ ਨੂੰ ਉਹ ਹੁਸ਼ਿਆਰਪੁਰ ਅੰਦਰ ਲਾਗੂ ਕਰਾਉਣਗੇ ਜਿਸ ਵਿਚ ਮਹਿੰਗਾਈ, ਗੁੰਡਾਗਰਦੀ, ਬੇਰੁਜ਼ਗਾਰੀ 'ਤੇ ਕੰਟ੍ਰੋਲ ਕਰਨਾ, ਨਵੀਆਂ ਨੌਕਰੀਆਂ, ਰੁਜ਼ਗਾਰ ਦੇ ਨਵੇਂ ਸਾਧਨ ਪੈਦਾ ਕਰਨਾ, ਸਰਕਾਰੀ ਕਾਲਜਾਂ, ਹਸਪਤਾਲਾਂ ਦਾ ਨਿਰਮਾਣ ਕਰਨਾ, ਹੁਸ਼ਿਆਰਪੁਰ ਅੰਦਰ ਪੀ. ਜੀ. ਆਈ. ਵਰਗਾ ਹਸਪਤਾਲ ਵਰਗੇ ਅਨੇਕਾਂ ਪ੍ਰੋਜੈਕਟ ਲਿਆ ਕੇ ਹੁਸ਼ਿਆਰਪੁਰ ਨੂੰ ਭਾਰਤ ਦਾ ਨੰਬਰ ਇੱਕ ਸ਼ਹਿਰ ਸਥਾਪਤ ਕਰਨਾ ਮੇਰਾ ਸੁਪਨਾ ਹੈ ਜੋ ਇਕ ਜੂਨ ਨੂੰ ਹੁਸ਼ਿਆਰਪੁਰ ਦੇ ਵੋਟਰਾਂ ਦੇ ਸਹਿਯੋਗ ਨਾਲ ਪੂਰਾ ਕਰਾਂਗਾ।ਇਸ ਮੌਕੇ ਹਰਪ੍ਰੀਤ ਸਿੰਘ ਸੀਕਰੀ ਪੀਐੱਚ.ਡੀ. ਰਿਸਰਚ ਸਕਾਲਰ, ਰਾਜਨੀਤੀ ਵਿਗਿਆਨ ਨੇ ਕਿਹਾ ਕਿ ਲੋਕ ਇਸ ਗੱਲ ਨੂੰ ਮੰਨਣ ਲੱਗ ਪਏ ਹਨ ਕਿ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਵੱਧ ਪੜ੍ਹਿਆ, ਇਮਾਨਦਾਰ ਤੇ ਹਰ ਵਰਗ ਦੇ ਵਿਕਾਸ ਦੀ ਗੱਲ ਕਰਨ ਵਾਲਾ ਇਕੱਲਾ ਉਮੀਦਵਾਰ ਹੈ ਅਤੇ ਹੁਸ਼ਿਆਰਪੁਰ ਦੇ ਲੋਕਾਂ ਨੇ 1 ਜੂਨ ਨੂੰ ਹਾਥੀ 'ਤੇ ਵੋਟਾਂ ਪਾ ਕੇ ਉਸਨੂੰ ਕਾਮਯਾਬ ਕਰਨ ਦਾ ਮਨ ਬਣਾ ਲਿਆ ਹੈ।ਜੇਕਰ ਐਡਵੋਕੇਟ ਰਣਜੀਤ ਕੁਮਾਰ ਸੰਸਦ ਮੈਂਬਰ ਬਣਦੇ ਹਨ ਤਾਂ ਸਭ ਤੋਂ ਪਹਿਲਾਂ ਲੋਕ ਸਭਾ ਵਿੱਚ ਦੁਆਬੇ ਖੇਤਰ ਵਿੱਚ ਕੇਂਦਰੀ ਜਾਂ ਸਟੇਟ ਯੂਨੀਵਰਸਿਟੀ ਬਣਾਉਣ ਦੀ ਮੰਗ ਜ਼ੋਰ-ਸ਼ੋਰ ਨਾਲ ਕੀਤੀ ਜਾਵੇਗੀ।

# ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਹੁਸ਼ਿਆਰਪੁਰ ਵਾਸੀ 1 ਜੂਨ ਨੂੰ ਮੈਨੂੰ ਸਹਿਯੋਗ ਦੇਣ: ਭੀਮ ਰਾਓ ਜਸਵੰਤ ਅੰਬੇਡਕਰ

## * ਕਾਂਗਰਸ, ਭਾਜਪਾ ਔਰਤਾਂ ਦੇ ਹੱਕਾਂ ਲਈ ਇਮਾਨਦਾਰ ਨਹੀਂ: ਸੰਤੋਸ਼ ਕੁਮਾਰੀ



ਹੁਸ਼ਿਆਰਪੁਰ (ਓ. ਪੀ. ਰਾਣਾ)-ਗਲੋਬਲ ਰਿਪਬਲਿਕਨ ਪਾਰਟੀ ਦੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਉਮੀਦਵਾਰ ਭੀਮ ਰਾਓ ਜਸਵੰਤ ਅੰਬੇਡਕਰ ਨੇ ਚੋਣ ਮੁਹਿੰਮ ਦੇ ਆਖਰੀ ਪੜਾਅ ਦੌਰਾਨ ਵੱਖ-ਵੱਖ ਹਲਕਿਆਂ ਵਿਚ ਭਾਰੀ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1 ਜੂਨ ਨੂੰ ਦੇਸ਼, ਸੰਵਿਧਾਨ, ਲੋਕਤੰਤਰ ਨੂੰ ਬਚਾਉਣ ਲਈ ਹੁਸ਼ਿਆਰਪੁਰ ਵਾਸੀ ਮੈਨੂੰ ਸਹਿਯੋਗ ਦੇਣ ਕਿਉਂਕਿ ਕੇਂਦਰ ਵਿਚ ਦਸ ਸਾਲਾਂ ਤੋਂ ਰਾਜ ਕਰ ਰਹੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀ ਨੀਅਤ ਦੇਸ਼ ਅਤੇ ਸੰਵਿਧਾਨ ਪ੍ਰਤੀ ਸਾਫ ਨਹੀਂ ਹੈ।ਕਾਂਗਰਸ ਤੇ ਭਾਜਪਾ ਨੇ ਅੱਠ ਦਹਾਕੇ ਦੇਸ਼ ਦੇ ਲੋਕਾਂ ਨੂੰ ਕੁੱਟਿਆ ਤੇ ਲੁੱਟਿਆ ਹੈ।ਉਨ੍ਹਾਂ ਕਿਹਾ ਕਿ ਸੰਵਿਧਾਨ ਅਤੇ ਦੇਸ਼ ਨੂੰ ਬਚਾਉਣ ਲਈ ਭਾਜਪਾ, ਕਾਂਗਰਸ ਤੇ ਆਪ ਵਰਗੀਆਂ ਮਜ਼ਦੂਰ, ਕਿਸਾਨ, ਛੋਟਾ ਵਪਾਰੀ ਵਿਰੋਧੀ ਸੋਚ ਵਾਲੀਆਂ ਪਾਰਟੀਆਂ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ।

ਗਲੋਬਲ ਰਿਪਬਲਿਕਨ ਪਾਰਟੀ ਦੇ 26 ਸੂਤਰੀ ਪ੍ਰੋਗਰਾਮ ਨੂੰ ਜਾਰੀ ਕਰਦਿਆਂ ਯਸ਼ਵੰਤ ਅੰਬੇਡਕਰ ਨੇ ਕਿਹਾ ਕਿ ਮੈਂ ਜਿੱਤਣ ਤੋਂ ਬਾਅਦ ਹੁਸ਼ਿਆਰਪੁਰ ਦੇ ਲੋਕਾਂ ਦੇ ਵਿਕਾਸ ਲਈ ਵਚਨਬੱਧ ਰਹਾਂਗਾ ਜਿਸ ਵਿਚ ਸਿੱਖਿਆ ਦੇ ਮਿਆਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ, ਐੱਸਸੀ, ਐੱਸਟੀ, ਓਬੀਸੀ ਲਈ ਸਕਾਲਰਸ਼ਿਪ ਅਕਾਊਂਟ ਵਿਚ ਭੇਜਣ, ਸੰਵਿਧਾਨ ਅਨੁਸਾਰ ਰਾਈਟ ਟੂ ਐਜੂਕੇਸ਼ਨ ਐਕਟ ਨੂੰ ਲਾਗੂ ਕਰਨ, ਸਿਹਤ ਸਹੂਲਤਾਂ ਯਕੀਨੀ ਅਤੇ ਮੁਫਤ ਕਰਨ, ਕਿਸਾਨਾਂ ਦੇ ਕਰਜ਼ੇ ਮਾਫ਼ ਅਤੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ 50-50 ਲੱਖ ਰੁਪਏ ਦੇਣ, ਕਿਸਾਨਾਂ ਦੀਆਂ ਫਸਲਾਂ ਦੀ ਐੱਮਐੱਸਪੀ ਸੁਰੱਖਿਅਤ ਕਰਨ, ਜਾਤੀਗਤ ਜਨਗਣਨਾ ਕਰਾਉਣ, ਪ੍ਰਵਾਸੀ ਮਜ਼ਦੂਰਾਂ ਲਈ ਰੈਣ ਬਸੇਰੇ ਤੇ ਰਾਸ਼ਨ ਮੁਹੱਈਆ ਕਰਾਉਣ, ਜਾਤੀਗਤ ਰਾਖਵਾਂਕਰਨ ਬੇਕਲਾਗ ਪੂਰਾ ਕਰਨ, ਸ਼ਹਿਰਾਂ ਨੂੰ ਕੂੜਾ ਮੁਕਤ ਕਰਨ, ਘਰੇਲੂ ਗੈਸ ਸਿਲੰਡਰ 450 ਰੁਪਏ ਕਰਨ, ਪੰਜਾਬ ਅੰਦਰ ਨਸ਼ੇ ਦੇ ਕਾਰੋਬਾਰ ਨੂੰ ਖਤਮ ਕਰਨ, ਖੇਡ ਉਦਯੋਗ ਅਤੇ ਖੇਡ ਸਟੇਡੀਅਮ ਬਣਾਉਣ, ਪਾਣੀ ਨੂੰ ਬਚਾਉਣ ਲਈ ਨਹਿਰਾਂ, ਤਲਾਬਾਂ, ਝੀਲਾਂ ਦੀ ਮੁੜ ਉਸਾਰੀ, ਉਦਯੋਗਾਂ ਨੂੰ ਸਿੰਗਲ ਵਿੰਡੋ ਨਾਲ ਜੋੜ ਕੇ ਇੰਸਪੈਕਟਰੀ ਰਾਜ ਖਤਮ ਕਰਨ ਅਤੇ ਦੂਜੇ ਰਾਜਾਂ ਵਿਚ ਗਏ ਉਦਯੋਗਾਂ ਨੂੰ ਵਾਪਸ ਲਿਆਉਣ, ਚੰਡੀਗੜ੍ਹ ਭਰਤੀ ਵਿਚ ਪੰਜਾਬ ਦਾ 60 ਫੀਸਦੀ ਹਿੱਸਾ ਬਹਾਲ ਕਰਨ, ਪੰਜਾਬ ਵਿਚ ਹਰ ਨੌਜਵਾਨ ਨੂੰ ਰੁਜ਼ਗਾਰ ਉਪਲੱਬਧ ਕਰਾਉਣ, ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ, ਹਰ ਨਾਗਰਿਕ ਲਈ ਬਿਜਲੀ/ਪਾਣੀ ਮੁਫਤ, ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕਿਸਾਨ ਕਮਿਸ਼ਨ ਬਣਾਉਣ ਵਰਗੇ ਕਈ ਅਹਿਮ ਮੁਦੇ ਸੰਸਦ ਵਿਚ ਉਠਾ ਕੇ ਇਨ੍ਹਾਂ ਨੂੰ ਪੂਰੀ ਵਚਨਬੱਧਤਾ ਨਾਲ ਲਾਗੂ ਕਰਾਵਾਂਗਾ।ਉਨ੍ਹਾਂ ਕਿਹਾ ਕਿ 1 ਜੂਨ ਨੂੰ ਮੇਰੇ ਚੋਣ ਨਿਸ਼ਾਨ ਗੈਸ ਸਿਲੰਡਰ ਨੂੰ ਵੋਟ ਪਾ ਕੇ ਮੈਨੂੰ ਸੇਵਾ ਦਾ ਮੌਕਾ ਦਿਓ।ਇਸ ਮੌਕੇ ਸੰਤੋਸ਼ ਕੁਮਾਰੀ ਪੰਜਾਬ ਪ੍ਰਧਾਨ ਗਲੋਬਲ ਰਿਪਬਲਿਕਨ ਪਾਰਟੀ ਨੇ ਕਿਹਾ ਕਿ ਕਾਂਗਰਸ, ਭਾਜਪਾ ਤੇ ਆਪ ਪਾਰਟੀ ਔਰਤਾਂ ਦੇ ਹੱਕਾਂ ਪ੍ਰਤੀ ਇਮਾਨਦਾਰ ਨਹੀਂ ਹਨ।ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਵਿਧਾਨ ਅੰਦਰ ਔਰਤਾਂ ਦੇ ਹੱਕਾਂ, ਉਨ੍ਹਾਂ ਦੇ ਮਾਣ-ਸਨਮਾਨ ਤੇ ਸੁਰੱਖਿਆ ਲਈ ਸਖਤ ਕਾਨੂੰਨ ਬਣਾਏ ਹਨ ਪਰ ਪਿਛਲੇ ਅੱਠ ਦਹਾਕਿਆਂ ਤੋਂ ਸੰਵਿਧਾਨ ਨੂੰ ਸਹੀ ਰੂਪ ਵਿਚ ਲਾਗੂ ਹੀ ਨਹੀਂ ਕੀਤਾ ਗਿਆ, ਬਲਕਿ 200 ਦੇ ਕਰੀਬ ਸੋਧਾਂ ਕਰਕੇ ਔਰਤਾਂ 'ਤੇ ਤਸ਼ੱਦਦ ਕਰਨ ਵਾਲਿਆਂ ਦੇ ਬਚਾਅ ਲਈ ਚੋਰ ਰਸਤੇ ਬਣਾ ਦਿੱਤੇ ਜਿਸ ਕਾਰਨ ਜ਼ੁਲਮਾਂ ਵਿਚ ਵਾਧਾ ਹੋਇਆ।

ਉਨ੍ਹਾਂ ਲੋਕ ਸਭਾ ਹੁਸ਼ਿਆਰਪੁਰ ਦੀਆਂ ਭੈਣਾਂ ਨੂੰ ਬੇਨਤੀ ਕੀਤੀ ਕਿ ਨਾਰੀ ਸ਼ਕਤੀ 1 ਜੂਨ ਨੂੰ ਜਸਵੰਤ ਅੰਬੇਡਕਰ ਨੂੰ ਜਿਤਾ ਕੇ ਪਾਰਲੀਮੈਂਟ ਭੇਜੋ ਤਾਂ ਕਿ ਦੇਸ਼, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਇਆ ਜਾ ਸਕੇ।

# ਭਾਜਪਾ ਆਗੂ ਰਵੀਕਰਨ ਕਾਹਲੋਂ ਦੇ ਘਰ ਅੱਗੇ ਲੱਗਾ ਜ਼ੋਰਦਾਰ ਧਰਨਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਸਾਂਝੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਭਾਜਪਾ ਆਗੂ ਰਵੀ ਕਿਰਨ ਸਿੰਘ ਕਾਹਲੋਂ ਦੇ ਦਾਦੂਜੋਧ ਸਥਿਤ ਘਰ ਦੇ ਸਾਹਮਣੇ ਜ਼ੋਰਦਾਰ ਧਰਨਾ ਦਿੱਤਾ ਗਿਆ।ਜ਼ਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ ਅਤੇ ਸੂਬਾ ਆਗੂ ਸਵਿੰਦਰ ਪਾਲ ਫਤਿਹਗੜ੍ਹ ਚੂੜੀਆਂ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਸੰਘਰਸ਼ ਉਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕੀਤੇ ਅੱਤਿਆਚਾਰ, ਕਿਸਾਨਾਂ ਨੂੰ ਸ਼ਹੀਦ ਕਰਨ ਅਤੇ ਝੂਠੇ ਕੇਸਾਂ ਵਿਚ ਪੰਜਾਬ ਹਰਿਆਣਾ ਦੇ ਨੌਜਵਾਨਾਂ ਨੂੰ ਜੇਲਾਂ ਵਿਚ ਬੰਦ ਕਰਨ ਖਿਲਾਫ ਦੇਸ਼ ਭਰ ਵਿਚ ਭਾਜਪਾ ਆਗੂਆਂ ਦੇ ਘਰਾਂ ਅੱਗੇ ਚਾਰ ਘੰਟੇ ਲਈ ਧਰਨੇ ਦਿੱਤੇ ਜਾ ਰਹੇ ਹਨ।ਜਥੇਬੰਦੀ ਦੇ ਆਗੂ ਹਰਜੰਤ ਸਿੱਖ ਪੰਨਵਾਂ, ਦਿਲਬਾਗ ਸਿੰਘ ਪੱਬਾਂਰਾਲੀ ਅਤੇ ਪਾਲ ਸਿੰਘ ਚੀਮਾ ਖੁੱਡੀ ਨੇ ਕਿਹਾ ਕਿ ਲੋਕਾਂ ਦੇ ਦਿਲਾਂ ਵਿਚ ਭਾਜਪਾ ਪ੍ਰਤੀ ਅਥਾਹ ਗੁੱਸਾ ਹੈ ਅਤੇ ਲੋਕ ਪਿੰਡਾਂ ਵਿੱਚ ਇਸਦਾ ਮੁਕੰਮਲ ਬਾਈਕਾਟ ਕਰਨਗੇ।ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਦੇਸ਼ ਨੂੰ ਫਿਰਕੂ ਅਧਾਰ ਤੇ ਵੰਡ ਕੇ ਘੱਟ ਗਿਣਤੀਆਂ ਨੂੰ ਦਬਾਉਣ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਲਈ ਨੰਗਾ ਚਿੱਟਾ ਫਾਸ਼ੀਵਾਦੀ ਰਾਜ ਸਥਾਪਿਤ ਕਰਨ ਦੇ ਰਾਹ ਪਈ ਹੋਈ ਹੈ।ਅਜਿਹੀ ਸਥਿਤੀ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਦੀ ਵਿਸ਼ਾਲ ਲਹਿਰ ਹੀ ਇਸ ਦਾ ਰਾਹ ਰੋਕ ਸਕਦੀ ਹੈ।ਇਸ ਮੌਕੇ ਦਿਲਬਾਗ ਸਿੰਘ ਕੋਟਲਾ ਬਾਮਾ, ਮਹਿੰਦਰ ਸਿੰਘ ਚੀਮਾ ਖੁੱਡੀ, ਨਵਜੋਤ ਸਿੰਘ ਪੱਬਾਂਰਾਲੀ, ਗੁਰਨਾਮ ਸਿੰਘ ਪੱਬਾਂਰਾਲੀ, ਸੁਖਵੰਤ ਸਿੰਘ ਦੇਹੜ, ਸੁਖਜਿੰਦਰ ਸਿੰਘ ਢਪੱਈ, ਨੱਥਾ ਸਿੰਘ ਨਵਾਂਕੋਟ, ਪੁਸ਼ਮਿੰਦਰ ਸਿੰਘ ਜੱਸੜ, ਗੁਰਦਿਆਲ ਸਿੰਘ ਸੈਦੋਵਾਲ ਆਦਿ ਹਾਜ਼ਰ ਸਨ।

# ਸਰਵਣ ਸਿੰਘ ਧੁੰਨ ਨੇ ਕੀਤਾ ਭੁੱਲਰ ਦੇ ਹੱਕ 'ਚ ਚੋਣ ਪ੍ਰਚਾਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਹਲਕਾ ਖੇਮਕਰਨ ਤੋਂ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਪ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ। ਆਪ ਆਗੂ ਬਘੇਲ ਸਿੰਘ ਦੇ ਗ੍ਰਹਿ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਰਵਣ ਸਿੰਘ ਧੁੰਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕੀਤੇ ਲੋਕ ਪੱਖੀ ਕਾਰਜਾਂ ਸਦਕਾ ਲਾਲਜੀਤ ਸਿੰਘ ਭੁੱਲਰ ਸ਼ਾਨਦਾਰ ਜਿੱਤ ਦਰਜ ਕਰਨਗੇ।

ਇਸ ਮੌਕੇ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਧੁੰਨ ਨੇ ਕਿਹਾ ਕਿ ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਢਾਹੁਣ ਤੇ ਅਗਨੀਵੀਰ ਸਕੀਮ ਲਿਆ ਕੇ ਦੇਸ਼ ਦੇ ਨੌਜਵਾਨਾਂ ਤੋਂ ਰੁਜ਼ਗਾਰ ਖੋਹਣ ਵਾਲੇ ਭਾਜਪਾਈ ਅੱਜ ਕਿਹੜੇ ਮੂੰਹ ਨਾਲ ਲੋਕਾਂ ਕੋਲੋਂ ਵੋਟਾਂ ਮੰਗਣ ਆ ਰਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ 'ਇੰਡੀਆ' ਗੱਠਜੋੜ ਦੀ ਸਰਕਾਰ ਬਣਨ 'ਤੇ ਅਗਨੀਵੀਰ ਸਕੀਮ ਤੁਰੰਤ ਰੱਦ ਕੀਤੀ ਜਾਵੇਗੀ ਤੇ ਕਿਸਾਨਾਂ ਨੂੰ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ।ਇਸ ਮੌਕੇ ਧੁੰਨ ਨੇ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੂੰ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਇਸ ਮੌਕੇ ਹਰਮਨਪ੍ਰੀਤ ਸਿੰਘ, ਕੁਲਦੀਪ ਸਿੰਘ, ਗੁਰਸਾਹਿਬ ਸਿੰਘ, ਕਿਰਪਾ ਸਿੰਘ, ਹਰਚੰਦ ਸਿੰਘ, ਸਰਬ ਸੰਧੂ, ਸੇਠੀ, ਕਾਲੀ ਆੜ੍ਹਤੀਆ, ਲਵ ਜੁਲਕਾ, ਬਲ਼ਸ਼ੇਰ ਭੁੱਲਰ, ਸੁਖਰਾਜ ਸਿੰਘ ਬੀਏ, ਪੀਏ ਹਰਜਿੰਦਰ ਸਿੰਘ ਬੁਰਜ, ਗੁਲਸ਼ਨ ਅਲਗੋਂ, ਜਸਵਿੰਦਰ ਸਿੰਘ, ਤਰਲੋਚਨ ਸਿੰਘ, ਹਰਭਜਨ ਸਿੰਘ, ਦਵਿੰਦਰ ਸਿੰਘ, ਬਖਸ਼ੀਸ਼ ਸਿੰਘ, ਅਮਰੀਕ ਸਿੰਘ, ਗੁਰਸੇਵਕ ਸਿੰਘ, ਜਰਨੈਲ ਸਿੰਘ ਜੈਲਾ, ਕਪੂਰ ਸਿੰਘ, ਜਸ਼ਨਦੀਪ ਸਿੰਘ, ਅਮਨਦੀਪ ਸਿੰਘ, ਬੱਬੂ ਸ਼ਰਮਾ, ਅਸ਼ੋਕ ਕੁਮਾਰ ਜੱਜੀ, ਗੁਰਪ੍ਰੀਤ ਸਿੰਘ, ਬਿਕਰਮ ਸਿੰਘ ਫੌਜੀ, ਤਰਸੇਮ ਸਿੰਘ, ਗੁਰਲੀਨ ਸਿੰਘ, ਹਰਦੀਪ ਸਿੰਘ, ਤਰਲੋਕ ਸਿੰਘ, ਹੀਰਾ ਸਿੰਘ ਆਦਿ ਹਾਜ਼ਰ ਸਨ।

# ਕਾਮਰੇਡ ਸੁਲੱਖਣ ਨੇ ਗੁਰਦਿਆਲ ਸਿੰਘ ਦੇ ਹੱਕ 'ਚ ਕਰਵਾਈ ਚੋਣ ਮੀਟਿੰਗ




ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਤੇ ਸੀਪੀਆਈ (ਐੱਮ) ਦੇ ਖਡੂਰ ਸਾਹਿਬ ਹਲਕੇ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਦੇ ਹੱਕ ਵਿੱਚ ਗੰਡੀਵਿੰਡ ਵਿਖੇ ਕਾਮਰੇਡ ਸੁਲੱਖਣ ਸਿੰਘ ਗੰਡੀਵਿੰਡ ਦੀ ਅਗਵਾਈ ਹੇਠ ਚੋਣ ਮੀਟਿੰਗ ਕਰਦਿਆਂ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਨੂੰ ਕਾਮਰੇਡ ਗੁਰਦਿਆਲ ਸਿੰਘ ਨੂੰ ਵੱਧ-ਚੜ੍ਹ ਕੇ ਵੋਟਾਂ ਪਾਉਣ ਦੀ ਅਪੀਲ ਕੀਤੀ।ਇਸ ਸਮੇਂ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਸਾਡੀ ਪਾਰਟੀ ਦੇ ਉਮੀਦਵਾਰ ਗੁਰਦਿਆਲ ਸਿੰਘ ਸੰਸਦ ਵਿਚ ਜਾ ਕੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਮਸਲਿਆਂ ਲਈ ਲੋਕ ਸਭਾ ਦੇ ਅੰਦਰ ਆਵਾਜ਼ ਲਾਮਬੰਦ ਕਰਨਗੇ।ਇਸ ਲਈ ਭੈਣੋ ਭਰਾਵੋ ਇੱਕ ਜੂਨ ਵਾਲੇ ਦਿਨ ਦਾਤਰੀ-ਸਿੱਟੇ ਦਾ ਬਟਨ ਦਬਾ ਕੇ ਕਾਮਰੇਡ ਗੁਰਦਿਆਲ ਸਿੰਘ ਨੂੰ ਹਲਕਾ ਖਡੂਰ ਸਾਹਿਬ ਤੋਂ ਕਾਮਯਾਬ ਬਣਾਓ।ਇਸ ਮੌਕੇ ਰੇਸ਼ਮ ਸਿੰਘ, ਕਾਮਰੇਡ ਸੁਲੱਖਣ ਸਿੰਘ, ਪ੍ਰੀਤਮ ਸਿੰਘ, ਅਮਰ ਸਿੰਘ, ਬਲਦੇਵ ਸਿੰਘ ਨੌਸ਼ਹਿਰਾ, ਰੇਸ਼ਮ ਸਿੰਘ ਨੌਸ਼ਹਿਰਾ, ਮੁਖਤਾਰ ਸਿੰਘ ਬੱਬੂ, ਅਜੇ ਸਿੰਘ, ਕਾਮਰੇਡ ਤਰਸੇਮ ਸਿੰਘ ਸੋਹਲ, ਸਕੱਤਰ ਸਿੰਘ ਸੋਹਲ, ਜੁਗਰਾਜ ਸਿੰਘ, ਰਾਜਾ, ਪ੍ਰਭ ਸਿੰਘ, ਸੁਰਜੀਤ ਸਿੰਘ, ਦੇਵਪ੍ਰੀਤ ਸਿੰਘ, ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਓ: ਮਜੀਠੀਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਹਮੇਸ਼ਾ ਹੀ ਪੰਜਾਬ ਅਤੇ ਪੰਜਾਬ ਪੰਜਾਬੀਆਂ ਦੇ ਭਲੇ ਦੀ ਗੱਲ ਕੀਤੀ ਹੈ ਨੂੰ ਹੋਰ ਮਜਬੂਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਸਮੁੱਚੇ ਪੰਜਾਬ ਵਿੱਚੋਂ ਵੱਡੀ ਲੀਡ ਨਾਲ ਜਤਾਇਆ ਜਾਵੇ ਤਾਂ ਜੋ ਕੇਜਰੀਵਾਲ ਅਤੇ ਭਗਵੰਤ ਮਾਨ ਕੰਪਨੀ ਨੂੰ ਉਸ ਵੱਲੋਂ ਕੀਤੇ ਹੋਏ ਗੁਨਾਹਾਂ ਦੀ ਸਜ਼ਾ ਦਿੱਤੀ ਜਾ ਸਕੇ। ਪਿੰਡ ਸਾਧਪੁਰ ਵਿਖੇ ਦੋ ਵੱਖ-ਵੱਖ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਏ ਨੇ ਕਹਾ ਕਿ ਆਮ ਆਦਮੀ ਪਾਰਟੀ ਜਿਸ ਵੱਲੋਂ ਆਪਣੇ ਮਿਹਨਤੀ ਵਰਕਰਾਂ ਅਤੇ ਆਗੂਆਂ ਨੂੰ ਨੁਕਰੇ ਲਾਇਆ ਜਾ ਰਿਹਾ ਹੈ ਇਸ ਪਾਰਟੀ ਵਿੱਚ ਮਿਹਨਤ ਦਾ ਕੋਈ ਮੁੱਲ ਨਹੀਂ ਜਿਸ ਦੀ ਤਾਜ਼ਾ ਮਿਸਾਲ ਹੈ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਲਈ ਹਰ ਵੇਲੇ ਕੁਰਬਾਨੀ ਲਈ ਤਿਆਰ ਰਹਿਣ ਵਾਲੇ ਲਾਲੀ ਮਜੀਠੀਆ ਨੂੰ ਜਿਸ ਦੀ ਆਮ ਆਦਮੀ ਪਾਰਟੀ ਨੇ ਕਦੇ ਵੀ ਬਾਂਹ ਨਹੀਂ ਫੜੀ ਇਸ ਲਈ ਲਾਲੀ ਮਜੀਠੀਆ ਅੱਜ ਆਪਣੀ ਆਵਾਜ਼ ਨੂੰ ਪਛਾਣਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇੱਕ ਕਰ ਰਹੇ ਜਿਨ੍ਹਾਂ ਸਦਕਾ ਹੀ ਪਿੰਡ ਸਾਧਪੁਰ ਵਿੱਚ ਮੀਟਿੰਗਾਂ ਕਰਨ ਦਾ ਸਿਲਸਿਲਾ ਬਣਿਆ ਹੈ। ਦਲੇਰ ਸਿੰਘ ਜੋ ਕਿ ਲਾਲੀ ਮਜੀਠੀਆ ਦੇ ਨਾਲ ਆਮ ਆਦਮੀ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਆਏ ਹਨ, ਵੱਲੋਂ ਅਤੇ ਸਰਵਣ ਸਿੰਘ ਆਧੀ ਵੱਲੋਂ ਪ੍ਰਭਾਵਸ਼ਾਲੀ ਚੋਣ ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ ਸਨ। ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਪਤਨੀ ਡਾਕਟਰ ਸਤਿੰਦਰ ਕੌਰ ਗਿੱਲ ਮਜੀਠੀਆ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਤੁਸੀਂ ਵੱਡੇ ਮਾਰਜਨ ਨਾਲ ਪਿੰਡ ਵਿੱਚੋਂ ਅਨਿਲ ਜੋਸ਼ੀ ਨੂੰ ਜਿਤਾਓ ਤਾਂ ਜੋ ਪਿੰਡ ਦੇ ਵਿਕਾਸ ਲਈ ਹੋਰ ਵੀ ਪ੍ਰਬੰਧ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਅਤੇ ਲਾਲੀ ਮਜੀਠੀਆ ਸ਼ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਨਾਲ ਚਟਾਨ ਵਾਂਗ ਖੜਾ ਹੈ ਪਿੰਡ ਵਾਸੀਆਂ ਵੱਲੋਂ ਜੈਕਾਰਿਆਂ ਦੀ ਗੂੰਜ ਦੇ ਨਾਲ ਬਿਕਰਮ ਮਜੀਠੀਆ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਵੱਡੇ ਮਾਰਜਨ ਦੇ ਨਾਲ ਪਿੰਡ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਨੂੰ ਜਿਤਾ ਕੇ ਭੇਜਣਗੇ। ਇਸ ਮੌਕੇ ਤੇ ਪਿੰਡ ਵਾਸੀਆਂ ਤੋਂ ਇਲਾਵਾ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਰਣਧੀਰ ਸਿੰਘ ਬਾਠ ਭੋਏ, ਜਸਜੀਤ ਸਿੰਘ ਰੰਧਾਵਾ, ਅਵਲ ਮਜੀਠੀਆ, ਸਾਬਕਾ ਸਰਪੰਚ ਧਰਮ ਸਿੰਘ, ਦਲੇਰ ਸਿੰਘ ਸਾਧਪੁਰ, ਸੇਵਾ ਸਿੰਘ ਸਾਧਪੁਰ, ਥਾਣੇਦਾਰ ਸਰਬਜੀਤ ਸਿੰਘ, ਡਾਕਟਰ ਪਰਮਜੀਤ ਸਿੰਘ, ਬਲਜੀਤ ਸਿੰਘ ਬੱਲਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੋਟ ਪਾਉਣ ਦੀ ਅਪੀਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਪਿੰਡ ਕੋਟ ਫਤੂਹੀ ਦੇ ਉੱਘੇ ਸਮਾਜ, ਸੀਨੀਅਰ ਅਕਾਲੀ ਆਗੂ ਮਨਦੀਪ ਕੌਰ ਇੰਗਲੈਂਡ ਨੇ ਦੱਸਿਆ ਐਨ ਆਰ ਆਈ ਵੀਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਵਿਕਾਸ ਦੇ ਕੰਮ ਅਕਾਲੀ ਦਲ ਬਾਦਲ ਸਰਕਾਰ ਸਮੇਂ ਹੀ ਹੋਏ ਹਨ।ਉਨ੍ਹਾਂ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਮਨਦੀਪ ਸਿੰਘ ਕੋਟ ਫਤੂਹੀ ਕਿਹਾ ਕਿ ਸੋਹਣ ਸਿੰਘ ਠੰਡਲ ਨਾਲ ਯੂਥ ਵਰਗ ਚਟਾਨ ਵਾਂਗ ਖੜਾ ਹੈ ਅਤੇ ਘਰ ਘਰ ਜਾ ਕੇ ਠੰਡਲ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਿਹਾ ਹੈ। ਪੰਜਾਬ ਦੇ ਸਾਰੇ ਪਿੰਡਾਂ ਵਿੱਚੋਂ ਜਿੱਤ ਦਾ ਭਰੋਸਾ ਦਿਵਾਇਆ ਗਿਆ ਹੈ।

# ਕਾਮਰੇਡ ਬਲਵੰਤ ਸਿੰਘ ਘੋਹ ਦੀ ਗ੍ਰਿਫ਼ਤਾਰੀ ਲੋਕਤੰਤਰ ਵਿਰੋਧੀ ਵਰਤਾਰਾ: ਆਰ ਐੱਮ ਪੀ ਆਈ



**ਪਠਾਨਕੋਟ (ਦਵਿੰਦਰ ਸਿੰਘ)**-ਮੌਜੂਦਾ ਲੋਕ ਸਭਾ ਚੋਣਾਂ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਨੇ ਲੋਕਤੰਤਰੀ ਵਿਵਸਥਾ ਦਾ ਦਿਵਾਲਾ ਕੱਢ ਦਿੱਤਾ ਹੈ। ਯਾਦ ਰਹੇ 24 ਮਈ ਨੂੰ ਪ੍ਰਧਾਨ ਮੰਤਰੀ ਦੀ ਦੀਨਾਨਗਰ ਫੇਰੀ ਦੌਰਾਨ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਪੰਜਾਬ ਪੁਲਸ ਨੇ ਆਰ ਐੱਮ ਪੀ ਆਈ ਤਹਿਸੀਲ ਪਠਾਨਕੋਟ ਦੇ ਸਕੱਤਰ ਤੇ ਜਮਹੂਰੀ ਕਿਸਾਨ ਸਭਾ ਦੇ ਮੁੱਖ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਨੂੰ ਸ਼ਾਹਪੁਰ ਕੰਡੀ ਪੁਲਸ ਨੇ ਸਵੇਰੇ 6 ਵਜੇ ਘਰੋਂ ਚੁੱਕ ਕੇ ਸਾਰਾ ਦਿਨ ਪੁਲਸ ਚੌਕੀ ਦੁਨੇਰਾ ਬੰਦ ਕਰ ਰੱਖਿਆ ਸੀ। ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਦੇ ਪਠਾਨਕੋਟ ਵਿਖੇ ਰੋਡ ਸ਼ੋਅ ਦੇ ਮੱਦੇਨਜ਼ਰ ਅੱਜ ਫਿਰ ਬਿਨਾਂ ਕਿਸੇ ਕਾਰਨ ਸਵੇਰੇ 5 ਵਜੇ ਪਠਾਨਕੋਟ ਪੁਲਸ ਨੇ ਕਾਮਰੇਡ ਬਲਵੰਤ ਸਿੰਘ ਘੋਹ ਨੂੰ ਘਰੋਂ ਚੁੱਕ ਕੇ ਆਪਣੀ ਕਸਟਡੀ ਵਿੱਚ ਲੈ ਲਿਆ।ਗੈਰ-ਕਾਨੂੰਨੀ ਗ੍ਰਿਫਤਾਰੀ ਖਿਲਾਫ ਆਰ ਐੱਮ ਪੀ ਆਈ ਆਗੂਆਂ ਕਾਮਰੇਡ ਸ਼ਿਵ ਕੁਮਾਰ, ਹਰਿੰਦਰ ਸਿੰਘ ਰੰਧਾਵਾ ਅਤੇ ਮਾਸਟਰ ਸੁਭਾਸ਼ ਸ਼ਰਮਾ ਦੀ ਅਗਵਾਈ ਹੇਠ ਐੱਸਐੱਸਪੀ ਪਠਾਨਕੋਟ ਨੂੰ ਮਿਲ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਤਾਂ ਐੱਸਐੱਸਪੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਾਹਪੁਰ ਕੰਡੀ ਪੁਲਸ ਸਟੇਸ਼ਨ ਦੇ ਅਧਿਕਾਰੀਆਂ ਨੇ ਕਾਮਰੇਡ ਬਲਵੰਤ ਸਿੰਘ ਘੋਹ ਨੂੰ ਤੁਰੰਤ ਰਿਹਾਅ ਕਰ ਦਿੱਤਾ।ਮਾਨ ਸਰਕਾਰ ਦੇ ਉਪਰੋਕਤ ਗੈਰ-ਲੋਕਤੰਤਰੀ ਵਰਤਾਰੇ ਦੀ ਨਿੰਦਾ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਜਿਹੜੇ ਆਗੂਆਂ ਨੇ ਦੇਸ਼ ਵੇਚਣੇ ਲਾਇਆ ਤੇ ਵੱਡੇ ਪੱਧਰ ਆਰਥਿਕ ਘੱਪਲੇਬਾਜ਼ੀ ਕੀਤੀ, ਤਰ੍ਹਾਂ ਤਰ੍ਹਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਰੈਲੀਆਂ ਤੇ ਰੋਡ ਸ਼ੋਅ ਕਰਨ ਲਈ ਖੁੱਲ੍ਹ ਦਿੱਤੀ ਜਾ ਰਹੀ ਹੈ।ਆਮ ਨਾਗਰਿਕਾਂ ਤੇ ਲੋਕ ਮਸਲਿਆਂ ਦੀ ਅਮਨਪੂਰਵਕ ਗੱਲ ਕਰਨ ਵਾਲੇ ਆਗੂਆਂ ਨੂੰ ਠਾਣਿਆਂ ਵਿੱਚ ਡੱਕਿਆ ਜਾ ਰਿਹਾ ਹੈ ਜਾਂ ਘਰਾਂ ਅੰਦਰ ਹੀ ਨਜ਼ਰਬੰਦ ਕੀਤਾ ਜਾ ਰਿਹਾ ਹੈ।ਆਗੂਆਂ ਨੇ ਲੋਕਾਂ ਨੂੰ ਅਪੀਲ ਇਹਨਾਂ ਲੋਕ ਸਭਾ ਚੋਣਾਂ ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਹਰਾਇਆ ਜਾਵੇ।ਡੈਪੂਟੇਸ਼ਨ ਵਿੱਚ ਉਪਰੋਕਤ ਤੋਂ ਇਲਾਵਾ ਬਲਦੇਵ ਰਾਜ ਭੋਆ, ਨਰਿੰਜਨ ਸਿੰਘ, ਅਜੀਤ ਰਾਮ ਗੰਦਲਾਂ ਲਾਹੜੀ, ਸਕੱਤਰ ਸਿੰਘ, ਬਲਬੀਰ ਸਿੰਘ ਬੇੜੀਆਂ, ਬਲਕਾਰ ਚੰਦ ਭਰਿਆਲ ਲਾਹੜੀ, ਰਾਮ ਬਿਲਾਸ ਠਾਕੁਰ, ਯਸ਼ਪਾਲ ਅਤੇ ਹੋਰ ਸਾਥੀ ਹਾਜ਼ਰ ਸਨ।

# ਬਿਰਧ ਆਸ਼ਰਮ ਝਾਖੋਲਾੜੀ ਬਣਿਆ ਇੱਕ ਹੋਰ ਬਜ਼ੁਰਗ ਦਾ ਸਹਾਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸ. ਦਰਸ਼ਨ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਿੰਡ ਮਰਾੜਾ, ਜ਼ਿਲਾ ਤਹਿਸੀਲ ਪਠਾਨਕੋਟ ਨੇ ਦੱਸਿਆ ਕਿ ਮੇਰੇ ਪਰਿਵਾਰ ਵਾਲੇ ਮੈਨੂੰ ਘਰ ਨਹੀਂ ਰੱਖ ਰਹੇ।ਮੇਰੇ ਲੜਕੇ ਅਤੇ ਭਰਾਵਾਂ ਨੇ ਵੀ ਮੈਨੂੰ ਘਰ ਰੱਖਣ ਤੋਂ ਇਨਕਾਰ ਕਰ ਦਿੱਤਾ।ਮੇਰੀ ਸਾਰੀ ਜ਼ਮੀਨ ਉਨ੍ਹਾਂ ਆਪਣੇ ਨਾਮ ਕਰ ਲਈ ਅਤੇ ਮੇਰੇ ਤਿੰਨ ਪੁੱਤਰ ਵੀ ਹਨ ।ਉਨ੍ਹਾਂ ਨੇ ਵੀ ਮੈਨੂੰ ਘਰੋਂ ਬਾਹਰ ਕੱਢ ਦਿੱਤਾ।ਮੈਂ ਫੌਜ ਵਿੱਚ ਸੀ।ਰਿਟਾਇਰਮੈਂਟ ਲੈ ਲਈ। ਘਰ ਆਇਆ ਤਾਂ ਬੱਚਿਆਂ ਨੇ ਮੇਰੇ ਸਾਰੇ ਪੈਸੇ ਲੈ ਲਏ। ਉਹ ਮੈਨੂੰ ਭੋਜਨ, ਦਵਾਈ ਆਦਿ ਨਹੀਂ ਦਿੰਦੇ। ਆਸ਼ਰਮ ਦੀ ਪ੍ਰਧਾਨ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਬਜ਼ੁਰਗ ਦੀ ਦਾਸਤਾਨ ਸੁਣਨ ਤੋਂ ਬਾਅਦ ਬਿਰਧ ਆਸ਼ਰਮ ਵਿੱਚ ਰਹਿਣ ਦੀ ਇਜਾਜ਼ਤ ਦੇ ਦਿੱਤੀ।ਇਸ ਸਮੇਂ ਆਸ਼ਰਮ ਸਟਾਫ ਸਵਿਤਾ, ਕੁਲਵਿੰਦਰ ਕੌਰ, ਤਰਸੇਮ ਲਾਲ, ਸੁਖਵਿੰਦਰ ਕੌਰ, ਸ਼ਿਵਾਨੀ, ਸਰੋਜ ਵਾਲਾ, ਰਮੇਸ਼ ਚੰਦਰ, ਪ੍ਰਿਆ ਚੰਦ ਦੇਵ ਆਦਿ ਹਾਜ਼ਰ ਸਨ।

# ਵੋਟਿੰਗ ਫੀਸਦੀ ਵਧਾਉਣ ਵਾਲੇ ਬੀ ਐੱਲ ਓਜ਼ ਨੂੰ ਮਿਲੇਗੀ 5000 ਰੁਪਏ ਦੀ ਇਨਾਮੀ ਰਾਸ਼ੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਲੋਕ ਸਭਾ ਚੋਣਾਂ-2019 ਦੇ ਮੁਕਾਬਲੇ ਇਸ ਵਾਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ 10 ਫ਼ੀਸਦੀ ਜਾਂ ਇਸ ਤੋਂ ਵੱਧ ਵੋਟਰ ਪ੍ਰਤੀਸ਼ਤਤਾ ਵਿੱਚ ਵਾਧਾ ਕਰਨ ਵਾਲੇ ਬੀਐੱਲਓਜ਼ ਨੂੰ ਚੋਣ ਕਮਿਸ਼ਨ ਵੱਲੋਂ 5000 ਰੁਪਏ ਦਾ ਨਕਦ ਇਨਾਮ ਦੇਣ ਦੇ ਨਾਲ ਸੂਬਾ ਪੱਧਰੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਜਿਹੜੇ ਬੂਥਾਂ 'ਤੇ ਵੋਟਿੰਗ ਪ੍ਰਤੀਸ਼ਤ 75 ਫ਼ੀਸਦੀ ਤੋਂ ਵੱਧ ਹੋਵੇਗੀ, ਉਥੋਂ ਦੇ ਬੀਐੱਲਓਜ਼ ਨੂੰ ਵੀ 5000 ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਇਹ ਐਲਾਨ ਬੀਤੇ ਦਿਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਕੀਤਾ ਗਿਆ ਹੈ ਕਿ ਜਿਹੜੇ ਬੂਥ ਲੈਵਲ ਅਫ਼ਸਰ (ਬੀਐੱਲਓਜ਼) ਆਪੋ-ਆਪਣੇ ਬੂਥਾਂ 'ਤੇ ਵੋਟਿੰਗ ਪ੍ਰਤੀਸ਼ਤ ਵਧਾਉਣਗੇ, ਉਨ੍ਹਾਂ ਨੂੰ ਚੋਣ ਕਮਿਸ਼ਨ ਵੱਲੋਂ ਇਨਾਮੀ ਰਾਸ਼ੀ ਨਾਲ ਸਨਮਾਨ ਕੀਤਾ ਜਾਵੇਗਾ।ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਬੀਐੱਲਓਜ਼ ਵੋਟਰ ਸਲਿਪਾਂ ਅਤੇ 'ਵੋਟਿੰਗ ਸੱਦਾ ਪੱਤਰ' ਘਰ-ਘਰ ਜਾ ਕੇ ਖ਼ੁਦ ਵੰਡਣ ਅਤੇ ਇਹ ਜ਼ਿੰਮੇਵਾਰੀ ਕਿਸੇ ਹੋਰ ਨੂੰ ਨਾ ਸੌਂਪੀ ਜਾਵੇ।ਉਨ੍ਹਾਂ ਕਿਹਾ ਕਿ ਬੀਐੱਲਓਜ਼ ਆਪਣੇ ਇਲਾਕੇ ਦੇ ਵੋਟਰਾਂ ਨੂੰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕਰਨ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਟੀਚੇ 'ਇਸ ਵਾਰ 70 ਪਾਰ' ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇ।

# ਸ਼ੇਖਾ ਦੇ ਕਈ ਪਰਿਵਾਰ ਅਕਾਲੀ ਦਲ ਛੱਡ 'ਆਪ' 'ਚ ਸ਼ਾਮਲ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਅਕਾਲੀ ਦਲ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਪਿੰਡ ਸ਼ੇਖਾ ਦੇ ਕਈ ਪਰਿਵਾਰਾਂ ਨੇ ਅਕਾਲੀ ਦਲ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਪ ਆਗੂ ਸਿਮਰਨਜੀਤ ਸਿੰਘ ਸ਼ੇਖਾ ਅਤੇ ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ ਦੇ ਯਤਨਾਂ ਸਦਕਾ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਨਸੀਬ ਸਿੰਘ, ਰਛਪਾਲ ਸਿੰਘ, ਜੋਬਨਪ੍ਰੀਤ ਸਿੰਘ, ਪ੍ਰੇਮ ਮਸੀਹ, ਮੰਗਾ ਮਸੀਹ, ਲਵ ਮਸੀਹ, ਲਖਣ ਮਸੀਹ, ਸੰਦੀਪ ਮਸੀਹ, ਜੋਸ ਮਸੀਹ ਅਤੇ ਸਾਜਨ ਮਸੀਹ ਦੇ ਨਾਂ ਮੁੱਖ ਤੌਰ 'ਤੇ ਸ਼ਾਮਲ ਹਨ ਜਿਨ੍ਹਾਂ ਨੂੰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪਾਰਟੀ ਵਿੱਚ ਸ਼ਾਮਲ ਕਰਦਿਆਂ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੀਤੇ ਦੋ ਸਾਲਾਂ ਵਿੱਚ ਲੋਕਾਂ ਦੇ ਵਿਕਾਸ ਲਈ ਵੱਡੀ ਪੱਧਰ 'ਤੇ ਕੰਮ ਕੀਤੇ ਗਏ ਹਨ, ਜਿਸ ਨੂੰ ਵੇਖਦਿਆਂ ਹੋਇਆਂ ਦੂਸਰੀਆਂ ਸਿਆਸੀ ਪਾਰਟੀਆਂ ਦੇ ਲੋਕ ਧੜਾਧੜ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਰਹੇ ਹਨ ਤਾਂ ਜੋ ਸਮਾਜ ਨੂੰ ਬਦਲਣ 'ਚ ਆਪਣਾ ਯੋਗਦਾਨ ਪਾ ਸਕਣ।ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਮੈਂਬਰਾਂ ਨੇ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਨਾਲ ਜੁੜੇ ਹੋਏ ਹਨ, ਪਰ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਦੀਨਾਨਗਰ ਹਲਕੇ ਅੰਦਰ ਵਿਕਾਸ ਲਈ ਅਤੇ ਲੋਕਾਂ ਦੀ ਭਲਾਈ ਲਈ ਜੋ ਕੰਮ ਕਰਵਾਏ ਜਾ ਰਹੇ ਹਨ, ਉਸ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ ਤੇ ਉਹ ਹਲਕਾ ਇੰਚਾਰਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਦੀਨਾਨਗਰ ਦੇ ਵਿਕਾਸ ਲਈ ਯੋਗਦਾਨ ਦੇਣਗੇ।ਇਸ ਮੌਕੇ ਆਪ ਆਗੂ ਸਿਮਰਨਜੀਤ ਸਿੰਘ ਸ਼ੇਖਾ ਅਤੇ ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ ਵੀ ਮੌਜੂਦ ਸਨ।

# ਕਪੂਰਥਲਾ ਦੇ ਭੰਡਾਲ ਬੇਟ 'ਚ ਖ਼ੂਨ ਨਾਲ ਲਥਪਥ ਲਾਸ਼ ਮਿਲੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭੰਡਾਲ ਬੇਟ ਵਿੱਚ ਇਕ ਵਿਅਕਤੀ ਦੀ ਖ਼ੂਨ ਨਾਲ ਲਥਪਥ ਲਾਸ਼ ਮਿਲੀ ਹੈ, ਜਿਸ ਕਾਰਨ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।ਜਾਣਕਾਰੀ ਅਨੁਸਾਰ ਸਵੇਰੇ ਲੋਕਾਂ ਨੇ ਪਿੰਡ ਭੰਡਾਲ ਬੇਟ ਦੇ ਪਸ਼ੂ ਹਸਪਤਾਲ ਕੰਪਲੈਕਸ ਵਿਚ ਇਕ 40 ਸਾਲਾ ਵਿਅਕਤੀ ਲਾਸ਼ ਦੇਖੀ। ਜਿਸ ਦੀ ਪਛਾਣ ਮਨਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਨੂਰਪੁਰ ਜਨੂਹਾ ਵਜੋਂ ਹੋਈ।ਆਸ ਪਾਸ ਦੇ ਲੋਕਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ ਜਿਸ ਤੋਂ ਬਾਅਦ ਥਾਣਾ ਢਿੱਲਵਾਂ ਦੇ ਐੱਸ ਐੱਚ ਓ ਸੁਖਵੀਰ ਸਿੰਘ ਅਤੇ ਡੀ ਐੱਸ ਪੀ ਸੁਰਿੰਦਰ ਪਾਲ ਅਤੇ ਉਨ੍ਹਾਂ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਲਾਸ਼ ਸਬੰਧੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਢਿੱਲਵਾਂ ਦੀ ਪੁਲਸ ਅਤੇ ਡੀ ਐੱਸ ਪੀ ਭੁਲੱਥ ਸੁਰਿੰਦਰ ਪਾਲ ਆਪਣੀ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਖ਼ਰਾਬ ਵੋਟਿੰਗ ਮਸ਼ੀਨਾਂ ਦੀ ਥਾਂ ਨਵੀਆਂ ਵੋਟਿੰਗ ਮਸ਼ੀਨਾਂ ਅਲਾਟ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਲੋਕ ਸਭਾ ਚੋਣਾਂ-2024 ਲਈ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਦਿੱਤੀਆਂ ਗਈਆਂ ਵੋਟਿੰਗ ਮਸ਼ੀਨਾਂ ਵਿੱਚ ਜੋ ਮਸ਼ੀਨਾਂ ਖ਼ਰਾਬ ਪਾਈਆਂ ਗਈਆਂ ਸਨ ਉਨ੍ਹਾਂ ਦੀ ਥਾਂ ਨਵੀਆਂ ਵੋਟਿੰਗ ਮਸ਼ੀਨਾਂ ਦੀ ਰੈਂਡੇਮਾਈਜੇਸ਼ਨ ਤਹਿਤ ਅਲਾਟਮੈਂਟ ਕੀਤੀ ਗਈ।ਇਸ ਮੌਕੇ ਜਨਰਲ ਚੋਣ ਅਬਜ਼ਰਵਰ ਕੇ. ਮਹੇਸ਼ ਆਈਏਐੱਸ., ਜ਼ਿਲ੍ਹਾ ਚੋਣ ਅਧਿਕਾਰੀ ਵਿਸ਼ੇਸ਼ ਸਾਰੰਗਲ ਆਈਏਐੱਸ, ਜ਼ਿਲ੍ਹਾ ਸੂਚਨਾ ਅਫ਼ਸਰ ਸੋਨੀ, ਤਹਿਸੀਲਦਾਰ ਚੋਣਾਂ ਮਨਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਿਹੜੀਆਂ ਵੋਟਿੰਗ ਮਸ਼ੀਨਾਂ ਵਿਧਾਨ ਸਭਾ ਹਲਕਿਆਂ ਨੂੰ ਦਿੱਤੀਆਂ ਗਈਆਂ ਸਨ ਉਨ੍ਹਾਂ ਵਿਚੋਂ 12 ਬੈਲਟ ਯੂਨਿਟ, 27 ਕੰਟਰੋਲ ਯੂਨਿਟ ਅਤੇ 52 ਵੀਵੀਪੈਟ ਮਸ਼ੀਨਾਂ ਖ਼ਰਾਬ ਪਾਈਆਂ ਗਈਆਂ ਸਨ।ਉਨ੍ਹਾਂ ਕਿਹਾ ਕਿ ਇਨ੍ਹਾਂ ਖ਼ਰਾਬ ਮਸ਼ੀਨਾਂ ਦੀ ਥਾਂ ਅੱਜ ਰੈਂਡੇਮਾਈਜੇਸ਼ਨ ਕਰਕੇ ਦੁੱਗਣੀ ਗਿਣਤੀ ਵਿੱਚ ਇਹ ਨਵੀਆਂ ਮਸ਼ੀਨਾਂ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਚੋਣਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਪੂਰੀ ਤਿਆਰੀ ਹੈ ਅਤੇ ਪੂਰੇ ਚੋਣ ਅਮਲ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਡਰਾਈ ਡੇ ਦੇ ਹੁਕਮ ਜਾਰੀ

**ਪਠਾਨਕੋਟ, (ਦਵਿੰਦਰ ਸਿੰਘ)**-ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ 30 ਮਈ 2024 (ਸ਼ਾਮ 6:00 ਵਜੇਂ ਤੋਂ ਮਿਤੀ 1 ਜੂਨ 2024 ਤੱਕ ਅਤੇ 4 ਜੂਨ 2024 ਨੂੰ ਡਰਾਈ ਡੇਅ ਐਲਾਨ ਕਰਦਾ ਹਾਂ। ਇਸ ਨਿਸ਼ਚਿਤ ਸਮੇਂ ਦੌਰਾਨ ਜ਼ਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸ਼ੀ ਅਤੇ ਅੰਗਰੇਜੀ) ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ, ਅਹਾਤੇ, ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜ਼ਤ ਹੈ ਜਾਂ ਹੋਰ ਜਨਤਕ ਥਾਵਾ ਆਦਿ ਤੇ ਸ਼ਰਾਬ ਦੀ ਵਿਕਰੀ ਕਰਨ, ਪੀਣ/ਪਿਲਾਉਣ ਅਤੇ ਸਟੋਰ ਕਰਨ ਤੇ ਮੁਕੰਮਲ ਪਾਬੰਦੀ ਲਗਾਉਂਦਾ ਹਾਂ।

# ਰਵਾਇਤੀ ਪਾਰਟੀਆਂ ਸਦਾ ਵਿਕਾਸ ਦੇ ਨਾਂ 'ਤੇ ਵੋਟਾਂ ਵਟੋਰਦੀਆਂ ਵਿਕਾਸ ਨਜ਼ਰ ਨਹੀਂ ਆਉਂਦਾ : ਕਾਮਰੇਡ ਗੁਰਦਿਆਲ



**ਤਰਨ ਤਾਰਨ (ਪੱਤਰ ਪ੍ਰੇਰਕ)**-ਸੀਪੀਆਈ ਅਤੇ ਸੀਪੀਆਈ (ਐੱਮ) ਹਲਕਾ ਖਡੂਰ ਸਹਿਬ ਦੇ ਸਾਂਝੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਦੇ ਹੱਕ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਕਾਮਰੇਡ ਸੋਨੀ ਖਡੂਰ ਸਹਿਬ ਦੀ ਅਗਵਾਈ ਹੇਠ ਪਿੰਡ ਖਾਰਾ ਅਤੇ ਬਾਕੀਪੁਰ ਵਿਖੇ ਬੀਬੀ ਰਪਿੰਦਰ ਕੌਰ ਬਾਕੀਪੁਰ ਦੀ ਪ੍ਰਧਾਨਗੀ ਹੇਠ ਮੀਟਿੰਗਾਂ ਕੀਤੀਆਂ ਗਈਆਂ।ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ।ਭਾਵੇਂ ਕਿਸਾਨੀ ਮੰਗਾਂ ਹੋਣ ਭਾਵੇਂ ਸੂਬੇ ਦੇ ਵਿਕਾਸ ਦੀ ਗੱਲ ਹੋਵੇ ਜਾਂ ਲੋੜਵੰਦ ਪਰਿਵਾਰਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਗੱਲ ਹੋਵੇ।ਪੰਜਾਬ ਵਿੱਚ ਅਮਨ-ਕਨੂੰਨ ਦੀ ਹਾਲਤ ਬਦ ਤੋਂ ਬਿਹਤਰ ਹੁੰਦੀ ਜਾ ਰਹੀ ਹੈ।ਉਨ੍ਹਾਂ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਪੂਰੇ ਭਾਰਤ ਵਿੱਚ ਭਾਜਪਾ ਦਾ ਪ੍ਰਚਾਰ ਕਰ ਰਹੇ ਨਰਿੰਦਰ ਮੋਦੀ ਇਸ ਵਾਰ ਫੇਰ ਜੁਮਲਿਆਂ ਦੀ ਨਫਰਤ ਫੈਲਾਉ ਰਾਜਨੀਤੀ ਨਾਲ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦਕਿ ਲੋਕ ਪ੍ਰਧਾਨ ਮੰਤਰੀ ਦੇ ਇਨ੍ਹਾਂ ਜੁਮਲਿਆਂ ਤੋਂ ਪੂਰੀ ਤਰ੍ਹਾਂ ਵਾਕਫ ਹੋ ਚੁੱਕੇ ਹਨ।ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਨਫਰਤ ਅਤੇ ਫੁੱਟ ਪਾਉਣ ਅਤੇ ਜਾਤਪਾਤ ਦੀ ਰਾਜਨੀਤੀ ਕਰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਦੀ ਅਸਲ ਸਮੱਸਿਆ ਹੈ ਚੰਗੀ ਸਿੱਖਿਆ, ਸਿਹਤ ਸਹੂਲਤਾਂ ਅਤੇ ਰੋਜ਼ਗਾਰ ਮਿਲੇ ਤਾਂ ਜੋ ਉਨ੍ਹਾਂ ਨੂੰ ਪੰਜ ਕਿਲੋ ਮੁਫਤ ਕਣਕ ਲੈਣ ਲਈ ਲਾਇਨ ਵਿੱਚ ਨਾ ਖੜੇ ਹੋਣਾ ਪਵੇ।ਉਨ੍ਹਾਂ ਕਿਹਾ ਕਿ ਅਜ਼ਾਦੀ ਦੇ 80 ਸਾਲ ਬੀਤ ਜਾਣ ਦੇ ਬਾਅਦ ਇਹ ਸਰਕਾਰਾਂ ਪੱਕੇ ਰੋਜ਼ਗਾਰ ਦਾ ਪ੍ਰਬੰਧ ਨਹੀ ਕਰ ਸਕੀਆਂ ਜਿਸ ਕਰਕੇ ਗਰੀਬੀ ਅਤੇ ਅਮੀਰੀ ਦਾ ਪਾੜਾ ਵਧਿਆ ਹੈ।ਦੇਸ਼ ਦੇ ਲੋਕਾਂ ਨਾਲ ਹੋ ਰਹੇ ਧੱਕੇ ਤੋ ਨਿਜਾਤ ਦਵਾਉਣ ਲਈ ਬੀਜੇਪੀ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇੱਕ ਜੂਨ ਵਾਲੇ ਦਿਨ ਦਾਤਰੀ ਸਿੱਟੇ ਦਾ ਬਟਨ ਦਬਾ ਕਿ ਕਾਮਰੇਡ ਗੁਰਦਿਆਲ ਸਿੰਘ ਨੂੰ ਕਾਮਯਾਬ ਕਰਨ ਤਾਂ ਉਹ ਪਾਰਲੀਮੈਂਟ ਵਿੱਚ ਜਾ ਕੇ ਤੁਹਾਡੀ ਅਵਾਜ਼ ਬਲੰਦ ਕਰੇ।ਕਾਮਰੇਡ ਗੁਰਦਿਆਲ ਸਿੰਘ ਨੇ ਕਿਹਾ ਰਵਇਤੀ ਪਾਰਟੀਆਂ ਵਿਕਾਸ ਦੇ ਨਾਂ 'ਤੇ ਵੋਟਾਂ ਵਟੋਰਦੀਆਂ ਪਰ ਲੋਕਾਂ ਦੇ ਜੀਵਨ ਵਿੱਚ ਵਿਕਾਸ ਕਿਧਰੇ ਨਜ਼ਰ ਨਹੀਂ ਆ ਰਿਹਾ। ਜ਼ਮੀਨੀ ਪੱਧਰ 'ਤੇ ਮੋਦੀ ਦੇ ਜੁਮਲੇ ਹੀ ਸਾਬਿਤ ਹੋਏ ਹਨ।ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਜਿਤਾ ਕਿ ਪਾਰਲੀਮੈਂਟ ਵਿੱਚ ਭੇਜੋ ਮੈਂ ਕਿਸਾਨਾਂ, ਮਜ਼ਦੂਰਾਂ, ਬੇਰੋਜ਼ਗਾਰਾਂ ਲਈ, ਨਸ਼ਿਆਂ ਦੇ ਖਾਤਮੇ ਲਈ, ਪੁਰਾਣੀ ਪੈਨਸ਼ਨ ਬਹਾਲ, ਮਨਰੇਗਾ ਕਾਮਿਆ ਲਈ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਇੱਕ ਹਜ਼ਾਰ ਕਰਵਾਉਣ ਲਈ ਤੁਹਾਡੀ ਅਵਾਜ਼ ਬਣ ਕੇ ਪਾਰਲੀਮੈਂਟ ਵਿੱਚ ਅਵਾਜ਼ ਬਲੰਦ ਕਰਾਂਗਾ।ਹੋਰਨਾਂ ਤੋਂ ਇਲਾਵਾ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਹਰਭਜਨ ਸਿੰਘ, ਜਸਪਾਲ ਸਿੰਘ, ਸੁਖਦੇਵ ਸਿੰਘ, ਗਿੰਦਰ ਸਿੰਘ, ਅਵਤਾਰ ਸਿੰਘ ਫੌਜੀ ਬਾਕੀਪੁਰ, ਕੁਲਵੰਤ ਸਿੰਘ, ਜਸਵੰਤ ਸਿੰਘ, ਖਡੂਰ ਸਹਿਬ ਆਦਿ ਨੇ ਸੰਬੋਧਨ ਕੀਤਾ।

29-MAY-PAGE-12.qxd 5/28/2024 10:35 PM Page 1



# ਭਾਜਪਾ ਸ਼ਾਸਤ ਰਾਜਾਂ 'ਚ ਬਿਜਲੀ ਸਭ ਤੋਂ ਮਹਿੰਗੀ, ਮੈਂ ਕੀਤੀ ਮੁਫਤ : ਕੇਜਰੀਵਾਲ



**ਜਲੰਧਰ (ਸ਼ੈਲੀ ਅਲਬਰਟ)**-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਜਲੰਧਰ ਵਿੱਚ 'ਆਪ' ਉਮੀਦਵਾਰ ਪਵਨ ਕੁਮਾਰ ਟੀਨੂੰ ਲਈ ਚੋਣ ਪ੍ਰਚਾਰ ਕੀਤਾ। ਕੇਜਰੀਵਾਲ ਨੇ 'ਆਪ' ਉਮੀਦਵਾਰ ਦੇ ਨਾਲ ਰੋਡ ਸ਼ੋ ਕੀਤਾ ਅਤੇ ਲੋਕਾਂ ਨੂੰ ਪਵਨ ਟੀਨੂੰ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ।ਕੇਜਰੀਵਾਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਸਾਰੀਆਂ ਪਾਰਟੀਆਂ ਨੂੰ ਮੌਕਾ ਦਿੱਤਾ। ਕਿਸੇ ਨੇ ਤੁਹਾਡੇ ਲਈ ਕੁਝ ਨਹੀਂ ਕੀਤਾ ਅਤੇ ਨਾ ਹੀ ਤੁਹਾਡੇ ਮੁੱਦੇ ਸੰਸਦ ਵਿੱਚ ਉਠਾਏ। ਇਸ ਵਾਰ ਆਪ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਜਿਤਾਓ। ਉਹ ਤੁਹਾਡੇ ਵਿਚਕਾਰ ਹੀ ਰਹਿਣਗੇ ਅਤੇ ਤੁਸੀਂ ਉਨ੍ਹਾਂ ਤੋਂ ਰਾਤ ਦੇ 2 ਵਜੇ ਵੀ ਕੰਮ ਕਰਵਾ ਸਕਦੇ ਹੋ। ਉਹ ਤੁਹਾਡੇ ਮੁੱਦੇ ਸੰਸਦ ਵਿੱਚ ਉਠਾਉਣਗੇ ਅਤੇ ਤੁਹਾਡੇ ਹੱਕਾਂ ਲਈ ਲੜਨਗੇ।ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਨੇ ਦਿੱਲੀ ਅਤੇ ਪੰਜਾਬ 'ਚ ਬਿਜਲੀ ਮੁਫ਼ਤ ਕੀਤੀ। ਭਾਜਪਾ ਸ਼ਾਸਤ ਰਾਜਾਂ ਵਿੱਚ ਬਿਜਲੀ ਸਭ ਤੋਂ ਮਹਿੰਗੀ ਹੈ। ਫਿਰ ਵੀ ਭਾਜਪਾ ਵਾਲੇ ਮੈਨੂੰ ਭ੍ਰਿਸ਼ਟ ਕਹਿੰਦੇ ਹਨ। ਤੁਸੀਂ ਹੀ ਦੱਸੋ ਕਿ ਮੁਫ਼ਤ ਬਿਜਲੀ ਦੇਣ ਵਾਲਾ ਭ੍ਰਿਸ਼ਟ ਹੈ ਜਾਂ ਮਹਿੰਗੀ ਬਿਜਲੀ ਦੇਣ ਵਾਲਾ ? ਉਨ੍ਹਾਂ ਕਿਹਾ ਕਿ ਚੋਣਾਂ ਦੇ ਐਲਾਨ ਤੋਂ ਬਾਅਦ ਪੀਐਮ ਮੋਦੀ ਨੇ ਮੈਨੂੰ ਜੇਲ੍ਹ ਭੇਜ ਦਿੱਤਾ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਕੇਜਰੀਵਾਲ ਨੇ ਦੇਸ਼ ਭਰ ਵਿੱਚ ਪ੍ਰਚਾਰ ਕੀਤਾ ਤਾਂ ਭਾਜਪਾ ਨੂੰ ਬਹੁਤ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਦੇਸ਼ ਵਿੱਚ ਤਾਨਾਸ਼ਾਹੀ ਫੈਲਾਈ ਹੋਈ ਹੈ। ਜੇਕਰ ਉਹ ਇਸ ਵਾਰ ਜਿੱਤ ਗਏ ਤਾਂ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਨੂੰ ਤਬਾਹ ਕਰ ਦੇਣਗੇ। ਇਸ ਲਈ ਇਸ ਵਾਰ ਭਾਜਪਾ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ।ਕੇਜਰੀਵਾਲ ਨੇ ਅਮਿਤ ਸ਼ਾਹ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਸ਼ਾਹ ਨੇ ਪੰਜਾਬ ਦੇ ਲੋਕਾਂ ਨੂੰ ਧਮਕੀ ਦਿੱਤੀ ਹੈ ਕਿ 4 ਜੂਨ ਨੂੰ 'ਆਪ' ਸਰਕਾਰ ਨੂੰ ਬਰਖ਼ਾਸਤ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਟਾ ਦਿੱਤਾ ਜਾਵੇਗਾ। ਇਹ ਤਾਨਾਸ਼ਾਹ ਲੋਕ ਲੋਕਤੰਤਰ ਦਾ ਕਤਲ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਤਾਨਾਸ਼ਾਹਾਂ ਨੂੰ ਬਰਦਾਸ਼ਤ ਨਹੀਂ ਕਰਦੇ। ਇਸ ਲਈ ਅਮਿਤ ਸ਼ਾਹ ਨੂੰ ਆਪਣੀ ਵੋਟ ਨਾਲ ਜਵਾਬ ਦਿਓ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਾਡੀ ਸਰਕਾਰ ਹੈ।ਅਸੀਂ ਕੇਂਦਰ ਵਿੱਚ ਵੀ ਮਜ਼ਬੂਤ ਹੋਵਾਂਗੇ ਤਾਂ ਪੰਜਾਬ ਦਾ ਵਿਕਾਸ ਦੁੱਗਣੀ ਰਫ਼ਤਾਰ ਬਕਾਇਆ ਫੰਡ ਜਾਰੀ ਕਰਵਾਵਾਂਗੇ। ਸਾਡੇ ਸੰਸਦ ਮੈਂਬਰ ਪਾਰਲੀਮੈਂਟ ਵਿੱਚ ਪੰਜਾਬ ਦੀ ਆਵਾਜ਼ ਬਣਨਗੇ।ਉਨ੍ਹਾਂ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਭਾਜਪਾ ਅਤੇ ਅਕਾਲੀ ਦਲ ਨੂੰ ਵੋਟ ਪਾਉਣ ਦਾ ਮਤਲਬ ਆਪਣੀ ਵੋਟ ਬਰਬਾਦ ਨਾਲ ਹੋਵੇਗਾ।ਜਲੰਧਰ ਬਾਰ ਐਸੋਸੀਏਸ਼ਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਕੋਈ ਲੋਕ ਸਭਾ ਉਮੀਦਵਾਰ ਵਕੀਲਾਂ ਦੇ ਨਾਲ ਨਾਲ ਕਲਰਕ ਐਸੋਸੀਏਸ਼ਨ ਨੂੰ ਵੀ ਮਿਲਿਆ। ਚੰਨੀ ਨੇ ਕਲਰਕ ਐਸੋਸੀਏਸ਼ਨ ਨਾਲ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਇਹ ਵਿਸ਼ਵਾਸ ਦਵਾਇਆ ਕਿ ਉਹ ਹਰ ਮੁਸ਼ਕਲ ਦਾ ਹੱਲ ਵੀ ਪਹਿਲ ਦੇ ਆਧਾਰ 'ਤੇ ਕਰਨਗੇ। ਇਸ ਮੌਕੇ ਗਗਨ ਸ਼ਰਮਾ, ਪੰਕਜ, ਦੀਪਕ ਨਾਹਰ, ਸੁਸ਼ੀਲ ਬੰਟੀ, ਅਸ਼ੋਕ ਕੰਡਾ ਅਤੇ ਹੋਰ ਵੀ ਸ਼ਾਮਲ ਹੋਏ ਅਤੇ ਸਹਿਯੋਗ ਦੇਣ ਦਾ ਐਲਾਨ ਕੀਤਾ।ਇਸ ਮੀਟਿੰਗ ਕਰਵਾਉਣ ਵਿੱਚ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਐਡਵੋਕੇਟ ਰਾਕੇਸ਼ ਕਨੌਜੀਆ ਅਤੇ ਐਡਵੋਕੇਟ ਰਾਜੂ ਅੰਬੇਡਕਰ ਦਾ ਵਿਸ਼ੇਸ਼ ਯੋਗਦਾਨ ਰਿਹਾ।

# 'ਆਰਡਿਊਨੋ ਯੂ ਐਨ ਓ' ਵਿਸ਼ੇ 'ਤੇ ਭਾਸ਼ਣ



**ਕੁਰਾਲੀ (ਮੋਹਨ ਅਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਇਲੈਕਟ੍ਰੀਕਲ ਐਂਡ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵੱਲੋਂ 'ਆਰਡਿਊਨੋ ਯੂ ਐਨ ਓ' ਵਿਸ਼ੇ 'ਤੇ ਮਾਹਿਰ ਭਾਸ਼ਣ ਦਾ ਆਯੋਜਨ ਕੀਤਾ ਗਿਆ।ਵਿਭਾਗ ਦੇ ਵਿਦਿਆਰਥੀਆਂ ਨੇ ਇਸ ਮਾਹਿਰ ਭਾਸ਼ਣ 'ਚ ਹਿੱਸਾ ਲਿਆ ਜਿੱਥੇ ਉਨ੍ਹਾਂ ਨੇ ਪ੍ਰੋਜੈਕਟਾਂ ਦੇ ਹਾਰਡਵੇਅਰ ਦੇ ਨਾਲ-ਨਾਲ ਸਾਫਟਵੇਅਰ ਨੂੰ ਲਾਗੂ ਕਰਨਾ ਵੀ ਸਿੱਖਿਆ।ਡਾ. ਰਾਜੀਵ ਕੁਮਾਰ ਨੇ ਆਰਡਿਊਨੋ ਯੂ ਐਨ ਓ, ਇਸ ਦੇ ਕੁਝ ਹਿੱਸਿਆਂ, ਪ੍ਰੋਗਰਾਮਿੰਗ, ਵਰਤੋਂ ਅਤੇ ਬੇਅੰਤ ਐਪਲੀਕੇਸ਼ਨਾਂ ਬਾਰੇ ਵਿਆਪਕ ਗਿਆਨ ਪ੍ਰਦਾਨ ਕੀਤਾ।ਸੈਸ਼ਨ ਗਿਆਨ ਭਰਪੂਰ ਸੀ ਅਤੇ ਵਿਦਿਆਰਥੀਆਂ ਨੇ ਇਸ ਦਾ ਬਹੁਤ ਆਨੰਦ ਲਿਆ।ਇਹ ਭਾਸ਼ਣ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ, ਡੀਨ ਯੂਨੀਵਰਸਿਟੀ ਸਕੂਲ ਆਫ਼ ਇਲੈਕਟ੍ਰੀਕਲ ਐਂਡ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਡਾ. ਅਨਮੋਲ ਗੋਇਲ ਅਤੇ ਮੁਖੀ ਸੋਨਲ ਸੂਦ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਵਿਭਾਗ ਵੱਲੋਂ ਯੂਨੀਵਰਸਿਟੀ ਵਿੱਚ 'ਛੋਟੇ ਉਪਗ੍ਰਹਿ ਡਿਜ਼ਾਈਨ ਕਰਨ ਦੀਆਂ ਰਣਨੀਤੀਆਂ' ਵਿਸ਼ੇ 'ਤੇ ਡਾ: ਸੁਮਿਤ ਕੁਮਾਰ ਦੁਆਰਾ ਇੱਕ ਹੋਰ ਮਾਹਰ ਭਾਸ਼ਣ ਦਾ ਆਯੋਜਨ ਵੀ ਕੀਤਾ ਗਿਆ। ਇਸ ਸੈਸ਼ਨ ਵਿੱਚ ਫੈਕਲਟੀ ਮੈਂਬਰਾਂ ਦੇ ਨਾਲ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਵਿਭਾਗ ਦੇ ਵਿਦਿਆਰਥੀਆਂ ਨੇ ਪੁਲਾੜ ਵਿਗਿਆਨ, ਉਪਗ੍ਰਹਿ ਦੇ ਵੱਖ-ਵੱਖ ਹਿੱਸਿਆਂ ਅਤੇ ਛੋਟੇ ਸੈਟੇਲਾਈਟਾਂ ਦੇ ਡਿਜ਼ਾਈਨ ਅਤੇ ਵਿਕਾਸ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਦੌਰਾਨ ਵਿਦਿਆਰਥੀਆਂ ਨੇ ਪੁਲਾੜ ਖੋਜ ਵਿੱਚ ਤਰੱਕੀ ਅਤੇ ਕਰੀਅਰ ਬਣਾਉਣ ਦੇ ਤਰੀਕਿਆਂ ਖਾਸ ਕਰਕੇ ਭਾਰਤੀ ਪੁਲਾੜ ਖੋਜ ਵਿੱਚ ਨਵੀਂਆਂ ਤਰੱਕੀਆਂ ਬਾਰੇ ਆਪਣੀ ਜਾਣਕਾਰੀ ਵਿੱਚ ਵਾਧਾ ਕੀਤਾ।

# ਬਾਬਾ ਬਾਲਾ ਪੀਰ ਸਰਹਾਲ ਕਾਜ਼ੀਆਂ ਵਿਖੇ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਬਾਬਾ ਬਾਲਾ ਪੀਰ ਸਰਹਾਲ ਕਾਜ਼ੀਆਂ ਵਿਖੇ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ ਅਦਾ ਕੀਤੀ ਗਈ ਉਪਰੰਤ ਨਕਾਲ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰ ਬਲਰਾਜ ਬਿਲਗਾ, ਮਨਮੋਹਣ ਭੱਟੀ-ਸੀਮਾ ਭੱਟੀ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਪ੍ਰੋਗਰਾਮ ਪੇਸ਼ ਕੀਤਾ।ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ, ਇਸ ਪਿੰਡ ਦੇ ਜੰਮਪਲ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਪੰਜਾਬ, ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਹਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਲੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ।ਸਾਨੂੰ ਗੁਰੂ,ਪੀਰਾਂ, ਫ਼ਕੀਰਾਂ ਦੀ ਯਾਦ ਚ ਮੇਲੇ ਰਲਮਿਲ ਕੇ ਮਨਾਉਣੇ ਚਾਹੀਦੇ ਹਨ।ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।ਇਸ ਮੌਕੇ ਮੁੱਖ ਸੇਵਾਦਾਰ ਕਸ਼ਮੀਰ ਸਿੰਘ , ਪ੍ਰਧਾਨ ਪਰਮਜੀਤ ਸਿੰਘ ਲੈਕਚਰਾਰ, ਉਪ ਪ੍ਰਧਾਨ ਡਾ. ਗੁਰਪ੍ਰੀਤ ਸਿੰਘ, ਜਨਰਲ ਸਕੱਤਰ ਸੁਰਜੀਤ ਸੈਂਪਲੇ, ਦਿਲਮਿਲ ਸਿੰਘ ਸੋਚ ਆਈ ਏ ਐਸ, ਸੁਰਿੰਦਰ ਕੁਮਾਰ ਚੱਢਾ, ਗੁਰਮੀਤ ਬਾਗਲਾ, ਚਮਨ ਲਾਲ ਬਾਗਲਾ, ਰਣਜੀਤ ਸਿੰਘ ਪੰਚ, ਮੁਲਖ ਰਾਜ, ਬਸ਼ੰਬਰ ਲਾਲ ਸਰਪੰਚ, ਜੋਗਿੰਦਰ ਬਾਂਸਲ, ਅਮਨਦੀਪ ਬਾਗਲਾ, ਪ੍ਰੇਮ ਘਈ, ਡਾ. ਕੁਲਦੀਪ ਬੈਂਸ ਘੁੰਮਣ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਕਾਲਜ ਆਫ ਐਜੂਕੇਸ਼ਨ ਵੱਲੋਂ ਵਾਤਾਵਰਣ ਸੰਬੰਧੀ ਡਰਾਈਵ ਦਾ ਆਯੋਜਨ




**ਜਲੰਧਰ (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਕਾਲਜ ਆਫ ਐਜੂਕੇਸ਼ਨ ਜਲੰਧਰ ਦੀ ਐਨ ਐਸ ਐਸ ਯੂਨਿਟ ਵੱਲੋਂ ਵਾਤਾਵਰਣ ਡਰਾਈਵ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਦੀ ਮਹੱਤਤਾ, ਰੁੱਖਾਂ ਅਤੇ ਪੌਦਿਆਂ ਨੂੰ ਬਚਾਉਣ ਅਤੇ ਆਰ ਓ ਪਿਊਰੀਫਾਇਰ ਤੋਂ ਗੰਦੇ ਪਾਣੀ ਦੀ ਵਰਤੋਂ ਕਰਕੇ ਪੌਦਿਆਂ ਨੂੰ ਪਾਣੀ ਦੇਣ ਬਾਰੇ ਜਾਗਰੂਕ ਕੀਤਾ ਗਿਆ। ਕਾਲਜ ਦੇ ਬੀ ਐਡ ਜਮਾਤ ਦੇ ਵਿਦਿਆਰਥੀਆਂ ਨੇ ਪੂਰੀ ਤਨਦੇਹੀ ਨਾਲ ਸ਼ਮੂਲੀਅਤ ਕੀਤੀ। ਇਹ ਪ੍ਰੋਗਰਾਮ ਕਾਲਜ ਪ੍ਰਿੰਸੀਪਲ ਅਲਕਾ ਗੁਪਤਾ ਅਤੇ ਸਮੂਹ ਸਟਾਫ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੁਹਿੰਮ ਦਾ ਮੁੱਖ ਮੰਤਵ ਵਾਤਾਵਰਣ ਨੂੰ ਸ਼ੁੱਧ ਕਰਨਾ ਸੀ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਰੁੱਖ ਲਗਾਉਣ ਦੇ ਕਦਮਾਂ ਅਤੇ ਮਾਪਦੰਡਾਂ ਬਾਰੇ ਦੱਸਿਆ। ਕਿਉਂਕਿ ਦਰੱਖਤ ਸਾਨੂੰ ਆਕਸੀਜਨ ਦੀ ਸਹੀ ਮਾਤਰਾ ਦਿੰਦੇ ਹਨ ਅਤੇ ਪ੍ਰਦੂਸਣ ਨੂੰ ਵੀ ਘਟਾਉਂਦੇ ਹਨ ਅਤੇ ਇਨ੍ਹਾਂ ਦਿਨਾਂ 'ਚ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਨਾਲ ਤਾਪਮਾਨ ਦਾ ਪੱਧਰ ਘੱਟ ਹੁੰਦਾ ਹੈ। ਕਾਲਜ ਦੇ ਇਸ ਉਪਰਾਲੇ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# 99ਵਾਂ ਮੁਫਤ ਮੈਡੀਕਲ ਚੈੱਕਅਪ ਕੈਂਪ ਸ਼ਾਨੋ-ਸ਼ੌਕਤ ਨਾਲ ਸੰਪੰਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪੰਜਾਬ ਭਰ ਵਿੱਚ ਲੋਕ ਸੇਵਾ ਹਿੱਤ ਕੀਤੇ ਜਾ ਰਹੇ ਕਾਰਜਾਂ ਕਾਰਨ ਨਾਮਨਾ ਖੱਟ ਰਹੀ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਦੇਖਰੇਖ ਵਿੱਚ ਡੇਰਾ ਬਾਬਾ ਭਗਤ ਰਾਮ ਜੀ ਨੰਗਲ ਖੂੰਗਾ ਅਤੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਸਾਈਂ ਬਾਬਾ ਅਲੀ ਬਖ਼ਸ਼ ਦਰਬਾਰ ਪਿੰਡ ਸਕਰਾਲਾ ਵਿਖੇ ਲਗਾਇਆ ਗਿਆ 99ਵਾਂ ਮੁਫਤ ਮੈਡੀਕਲ ਚੈੱਕਅੱਪ ਕੈਂਪ ਬੜੀ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਣ ਨਿਬੜਿਆ।ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸੰਤ ਨਰੇਸ਼ ਗਿਰੀ ਮਹਾਰਾਜ ਨੰਗਲ ਖੂੰਗਾ ਵਾਲਿਆਂ ਨੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਦਰਬਾਰ ਦੇ ਮੁੱਖ ਸੇਵਾਦਾਰ ਸੁਆਮੀ ਚੰਦਰਸ਼ੇਖਰ ਦਾਸ, ਕਮੇਟੀ ਮੈਂਬਰ ਸ਼ਿੰਦਰ ਪਾਲ ਸਿੰਘ, ਸਰਪੰਚ ਕੁਲਵਿੰਦਰ ਕੌਰ, ਪਾਠਕ ਹਸਪਤਾਲ ਟਾਂਡਾ ਦੇ ਡਾ. ਅਮਿਤ ਪਾਠਕ, ਡਾ. ਅਨੂਪਮਾ ਪਾਠਕ, ਡਾ. ਗੀਤੂ ਸ਼ਰਮਾ ਅਤੇ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾ. ਕੇਵਲ ਸਿੰਘ ਕਾਜਲ ਹਾਜ਼ਰ ਸਨ। ਕੈਂਪ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਨਰੇਸ਼ ਗਿਰੀ ਮਹਾਰਾਜ ਨੇ ਕਿਹਾ ਕਿ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਗਰੀਬ ਲਾਚਾਰ ਬੇਸਹਾਰਾ ਮਰੀਜ਼ਾਂ ਨੂੰ ਕੈਂਪਾ ਰਾਹੀਂ ਜਿਹੜੀਆਂ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ ਉਹ ਇੱਕ ਸ਼ਲਾਗਾਯੋਗ ਕਾਰਜ ਹੈ।ਉਨ੍ਹਾਂ ਕਿਹਾ ਕਿ ਦੇ ਇਸ ਮਹਿੰਗਾਈ ਭਰੀ ਯੁੱਗ 'ਚ ਮਹਿੰਗੇ ਇਲਾਜ ਤੋਂ ਵੰਚਿਤ ਗਰੀਬ ਮਰੀਜ਼ਾਂ ਲਈ ਲਗਾਏ ਜਾ ਰਹੇ ਅਜਿਹੇ ਕੈਂਪ ਉਨ੍ਹਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ।ਹੱਡੀਆਂ ਦੇ ਮਾਹਿਰ ਡਾ. ਅਮਿਤ ਪਾਠਕ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਦਾ ਹੈਲਥ ਵਿਭਾਗ ਗਰੀਬ ਮਰੀਜ਼ਾਂ ਦੇ ਇਲਾਜ ਲਈ ਹਰ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਦੇਣ ਦੇ ਹਰ ਸੰਭਵ ਯਤਨ ਕਰ ਰਿਹਾ, ਪਰ ਅਜਿਹੀਆਂ ਸੰਸਥਾਵਾਂ ਵੱਲੋਂ ਮੁਫਤ ਮੈਡੀਕਲ ਕੈਂਪਾਂ ਦਾ ਆਯੋਜਨ ਕਰਕੇ ਜਿਹੜੀਆਂ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਸ ਦੇ ਸਦਕਾ ਮਹਿੰਗੇ ਇਲਾਜ ਤੋਂ ਵੰਚਿਤ ਕਈ ਮਰੀਜ਼ਾਂ ਦੀਆਂ ਕੀਮਤੀ ਜਿੰਦਗੀਆਂ ਬਚ ਜਾਂਦੀਆਂ ਹਨ।ਡਾਕਟਰ ਕੇਵਲ ਸਿੰਘ ਕਾਜਲ ਨੇ ਕਿਹਾ ਕਿ ਦਿਨ-ਬ-ਦਿਨ ਬਿਮਾਰੀਆਂ ਵਿੱਚ ਹੋ ਰਹੇ ਵਾਧੇ ਕਾਰਨ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਇਲਾਜ ਮਹਿੰਗਾ ਹੁੰਦਾ ਜਾ ਰਿਹਾ ਹੈ ਅਤੇ ਅਜਿਹੇ ਮਾਹੌਲ ਵਿੱਚ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ ਗਰੀਬ ਮਰੀਜ਼ਾਂ ਤੋਂ ਇਲਾਜ ਕਰਵਾਉਣਾ ਔਖਾ ਹੁੰਦਾ ਜਾ ਰਿਹਾ ਹੈ।ਕੈਂਪ ਦੌਰਾਨ ਡਾ. ਅਮਿਤ ਪਾਠਕ, ਡਾ. ਅਨੁਪਮਾ ਪਾਠਕ, ਡਾ. ਗੀਤੂ ਸ਼ਰਮਾ ਅਤੇ ਡਾ. ਕੇਵਲ ਸਿੰਘ ਕਾਜਲ ਨੇ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਇਸ ਮੌਕੇ ਤੇ ਮੇਜਰ ਸਿੰਘ, ਸਵਰੂਪ ਸਿੰਘ, ਰਵਿੰਦਰ ਸਿੰਘ, ਸਤਵਿੰਦਰ ਸਿੰਘ, ਅਮਨ ਪ੍ਰੀਤ ਸਿੰਘ, ਸਤਪਾਲ ਸਿੰਘ, ਨਵਦੀਪ, ਨਵਪ੍ਰੀਤ, ਅਮਨ ਅਵਨੀਤ, ਕੁਲਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਐੱਸ ਜੀ ਐੱਲ ਹਸਪਤਾਲ ਦੇ ਡਾਕਟਰ ਵਿਨੈ ਗਰਗ ਦਾ ਸਨਮਾਨ



**ਮਾਹਿਲਪੁਰ (ਸ.ਫਰੀ)** - ਸੰਤ ਬਾਬਾ ਕਸ਼ਮੀਰਾ ਸਿੰਘ ਟਰਸਟ ਗੜ੍ਹਾ ਰੋਡ ਜਲੰਧਰ ਵੱਲੋਂ ਚਲਾਇਆ ਜਾ ਰਿਹਾ ਐਸ. ਜੀ. ਐਲ. ਹਸਪਤਾਲ ਜਲੰਧਰ ਵੱਖ ਵੱਖ ਬੀਮਾਰੀਆਂ ਦੇ ਇਲਾਜ਼ ਲਈ ਬਿਹਤਰੀਨ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ ਜਿੱਥੇ ਮਰੀਜ਼ਾਂ ਦੇ ਇਲਾਜ ਲਈ ਵੱਖ ਵੱਖ ਬੀਮਾਰੀਆਂ ਦੇ ਮਾਹਿਰ ਅਤੇ ਇਨਸਾਨੀਅਤ ਨੂੰ ਸਮਰਪਿਤ ਡਾਕਟਰ ਬਿਹਤਰੀਨ ਸੇਵਾਵਾਂ ਨਿਭਾਅ ਰਹੇ ਹਨ।ਇਸ ਹਸਪਤਾਲ ਵਿੱਚ ਅੱਖਾਂ ਦੇ ਮਾਹਿਰ ਡਾਕਟਰ ਵਿਨੈ ਗਰਗ ਦਾ ਸਟੇਟ ਐਵਾਰਡੀ ਅਧਿਆਪਕ ਅਵਤਾਰ ਲੰਗੇਰੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਵੱਲੋਂ ਡਾਕਟਰ ਵਿਨੈ ਗਰਗ ਦਾ ਸਨਮਾਨ ਕਰਦਿਆਂ ਕਿਹਾ ਕਿ ਜ਼ਿੰਦਗੀ ਦੁੱਖਾਂ ਅਤੇ ਸੁਖਾਂ ਦਾ ਸੁਮੇਲ ਹੈ।ਜਦੋਂ ਵੀ ਮਨੁੱਖ ਨੂੰ ਕਿਸੇ ਸਧਾਰਨ ਜਾਂ ਗੰਭੀਰ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਕਾਹਲੀ ਨਾਲ ਹਸਪਤਾਲ ਪਹੁੰਚਦਾ ਹੈ, ਜਿੱਥੇ ਕਿ ਉਸ ਦਾ ਵਾਹ ਡਾਕਟਰ ਸਾਹਿਬਾਨ ਅਤੇ ਮੈਡੀਕਲ ਸਟਾਫ਼ ਨਾਲ ਪੈਂਦਾ ਹੈ।ਠੀਕ ਇਸੇ ਤਰ੍ਹਾਂ ਮੈਂ ਵੀ ਆਪਣੇ ਇੱਕ ਮਰੀਜ਼ ਨਾਲ ਸਹਾਇਕ ਦੇ ਤੌਰ 'ਤੇ ਅੱਖਾਂ ਦੇ ਮਾਹਿਰ ਡਾਕਟਰ ਵਿਨੈ ਗਰਗ ਦੇ ਸੰਪਰਕ ਵਿਚ ਆਇਆ ਜਿਨ੍ਹਾਂ ਵੱਲੋਂ ਅੱਖਾਂ ਦੇ ਗੰਭੀਰ ਮਰੀਜ਼ਾਂ ਦਾ ਇਲਾਜ ਬਹੁਤ ਹੀ ਧਿਆਨ ਅਤੇ ਆਪਣੇਪਨ ਨਾਲ ਕੀਤਾ ਜਾਂਦਾ ਦੇਖ ਕੇ ਮੈਂ ਪ੍ਰਭਾਵਿਤ ਹੋਣੋ ਨਾ ਰਹਿ ਸਕਿਆ।ਡਾਕਟਰ ਵਿਨੈ ਨਾਲ ਸੰਖੇਪ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਡਾਕਟਰ ਵੱਲੋਂ ਮਰੀਜ਼ ਨੂੰ ਪਿਆਰ ਨਾਲ ਦੇਖਿਆ ਜਾਵੇ ਤਾਂ ਮਰੀਜ਼ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਅੱਧਾ ਤੰਦਰੁਸਤ ਮਹਿਸੂਸ ਕਰਨ ਲੱਗਦਾ ਹੈ।ਇਸੇ ਹੀ ਵਿਭਾਗ ਵਿੱਚ ਕੰਮ ਕਰਦੇ ਡਾਕਟਰ ਸੂਮੀ ਕਪੂਰ ਅਤੇ ਉਨ੍ਹਾਂ ਦਾ ਸਾਰਾ ਸਹਿਯੋਗੀ ਸਟਾਫ ਵੀ ਮਰੀਜ਼ਾਂ ਨੂੰ ਬਿਹਤਰੀਨ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।ਸਨਮਾਨ ਸਮੇ ਉਨ੍ਹਾਂ ਦੇ ਕਲੀਨਿਕ ਦਾ ਸਮੁੱਚਾ ਸਟਾਫ ਹਾਜ਼ਰ ਰਿਹਾ।

# ਸ਼ਿਵ ਸੈਨਾ ਤੇ ਹਿੰਦੂ ਜਥੇਬੰਦੀਆਂ ਉਤਰੀਆਂ ਡਾ. ਰਾਜ ਦੇ ਸਮਰਥਨ 'ਚ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੋਮਵਾਰ ਸ਼ਿਵ ਸ਼ਕਤੀ ਸੇਵਾ ਸਮਿਤੀ, ਸ਼ਿਵ ਸੈਨਾ ਅਤੇ ਅਲੱਗ ਅਲੱਗ ਹਿੰਦੂ ਜਥੇਬੰਦੀਆਂ ਦੇ ਆਗੂ ਰਣਜੀਤ ਰਾਣਾ, ਹਰੀਸ਼ ਭੱਲਾ, ਸ਼ਸ਼ੀ ਡੋਗਰਾ, ਸੰਜੀਵ ਸੂਦ ਵੱਲੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਡਾ. ਰਾਜ ਨੂੰ ਸਮਰਥਨ ਦਾ ਫੈਸਲਾ ਕੀਤਾ। ਉਨ੍ਹਾਂ ਆਪਣੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ ਵੱਖ ਕਸਬਿਆਂ ਦੀਆਂ ਇਕਾਈਆਂ ਨੂੰ ਵੀ ਡਾ. ਰਾਜ ਦੇ ਹੱਕ 'ਚ ਪ੍ਰਚਾਰ ਕਰਨ ਅਤੇ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਰਣਜੀਤ ਰਾਣਾ, ਹਰੀਸ਼ ਭੱਲਾ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹਾ ਅੱਜ ਵੀ ਪੰਜਾਬ 'ਚ ਸਭ ਤੋਂ ਬੈਕਵਰਡ ਏਰੀਏ ਦੇ ਨਾਂ 'ਤੇ ਜਾਣਿਆ ਜਾਂਦਾ ਹੈ। ਹੁਸ਼ਿਆਰਪੁਰ 'ਚ ਅੰਗਰੇਜ਼ਾਂ ਦੇ ਸਮੇਂ ਤੋਂ ਬਣਿਆ ਰੇਲਵੇ ਸਟੇਸ਼ਨ ਅੱਜ ਤੱਕ ਕਿਸੇ ਵੀ ਪੁਰਾਣੇ ਸਾਂਸਦ ਨੇ ਉਸ ਨੂੰ ਅੱਗੇ ਨਹੀਂ ਵਧਾਇਆ, ਪੁਰਾਣੇ ਸਾਂਸਦਾਂ ਦੇ ਧਿਆਨ ਨਾ ਦੇਣ ਕਰਕੇ ਹੁਸ਼ਿਆਰਪੁਰ ਵਿੱਚ ਜੇ ਸੀ ਟੀ ਮਿੱਲ ਵਰਗੀਆਂ ਫੈਕਟਰੀਆਂ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਹਨ ਜਿਨਾਂ ਵਿੱਚ ਹੁਸ਼ਿਆਰਪੁਰ ਦੇ ਲੋਕਾਂ ਨੂੰ ਭਾਰੀ ਗਿਣਤੀ ਵਿੱਚ ਰੁਜ਼ਗਾਰ ਮਿਲ ਰਿਹਾ ਸੀ। ਉਹ ਅੱਜ ਬੇਰੁਜ਼ਗਾਰ ਹੋ ਕੇ ਬੜੀਆਂ ਮੁਸੀਬਤਾਂ ਨਾਲ ਆਪਣਾ ਗੁਜ਼ਾਰਾ ਕਰ ਰਹੇ ਹਨ। ਪੰਜਾਬ ਦੇ 'ਚ ਹੁਸ਼ਿਆਰਪੁਰ ਸਭ ਤੋਂ ਵੱਧ ਪੜ੍ਹਿਆ ਲਿਖਿਆ ਤਾਂ ਜ਼ਰੂਰ ਹੈ ਪਰ ਪੁਰਾਣੀਆਂ ਸਰਕਾਰਾਂ ਦੀਆਂ ਨੀਤੀਆਂ ਦੇ ਨਾਲ ਇੱਥੇ ਦੇ ਨੌਜਵਾਨ ਅੱਜ ਵੀ ਬੇਰੁਜ਼ਗਾਰੀ ਦਾ ਸਾਹਮਣਾ ਕਰਦੇ ਰਹੇ ਹਨ । ਅੱਜ ਡਾ. ਰਾਜ ਨੂੰ ਮਿਲ ਕੇ ਹੁਸ਼ਿਆਰਪੁਰ ਦੀਆਂ ਹੋਰ ਵੀ ਕਈ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਕੇ ਇਹ ਮੰਗ ਕੀਤੀ ਅਤੇ ਵਿਸ਼ਵਾਸ ਜਤਾਇਆ ਹੈ ਕਿ ਜਿੱਤਣ ਤੋਂ ਬਾਅਦ ਡਾ. ਰਾਜ ਕੁਮਾਰ ਹੁਸ਼ਿਆਰਪੁਰ ਨੂੰ ਤਰੱਕੀ ਦੇ ਰਸਤੇ 'ਤੇ ਲਿਜਾਣ ਲਈ ਕੰਮ ਕਰਨਗੇ, ਜਿਸ ਲਈ ਅਸੀਂ ਸਾਰੇ ਉਨ੍ਹਾਂ ਦੇ ਨਾਲ ਖੜ੍ਹੇ ਹਾਂ ਅਤੇ ਵੱਧ ਤੋਂ ਵੱਧ ਮਤਦਾਨ ਡਾ. ਰਾਜ ਦੇ ਹੱਕ 'ਚ ਕਰਨ ਲਈ ਵੋਟਰਾਂ ਨੂੰ ਜਾਗਰੂਕ ਵੀ ਕਰਾਂਗੇ।

# ਸੇਂਟ ਸੋਲਜਰ ਗਰੁੱਪ ਦੇ ਵੱਖ-ਵੱਖ ਸਕੂਲਾਂ 'ਚ ਪੌਦੇ ਲਗਾਏ



**ਜਲੰਧਰ (ਇਕਬਾਲ ਸਿੰਘ ਉਭੀ)** ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਸਕੂਲ ਸ਼ਾਖਾਵਾਂ ਵੱਲੋਂ ਸਕੂਲ ਦੇ ਡਾਇਰੈਕਟਰਾਂ, ਪ੍ਰਿੰਸੀਪਲਾਂ ਅਤੇ ਮਾਪਿਆਂ ਦੀ ਦੇਖ-ਰੇਖ ਹੇਠ ਪੌਦੇ ਲਗਾਓ ਅਤੇ ਰੁੱਖ ਬਚਾਓ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਗਰਮੀਆਂ ਦੀਆਂ ਛੁੱਟੀਆਂ ਕਾਰਨ ਇਹ ਗਤੀਵਿਧੀ ਵਿਦਿਆਰਥੀਆਂ ਦੇ ਘਰਾਂ ਵਿੱਚ ਕਰਵਾਈ ਗਈ। ਵਿਦਿਆਰਥੀਆਂ ਦੁਆਰਾ ਗਰੁੱਪ ਦੀਆਂ ਹਦਾਇਤਾਂ ਅਨੁਸਾਰ ਬੂਟੇ ਲਗਾਏ ਗਏ ਅਤੇ ਉਹਨਾਂ ਦੀਆਂ ਫੋਟੋਆਂ ਅਤੇ ਕਲਿੱਪਾਂ ਨੂੰ ਸਟਾਫ਼ ਮੈਂਬਰਾਂ ਨੂੰ ਭੇਜੀਆਂ ਗਈਆਂ, ਮੁੱਖ ਤੌਰ 'ਤੇ ਵਿਦਿਆਰਥੀਆਂ ਨੂੰ ਗਰਮੀਆਂ ਦੇ ਮੌਸਮ ਵਿੱਚ ਪੌਦਿਆਂ ਦੀ ਦੇਖਭਾਲ ਕਿਵੇਂ ਕਰਨੀ ਹੈ, ਬਾਰੇ ਸਮਝਾਇਆ।ਇਸ ਮੌਕੇ ਓਹਨਾ ਨੇ ਪੌਦਿਆਂ ਨਾਲ ਆਪਣਾ ਸਮਾਂ ਬਿਤਾਇਆ ਅਤੇ ਆਪਣੇ ਘਰ ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਮਾਣਿਆ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁਚਿਤ ਕਰਨਾ ਸੀ।ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਆਦਿ ਹਾਜ਼ਰ ਸਨ।

# ਵਿਜੈਇੰਦਰ ਸਿੰਗਲਾ ਦੇ ਹੱਕ 'ਚ ਵਿਸ਼ਾਲ ਚੋਣ ਰੈਲੀ



**ਭਲਾਣ, (ਢਿੱਲੋਂ)** ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਦੇ ਹੱਕ 'ਚ ਸੁਖਸਾਲ 'ਚ ਵਿਸ਼ਾਲ ਚੋਣ ਰੈਲੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਵਿਜੈਇੰਦਰ ਸਿੰਗਲਾ ਨੇ ਕਿਹਾ ਦੇਸ਼ 'ਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਭਾਜਪਾ ਦੇ 10 ਸਾਲ ਦੇ ਸ਼ਾਸਨ ਦਾ ਖਾਤਮਾ ਹੋਵੇਗਾ।ਹਲਕੇ ਬਾਰੇ ਗੱਲ ਕਰਦਿਆ ਸਿੰਗਲਾ ਨੇ ਕਿਹਾ ਉਨ੍ਹਾਂ ਕਿਹਾ ਕਿ ਵਿਕਾਸ ਉਨ੍ਹਾਂ ਦਾ ਮੁੱਖ ਏਜੰਡਾ ਹੈ।ਉਨ੍ਹਾਂ ਨੇ ਕਿਹਾ ਦੇਸ਼ 'ਚ ਗਠਜੋੜ ਦੀ ਸਰਕਾਰ ਬਣਨ 'ਤੇ ਮਹਿਲਾਵਾਂ ਨੂੰ 1 ਲੱਖ ਰੁਪਏ ਮਿਲਣਗੇ ਅਤੇ ਨੌਜਵਾਨਾਂ ਨੂੰ ਨੌਕਰੀਆ ਦਿੱਤੀਆ ਜਾਣਗੀਆਂ।ਸਿੰਗਲਾ ਨੇ ਕਿਹਾ ਕਿਸਾਨਾਂ ਲਈ ਐੱਮ ਐਸ ਪੀ ਗਾਰੰਟੀ ਕਾਨੂੰਨ ਬਣਾਇਆ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਫਸਲਾਂ ਦੇ ਉਚਿਤ ਭਾਅ ਮਿਲ ਸਕਣ।ਉਨ੍ਹਾਂ ਕਿਹਾ ਲੋਕਾਂ ਦੀ ਸਲਾਹ ਨਾਲ ਸ੍ਰੀ ਅਨੰਦਪੁਰ ਸਾਹਿਬ ਹਲਕੇ ਨੂੰ ਟੂਰਿਸਟ ਹੱਬ ਵਜੋਂ ਵਿਕਸਿਤ ਕਰਨ ਦੇ ਉਪਰਾਲੇ ਕੀਤੇ ਜਾਣਗੇ।ਇਸ ਪਹਿਲਾ ਰੈਲੀ ਨੂੰ ਸੰਬੋਧਨ ਕਰਦਿਆ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸੀ ਪਾਰਟੀ ਦੇ ਹੱਕ ਵਿੱਚ ਹਵਾ ਚਲ ਰਹੀ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ । ਇਸ ਮੌਕੇ ਰਾਣਾ ਵਿਸ਼ਵਪਾਲ ਸਿੰਘ, ਕਾਮਰੇਡ ਸੁਰਜੀਤ ਸਿੰਘ ਢੇਰ, ਰਿੰਕਾ ਸੁਖਸਾਲ, ਰਾਜ ਕੁਮਾਰ ਰਾਜੂ, ਰਮੇਸ਼ ਦਸਗਰਾਈ, ਕਮਲਦੇਵ ਜੋਸ਼ੀ,ਅਸ਼ੋਕ ਸਵਾਮੀਪੁਰ, ਪ੍ਰੇਮ ਸਿੰਘ ਬਾਸੋਵਾਲ, ਡਾ. ਚਮਨ ਲਾਲ, ਸੋਨੂੰ ਨਾਨਗਰਾ, ਬਖਸ਼ੀਸ ਸਿੰਘ, ਤਰਸੇਮ ਸਰਪੰਚ, ਰਣਵੀਰ ਸਿੰਘ, ਨਾਜ਼ਰ ਸਿੰਘ ਗੋਹਲਣੀ, ਕੁਲਵੰਤ ਭਲਾਣ ਸਮੇਤ ਵੱਖ ਵੱਖ ਪਿੰਡਾਂ ਦੇ ਲੋਕ ਹਾਜ਼ਰ ਸਨ।

# ਚੰਦੂਮਾਜਰਾ ਦੀ ਨੂੰਹ ਨੇ ਪਿੰਡਾਂ 'ਚ ਕੀਤੀਆਂ ਨੁੱਕੜ ਮੀਟਿੰਗਾਂ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਹੱਕ 'ਚ ਉਨ੍ਹਾਂ ਦੀ ਨੂੰਹ ਕੁਲਵੰਤ ਕੌਰ ਪਤਨੀ ਐਡਵੋਕੇਟ ਸਿਮਰਨਜੀਤ ਸਿੰਘ ਚੰਦੂਮਾਜਰਾ ਨੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਸਰਪੰਚ ਪਰਮਜੀਤ ਸਿੰਘ ਸੁਰਤਾਪੁਰ, ਨੌਜਵਾਨ ਆਗੂ ਰਾਜੀਵ ਬਾਂਸਲ ਅਤੇ ਨਿਰਮਲ ਸਿੰਘ ਰੰਗਾਂ ਸਮੇਤ ਕਸਬਾ ਬੇਲਾ, ਪਿੰਡ ਸਿਲੋਮਾਸਕੋ ਅਤੇ ਪਿੰਡ ਰੰਗਾਂ ਆਦਿ ਵਿਖੇ ਨੁੱਕੜ ਮੀਟਿੰਗਾਂ ਕਰਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।ਉਨ੍ਹਾਂ ਮੀਟਿੰਗਾਂ ਦੌਰਾਨ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਆਪਣੇ ਭਾਸ਼ਣਾਂ 'ਚ ਸੂਬੇ ਦੇ ਲੋਕਾਂ ਨੂੰ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸਣ ਦੀ ਬਜਾਏ ਚੁਟਕਲੇ ਸੁਣਾ ਰਹੇ ਹਨ, ਕਿਉਂਕਿ ਉਨ੍ਹਾਂ ਕੋਲ ਦੱਸਣ ਲਈ ਕੁੱਝ ਵੀ ਨਹੀਂ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਬਦਲਾਅ ਕਾਰਨ ਇਨ੍ਹਾਂ ਨੂੰ ਵੋਟਾਂ ਪਾਈਆਂ ਸਨ, ਪਰ ਉਕਤ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਹੁਣ ਉਨ੍ਹਾਂ ਵਾਅਦਿਆਂ ਤੋਂ ਭੱਜ ਰਹੀ ਹੈ, ਜਿਸ ਤੇ ਜਿੱਥੇ ਪੰਜਾਬ ਦੇ ਲੋਕ ਇਸ ਸਰਕਾਰ ਨੂੰ ਵੋਟਾਂ ਵਿੱਚ ਸਬਕ ਸਿਖਾਉਣ ਲਈ ਤਿਆਰ ਹਨ, ਉੱਥੇ ਹੀ ਨੌਜਵਾਨ ਵਰਗ ਵੀ ਅਕਾਲੀ ਦਲ ਦੇ ਹੱਕ ਵਿਚ ਚਟਾਨ ਵਾਂਗ ਖੜ ਗਿਆ ਹੈ।ਇਸ ਮੌਕੇ ਸਾਬਕਾ ਅਧਿਕਾਰੀ ਹਰਮੋਹਨ ਸਿੰਘ ਸੰਧੂ, ਮੋਹਨਜੀਤ ਸਿੰਘ, ਬਾਈ ਪਰਮਿੰਦਰ ਸਿੰਘ ਸੇਖੋਂ, ਸੂਬਾ ਆਗੂ ਬਲਦੇਵ ਸਿੰਘ ਹਾਫਿਜ਼ਾਬਾਦ , ਯੂਥ ਆਗੂ ਲਖਵੀਰ ਸਿੰਘ ਲੱਖੀ, ਗੁਰਦੀਪ ਸਿੰਘ ਭਲਵਾਨ , ਕੁਲਦੀਪ ਸਿੰਘ ਅਤੇ ਮਹਿੰਦਰ ਸਿੰਘ ਆਦਿ ਹਾਜਰ ਸਨ ।

# 'ਮੇਲਾ ਹੀਉਂ' ਦਾ ਅਮਰਨੂਰੀ, ਅਲਾਪ ਸਿਕੰਦਰ ਤੇ ਸਾਰੰਗ ਸਿਕੰਦਰ ਨੇ ਲੁੱਟਿਆ

**ਬੰਗਾ (ਅਵਤਾਰ ਕਲੇਰ)** ਹਜ਼ਰਤ ਬਾਬਾ ਨੌ-ਗਜਾ ਪੀਰ ਹੀਉਂ ਦਾ ਦੋ ਦਿਨਾਂ ਮੇਲਾ ਪ੍ਰਮੋਟਰ ਤੇ ਉੱਘੇ ਸਮਾਜ ਸੇਵਕ ਸੋਮ ਥਿੰਦ ਯੂ ਕੇ ਮਾਲਿਕ ਟੀ-3 ਰਿਕਾਰਡ ਦੀ ਯੋਗ ਅਗਵਾਈ 'ਚ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਪਹਿਲੇ ਦਿਨ ਝੰਡੇ ਦੀ ਰਸਮ ਤੋਂ ਬਾਅਦ ਗਈ ਰਾਤ ਤੱਕ ਕਵਾਲੀਆਂ ਨਾਲ ਮਹਿਫ਼ਿਲ ਫ਼ਕੀਰਾਂ ਸੋਢੀ ਬਾਬਾ, ਸਾਈਂ ਬਿੱਲੇ ਸ਼ਾਹ, ਸਾਈਂ ਕੁਲਰਾਜ ਮੁਹੰਮਦ ਤੇ ਹੋਰਾਂ ਦੀ ਹਾਜ਼ਰੀ 'ਚ ਚਲਦੀ ਰਹੀ। ਮੇਲੇ ਦੇ ਦੂਸਰੇ ਦਿਨ ਆਰ ਕੇ ਮਹਿੰਦੀ, ਕੁਲਵਿੰਦਰ ਕਿੰਦਾ, ਸੋਹਣ ਸ਼ੰਕਰ, ਆਰ ਜੋਗੀ, ਬਲਰਾਜ ਬਿਲਗਾ, ਬੂਟਾ ਮੁਹੰਮਦ, ਅਮਰਨੂਰੀ, ਅਲਾਪ ਸਿਕੰਦਰ, ਸਾਰੰਗ ਸਿਕੰਦਰ ਸਾਬਰੀ ਸਾਬ ਤੇ ਹੋਰ ਅਨੇਕਾਂ ਕਲਾਕਾਰਾਂ ਨੇ ਹਾਜ਼ਰੀ ਭਰੀ। ਮੇਲੇ 'ਚ ਸੋਮ ਥਿੰਦ ਨਾਲ ਜੀਤ ਬਾਬਾ ਬੈਲਜੀਅਮ, ਇੰਜ ਨਰਿੰਦਰ ਬੰਗਾ ਦੂਰਦਰਸ਼ਨ, ਜਗਜੀਤ ਸਿੰਘ ਜੇ ਜੇ ਬਿਲਡਰ, ਸਬ ਇੰਸਪੈਕਟਰ ਅਜਮੇਰ ਸਿੰਘ ਸਹੋਤਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਤੋਂ ਇਲਾਵਾ ਮੇਲੇ ਵਿੱਚ ਹਰਨੇਕ ਸਿੰਘ ਨੇਕੀ, ਹਰਦੀਪ ਸਿੰਘ, ਮਨਦੀਪ, ਝੱਲੀ ਪਰਵਾਰ, ਰਵੀਨਾ, ਸੰਨੀ ਹੀਰ, ਗ੍ਰਾਮ ਪੰਚਾਇਤ ਹਿਉਂ ਤੇ ਗੋਬਿੰਦਪੁਰ ਦਾ ਉਚੇਚਾ ਸਹਿਯੋਗ ਰਿਹਾ। ਮੇਲੇ ਵਿੱਚ ਦਲਜੀਤ ਸਿੰਘ ਖੱਖ ਡੀ ਐਸ ਪੀ ਬੰਗਾ ਹੋਰਾਂ ਬਤੌਰ ਮੁੱਖ ਮਹਿਮਾਨ ਹਾਜ਼ਰੀ ਭਰੀ। ਦੋਨੋਂ ਦਿਨ ਸੰਗਤਾਂ ਲਈ ਗੁਰੂ ਕਾ ਅਟੁੱਟ ਲੰਗਰ, ਜਗ੍ਹਾ ਜਗ੍ਹਾ ਛਬੀਲਾਂ ਤੇ ਖਾਸ ਕਰਕੇ ਗੋਬਿੰਦਪੁਰ ਦੀਆਂ ਸੰਗਤਾਂ ਵਲੋਂ ਆਈਸ ਕਰੀਮ ਦਾ ਸਟਾਲ ਲਗਾਇਆ ਗਿਆ। ਇਸ ਵਾਰ ਮੇਲਾ ਤਾਰਿਆਂ ਦੀ ਲੋਏ ਨਿੱਘੀਆਂ ਤੇ ਮਿੱਠੀਆਂ ਯਾਦਾਂ ਛੱਡਦਾ ਸ਼ਾਨੋ ਸ਼ੌਕਤ ਨਾਲ ਸਮਾਪਿਤ ਹੋਇਆ।



# ਬੈਂਚ ਪ੍ਰੈੱਸ ਮੁਕਾਬਲੇ ਕਰਵਾਏ



**ਭੁਲੱਥ, (ਮਨਪ੍ਰੀਤ ਸਿੰਘ)** ਹਲਕਾ ਭੁਲੱਥ 'ਚ ਪੈਂਦੇ ਪ੍ਰਤਾਪ ਫਿਟਨਿਸ ਜਿਮ 'ਚ ਬੈਂਚ ਪ੍ਰੈਸ ਮੁਕਾਬਲਾ ਕਰਵਾਇਆ ਗਿਆ।ਪ੍ਰਤਾਪ ਫਿਟਨਿਸ ਜਿਮ ਦੇ ਮਾਲਕ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਬੈਂਚ ਪ੍ਰੈਸ 'ਚ ਜਿਹੜੇ ਨੌਜਵਾਨ ਦਾ ਜਿੰਨਾ ਭਾਰ ਸੀ, ਉਸਨੇ ਓਨੇ ਭਾਰ ਦੇ ਹੀ ਰੈਪ ਲਗਾਉਣੇ ਸੀ।ਉਹਨਾਂ ਦੱਸਿਆ ਕਿ ਜਿਸ ਨੇ ਸਭ ਤੋਂ ਵੱਧ ਰੈਪ ਲਗਾਏ ਉਹਨਾਂ ਵਿਚੋਂ ਜੇਤੂ ਕੱਢੇ ਗਏ।ਇਸ ਮੌਕੇ ਮੁਕਾਬਲੇ ਦੌਰਾਨ ਪਹਿਲਾ ਸਥਾਨ ਤਰਨਪ੍ਰੀਤ ਸਿੰਘ, ਦੂਜਾ ਸਥਾਨ ਰਾਹੁਲ, ਤੀਜਾ ਸਥਾਨ ਸਾਹਿਬ ਪੰਡੋਰੀ, ਚੌਥਾ ਸਥਾਨ ਤਰਨਪ੍ਰੀਤ ਸਿੰਘ ਰਾਮਗੜ੍ਹ ਤੇ ਪੰਜਵਾਂ ਸਥਾਨ ਹਰਪ੍ਰੀਤ ਹੈਪੀ ਨੇ ਹਾਸਲ ਕੀਤਾ।ਇਸ ਤੋਂ ਇਲਾਵਾ ਜੇਤੂ ਨੌਜਵਾਨਾਂ ਨੂੰ ਇਨਾਮਾ ਨਾਲ ਸਨਮਾਨਿਤ ਕੀਤਾ ਗਿਆ।ਯਾਦਵਿੰਦਰ ਸਿੰਘ ਨੇ ਦੱਸਿਆ ਕਿ ਉਹ ਇਸ ਤਰ੍ਹਾਂ ਦੇ ਮੁਕਾਬਲੇ ਮਹੀਨੇ ਇਕ ਜਾਂ ਦੋ ਵਾਰ ਕਰਵਾਉਂਦੇ ਰਹਿਣਗੇ, ਤਾਂ ਕਿ ਨੌਜਵਾਨਾਂ ਵਿਚ ਆਪਣੀ ਸਰੀਰ ਦੇ ਸਿਹਤ ਪੱਖੀ ਉਤਸ਼ਾਹ ਵਧੇ।ਉਹਨਾਂ ਦਸਿਆ ਕਿ ਆਉਣ ਵਾਲੇ ਦਿਨਾਂ ਅੰਦਰ ਬੈਂਚ ਪ੍ਰੈਸ ਤੋਂ ਇਲਾਵਾ ਡੈਡ ਲਿਫਟ ਤੇ ਸਕਾਊਟ ਦੇ ਮੁਕਾਬਲੇ ਵੀ ਕਰਵਾਏ ਜਾਣਗੇ।ਮੁਕਾਬਲੇ ਦੌਰਾਨ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨ ਸੋਨੂੰ ਕਰਤਾਰਪੁਰ ਉੱਚੇਚੇ ਤੌਰ 'ਤੇ ਪੁੱਜੇ।ਇਸ ਮੌਕੇ ਮੁਕਾਬਲੇ ਦੌਰਾਨ ਮਨਪ੍ਰੀਤ ਸਿੰਘ, ਰੋਹਿਤ ਭੁਲੱਥ, ਹਰਪ੍ਰੀਤ ਹੈਪੀ, ਹਰਜਿੰਦਰ ਚੀਮਾ, ਯੁਵਰਾਜ ਮਰਵਾਹਾ, ਅਨਮੋਲ ਸ਼ਰਮਾ, ਪ੍ਰਦੀਪ ਘਈ, ਰਾਹੁਲ ਮਿੱਠੂ, ਨਵੀ ਬੱਬਰ, ਰੂਪਾ, ਕੁਨਾਲ, ਤਰਨ, ਸਚਿਨ, ਗੁਰਪ੍ਰੀਤ ਸਿੰਘ, ਮੋਹਿਤ, ਕਰਮ ਜੋਤ ਸਿੰਘ, ਰੋਹਿਤ, ਕਮਲ, ਗੁਰਤੇਜ ਸਿੰਘ ਤੇ ਹੋਰ ਹਾਜ਼ਰ ਸਨ।

# ਚੰਨੀ ਹੋਏ ਵਕੀਲ ਭਾਈਚਾਰੇ ਦੇ ਰੂਬਰੂ



**ਜਲੰਧਰ ( ਰਾਜੇਸ਼ ਥਾਪਾ )** ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਲੋਕ ਸਭਾ ਜਲੰਧਰ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ, ਸਾਬਕਾ ਮੁੱਖ ਮੰਤਰੀ, ਪੰਜਾਬ ਨੇ ਵਕੀਲਾਂ ਨਾਲ ਮੁਲਾਕਾਤ ਕੀਤੀ। ਵਕੀਲਾਂ ਨੇ ਭਰਵੀਂ ਹਾਜ਼ਰੀ ਵਿੱਚ ਚੰਨੀ ਦਾ ਸੁਆਗਤ ਕਰਕੇ ਉਹਨਾਂ ਨੂੰ ਇਹ ਯਕੀਨ ਦਵਾਇਆ ਕਿ ਸਾਰਾ ਵਕੀਲ ਭਾਈਚਾਰਾ ਉਹਨਾਂ ਨਾਲ ਹੈ ਅਤੇ ਵਕੀਲਾਂ ਦੀ ਮੰਗ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਜਲੰਧਰ ਬਾਰ ਐਸੋਸੀਏਸ਼ਨ ਦਾ ਮੈਂਬਰ ਬਣਨ ਲਈ ਵੀ ਤਿਆਰ ਹਾਂ ਅਤੇ ਇਹ ਵੀ ਭਰੋਸਾ ਦਿਵਾਇਆ ਕਿ ਵਕੀਲਾਂ ਦੀ ਹਰ ਮੁਸ਼ਕਲ ਉਹ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਦਿੱਤਿਆ ਜੈਨ ਨੇ ਚੰਨੀ ਦਾ ਬਾਰ ਆਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਿਤਪਾਲ ਸਿੰਘ (ਸੈਕਟਰੀ), ਪੁਰਸ਼ੋਤਮ ਸਿੰਘ ਕਪੂਰ, ਹਰਪ੍ਰੀਤ ਬੱਧਣ, ਗੁਰਜੀਤ ਸਿੰਘ ਕਾਹਲੋਂ, ਰਾਕੇਸ਼ ਕਨੌਜੀਆ, ਪਰਮਿੰਦਰ ਸਿੰਘ ਵਿਗ, ਰਾਜੂ ਅੰਬੇਡਕਰ, ਅਸ਼ੋਕ ਸ਼ਰਮਾ, ਸੰਦੀਪ ਕਾਲੀਆ, ਏ ਐਸ ਥਿੰਦ, ਭੋਗਲ, ਅੰਜਲੀ ਵਿਰਦੀ, ਮਧੂ, ਨਈਮ ਖਾਣ, ਮਨਮੋਹਨ ਸ਼ਰਮਾ, ਏ ਐਸ ਜੰਮੂ, ਰੋਹਿਤ ਗੰਭੀਰ, ਸੰਜੀਵ ਸ਼ਰਮਾ, ਭੁਪਿੰਦਰ ਲਾਲੀ ਅਤੇ ਸੰਗੀਤਾ ਸੋਨੀ ਹਾਜਰ ਸਨ।

## ਮੁੱਖ ਮੰਤਰੀ ਵੱਲੋਂ ਕੰਗ ਦੇ ਹੱਕ 'ਚ ਰੋਡ ਸ਼ੋਅ ਅੱਜ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਲੋਕ ਸਭਾ ਚੋਣਾਂ ਨੂੰ ਮੱਦੇ ਨਜ਼ਰ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਲਈ 29 ਮਈ ਨੂੰ ਬਲਾਚੌਰ ਵਿਖੇ ਰੋਡ ਸ਼ੋ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਮ ਆਦਮੀ ਪਾਰਟੀ ਤੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਮਾਰਕੀਟ ਕਮੇਟੀ ਚੇਅਰਮੈਨ ਗਗਨ ਅਗਨੀਹੋਤਰੀ ਜਿਲ੍ਹਾ ਪ੍ਰਧਾਨ ਅਤੇ ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਰਦਾਰ ਭਗਵੰਤ ਸਿੰਘ ਮਾਨ 29 ਮਈ ਨੂੰ ਬਾਅਦ ਦੁਪਹਿਰ 3.30 ਵਜੇ ਬਲਾਚੌਰ ਵਿਖੇ ਇਕ ਵਿਸ਼ਾਲ ਰੋਡ ਸ਼ੋਅ ਕਰਨਗੇ। ਜੋ ਕਿ ਬਲਾਚੌਰ ਦੇ ਭੱਦੀ ਰੋਡ ਤੋਂ ਸ਼ੁਰੂ ਹੋਵੇਗਾ। ਇਸ ਮੌਕੇ ਤੇ ਸਤਨਾਮ ਜਲਾਲਪੁਰ ਨੇ ਇਸ ਰੋਡ ਸ਼ੋ ਵਿੱਚ ਇਲਾਕੇ ਦੇ ਨੌਜਵਾਨਾਂ ਅਤੇ ਪਾਰਟੀ ਦੇ ਵਲੰਟੀਅਰ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ ਤਾਂ ਜੋ ਇਸ ਰੋਡ ਸ਼ੋਅ ਨੂੰ ਕਾਮਯਾਬ ਕੀਤਾ ਜਾ ਸਕੇ।

## ਬਲਵਿੰਦਰ ਕੁਮਾਰ ਦੇ ਹੱਕ 'ਚ ਮੀਟਿੰਗ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਬਹੁਜਨ ਸਮਾਜ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਦੇ ਉਮੀਦਵਾਰ ਬਲਵਿੰਦਰ ਕੁਮਾਰ ਦੇ ਹੱਕ ਵਿੱਚ ਪਿੰਡ ਪੰਡੋਰੀ ਜਗੀਰ ਭਰਮੀ ਮੀਟਿੰਗ ਕੀਤੀ ਮੀਟਿੰਗ ਵਿੱਚ ਪਹੁੰਚੇ ਆਗੂਆਂ ਆਪਣੇ ਆਪਣੇ ਵਿਚਾਰ ਰੱਖੇ ਹਾਥੀ ਦੇ ਨਿਸ਼ਾਨ 'ਤੇ ਮੋਹਰ ਲਾ ਕੇ ਬਲਵਿੰਦਰ ਕੁਮਾਰ ਨੂੰ ਜਿਤਾਓ ਇਸ ਮੀਟਿੰਗ ਵਿੱਚ ਪਹੁੰਚੇ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਜਗਦੀਸ਼ ਸ਼ੇਰ ਪੂਰੀ ਵਿਧਾਨ ਸਭਾ ਹਲਕਾ ਨਕੋਦਰ ਦੇ ਇੰਚਾਰਜ ਦੇਵ ਰਾਜ ਸੁਮਨ ਅਤੇ ਸਰਪੰਚ ਕਸ਼ਮੀਰੀ ਲਾਲ ਪੰਡੋਰੀ ਜਗੀਰ ਦੇ ਬਸਪਾ ਦੇ ਪ੍ਰਧਾਨ ਸੋਨੂੰ ਕਲੇਰ ਰਜਿੰਦਰ ਕੁਮਾਰ ਸੁਮਨ, ਰਵੀ ਸੁਮਨ, ਪ੍ਰੇਮਜੀਤ, ਗੁਰਮੇਲ ਠੇਕੇਦਾਰ, ਸੋਨੂੰ ਸੁਮਨ, ਮੋਹਨ ਲਾਲ, ਬਲਵੀਰ ਕਲੇਰ, ਨਰੇਸ਼ ਕਲੇਰ, ਸਾਗਰ ਸੁਮਣਨ, ਸਨੀ ਚੰਦਰ, ਯੋਗਰਾਜ ਸੁਮਨ ਆਦਿ ਬਸਪਾ ਮੈਂਬਰ ਹਾਜ਼ਰ ਸਨ ਅਤੇ ਆਏ ਹੋਏ ਆਗੂਆਂ ਤੇ ਪੰਡੋਰੀ ਵਾਸਿਆ ਦਾ ਰਵੀ ਸੁਮਨ ਨੇ ਧੰਨਵਾਦ ਕੀਤਾ।



# ਅਜਨੋਹਾ ਵਿਖੇ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਹੱਕ 'ਚ ਚੋਣ ਪ੍ਰਚਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਅਜਨੋਹਾ ਵਿਖੇ ਆਪ ਦੇ ਉਮੀਦਵਾਰ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਵਰਕਰਾਂ ਵੱਲੋਂ ਵੋਟਰਾਂ ਨੂੰ 1 ਜੂਨ ਝਾੜੂ ਦੇ ਨਿਸ਼ਾਨ 'ਤੇ ਵੋਟ ਪਾਉਣ ਲਈ ਅਪੀਲ ਕੀਤੀ।ਇਸ ਮੌਕੇ ਨੰਬਰਦਾਰ ਜਸਕਰਨ ਸਿੰਘ ਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿੱਚ ਵੱਖ ਵੱਖ ਪਿੰਡਾਂ ਦਾ ਤੂਫਾਨੀ ਦੌਰਾ ਕਰਕੇ ਵੋਟਰਾਂ ਨੂੰ ਲਾਮ ਬੰਦ ਕੀਤਾ।ਇਸ ਮੌਕੇ ਨੰਬਰਦਾਰ ਜਸਕਰਨ ਸਿੰਘ ਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਬਹੁਤ ਹੀ ਜਿਆਦਾ ਸਹੂਲਤਾਂ ਦਿੱਤੀਆਂ ਹਨ।ਉਨ੍ਹਾਂ ਦੱਸਿਆ ਕਿ 90% ਲੋਕਾਂ ਦੇ ਬਿਜਲੀ ਦੇ ਬਿੱਲ ਜੀਰੋ ਆਉਂਦਾ ਹੈ।ਇਸ ਮੌਕੇ ਜਸਕਰਨ ਸਿੰਘ ਅਜਨੋਹਾ ਦੱਸਿਆ ਕਿ ਲੋਕ ਸਭਾ ਹੁਸ਼ਿਆਰਪੁਰ ਦੇ ਵੱਖ-ਵੱਖ ਇਲਾਕਿਆਂ ਵਿੱਚ ਡਾਕਟਰ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ 2024 ਹਾਜ਼ਰ ਸਨ।ਇਸ ਮੌਕੇ ਨੰਬਰਦਾਰ ਜਸਕਰਨ ਸਿੰਘ ਪੰਚ, ਭੁਪਿੰਦਰ ਸਿੰਘ, ਜੋਗਾ ਸਿੰਘ, ਓਂਕਾਰ ਸਿੰਘ, ਸਰਬਜੀਤ ਸਿੰਘ, ਲਖਵਿੰਦਰ ਸਿੰਘ, ਹਰਜੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਨਿਰਮਲ ਸਿੰਘ, ਰਤਨ ਸਿੰਘ, ਰਣਜੋਤ ਸਿੰਘ, ਸੁਰਜੀਤ ਸਿੰਘ, ਗੁਰਮੀਤ ਸਿੰਘ, ਹਰਭਜਨ ਸਿੰਘ, ਮਨਪ੍ਰੀਤ ਸਿੰਘ ਜਿੰਦਰ ਸਿੰਘ ਕਸ਼ਮੀਰ ਸਿੰਘ, ਹੈਪੀ ਸਟੂਡੀਓ, ਇੰਦਰਜੀਤ ਸਿੰਘ, ਰਵੀ, ਅਮਨਜੋਤ, ਰਾਜ ਕੁਮਾਰ, ਦਿਲਵਾਰਾ, ਸੱਤਾ, ਸਤਨਾਮ ਸਿੰਘ, ਬਲਦੇਵ ਸਿੰਘ, ਰਸਪਾਲ ਸਿੰਘ, ਸਾਹਿਲ ਬੱਧਨ ਹਾਜ਼ਰ ਸਨ।

# 30 ਨੂੰ ਰਾਹੁਲ ਗਾਂਧੀ ਖਟਕੜ ਕਲਾਂ ਵਿਖੇ ਰੈਲੀ ਨੂੰ ਸੰਬੋਧਨ ਕਰਨਗੇ : ਸੂੰਢ



**ਬੰਗਾ (ਅਵਤਾਰ ਕਲੇਰ)** ਪੰਜਾਬ 'ਚ 1 ਜੂਨ ਨੂੰ ਚੋਣਾਂ ਹੋ ਰਹੀਆਂ ਹਨ।ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਦੀ ਚੋਣ ਮੁਹਿੰਮ ਨੂੰ ਤੇਜ ਕਰਨ ਲਈ ਕਾਂਗਰਸ ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ 30 ਮਈ ਨੂੰ ਖਟਕੜ ਕਲਾਂ ਆਉਣਗੇ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਨੇ ਦੱਸਿਆ ਕਿ ਖਟਕੜ ਕਲਾਂ ਦੀ ਰੈਲੀ ਦੀ ਤਿਆਰੀ ਦੇ ਸੰਬੰਧ 'ਚ ਖਟਕੜ ਕਲਾਂ ਵਿਖੇ ਮੀਟਿੰਗ ਹੋਈ।ਉਹਨਾਂ ਦੱਸਿਆ ਕਿ ਰਾਹੁਲ ਗਾਂਧੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਘਰ ਖਟਕੜ ਕਲਾਂ ਵਿਖੇ ਨਤਮਸਤਕ ਹੋਣ ਉਪਰੰਤ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਨਗੇ।ਉਹਨਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਤੰਗ ਆ ਚੁੱਕੇ ਹਨ।ਇਹ ਸਰਕਾਰ ਕਾਰਪੋਰੇਟ ਘਰਾਨਿਆਂ ਦੀ ਸਰਕਾਰ ਹੈ।ਜੇ ਭਾਜਪਾ ਸਰਕਾਰ ਤੀਸਰੀ ਵਾਰੀ ਸੱਤਾ 'ਚ ਅਉਂਦੀ ਹੈ ਤਾਂ ਇਹ ਰਿਜ਼ਰਵੇਸ਼ਨ ਖ਼ਤਮ ਕਰ ਦੇਣਗੇ ਅਤੇ ਸੰਵਿਧਾਨ ਨੂੰ ਖਤਮ ਕਰ ਦੇਣਗੇ।ਸੰਵਿਧਾਨ ਬਚਾਉਣ ਲਈ ਆਪਸੀ ਭਾਈਚਾਰਾ ਕਾਇਮ ਰੱਖਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਨੂੰ ਜਤਾਓ।ਉਹਨਾਂ ਲੋਕਾਂ ਨੂੰ ਵੱਧ ਤੋਂ ਵੱਧ ਖਟਕੜ ਕਲਾਂ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਚੌਧਰੀ ਤਰਲੋਚਨ ਸਿੰਘ ਸੂੰਢ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਜਿੰਦਰ ਸ਼ਰਮਾ ਕੁਲਥਮ, ਕੁਲਵਰਨ ਸਿੰਘ ਥਾਂਦੀਆ, ਹਰਭਜਨ ਸਿੰਘ ਭਰੋਲੀ,ਰਜਿੰਦਰ ਸਿੰਘ ਢੋਟ, ਅਮਰਜੀਤ ਕਲਸੀ, ਜੋਗਾ ਸਿੰਘ ਕੰਗਰੋੜ, ਪੁਸ਼ਪਿੰਦਰ ਸ਼ਰਮਾ, ਸੁਖਦੇਵ ਸਿੰਘ ਚੇਤਾ, ਬਲਵੰਤ ਸਿੰਘ, ਰਾਕੇਸ਼ ਕੁਮਾਰ,ਸੋਖੀ ਰਾਮ ਬਿੰਜੋਂ, ਨਿਰਮਲਜੀਤ ਸਿੰਘ,ਡਾ ਅਮਰੀਕ ਸਿੰਘ ਸੋਢੀ, ਨਰਿੰਦਰ ਸਿੰਘ, ਯੁਧਵੀਰ ਸਿੰਘ, ਰਣਜੀਤ ਸਿੰਘ, ਗੁਰਦੇਵ ਸਿੰਘ,ਝਲਮਣ ਸਿੰਘ ਗਰਚਾ, ਲੈਂਬਰ ਰਾਮ, ਗਿਆਨ ਚੰਦ ਬੰਗਾ, ਰਘਬੀਰ ਸਿੰਘ ਬਿੱਲਾ,ਜਸਵਿੰਦਰ ਮੱਟੂ, ਜਸਵੀਰ ਸੰਧਵਾਂ,ਜੀ ਐਸ ਭੁੱਲਰ, ਅਕਸ਼ੇ ਭਨੋਟ, ਜੋਗਿੰਦਰ ਸਿੰਘ, ਰਾਮ ਦਾਸ ਸਿੰਘ, ਰਸ਼ਪਾਲ ਕੌਰ, ਕੀਮਤੀ ਸੱਦੀ, ਪਰਮਜੀਤ ਝਿੱਕਾ ਆਦਿ ਹਾਜ਼ਰ ਸਨ।